PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611 | 06 ਫਰਵਰੀ ਤੋਂ 12 ਫਰਵਰੀ, 2025 | Email :- editor@punjabstar.com, Vo. 20. Issue:1171


# ਅਮਰੀਕਾ ਤੋਂ ਡਿਪੋਰਟ ਹੋਏ 104 ਭਾਰਤੀਆਂ ਦੀ ਵਤਨ ਵਾਪਸੀ


## –ਅਮਰੀਕਾ 'ਚ ਰਹਿ ਰਹੇ 18000 ਗੈਰ ਕਾਨੂੰਨੀ ਪ੍ਰਵਾਸੀਆਂ 'ਤੇ ਵੀ ਲਟਕੀ ਤਲਵਾਰ

(ਪੰਜਾਬ ਸਟਾਰ ਬਿਊਰੋ)

ਅੰਮ੍ਰਿਤਸਰ: ਅਮਰੀਕਾ ਦੇ ਨਵੇਂ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਗ਼ੈਰ-ਕਾਨੂੰਨੀ ਪ੍ਰਵਾਸੀਆਂ ਖ਼ਿਲਾਫ ਸਖ਼ਤ ਸਮੂਹਿਕ ਦੇਸ਼ ਨਿਕਾਲੇ ਦੀ ਮੁਹਿੰਮ ਤਹਿਤ ਇਕ ਅਮਰੀਕੀ ਫੌਜੀ ਸੀ-17 ਜਹਾਜ਼ 205 ਗ਼ੈਰ-ਕਾਨੂੰਨੀ ਪ੍ਰਵਾਸੀ ਭਾਰਤੀਆਂ ਨੂੰ ਲੈ ਕੇ ਅੰਮ੍ਰਿਤਸਰ ਕੌਮਾਂਤਰੀ ਹਵਾਈ ਅੱਡੇ 'ਤੇ ਪਹੁੰਚ ਚੁੱਕਿਆ ਹੈ। ਸੂਤਰਾਂ ਮੁਤਾਬਕ ਇਨ੍ਹਾਂ ਵਿਚੋਂ ਕ੍ਰਿਮੀਨਲ ਰਿਕਾਰਡ ਵਾਲੇ ਲੋਕਾਂ ਨੂੰ ਏਅਰਪੋਰਟ 'ਤੇ ਹੀ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ। ਪਹਿਲਾਂ ਇਹ ਜਹਾਜ਼ ਦਿੱਲੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਉਤਰਨਾ ਸੀ।

ਵਾਪਸ ਲਿਆਂਦੇ ਗਏ 205 ਭਾਰਤੀਆਂ ਵਿਚੋਂ 104 ਦੀ ਲਿਸਟ ਸਾਹਮਣੇ ਆਈ ਹੈ, ਜਿਨ੍ਹਾਂ ਵਿਚੋਂ 30 ਪੰਜਾਬ ਤੋਂ ਹਨ, 2 ਚੰਡੀਗੜ੍ਹ ਤੋਂ, ਜਦਕਿ 33 ਹਰਿਆਣਾ ਦੇ ਰਹਿਣ ਵਾਲੇ ਹਨ। ਇਸ ਤੋਂ ਇਲਾਵਾ 33 ਗੁਜਰਾਤ ਤੋਂ, 3 ਉੱਤਰ ਪ੍ਰਦੇਸ਼ ਅਤੇ 3 ਮਹਾਰਾਸ਼ਟਰ ਤੋਂ ਹਨ। ਸੂਤਰਾਂ ਮੁਤਾਬਕ ਇਨ੍ਹਾਂ ਵਿਚ 13 ਨਾਬਾਲਗ ਵੀ ਸ਼ਾਮਲ ਹਨ, ਜੋ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਗਏ ਸਨ।

ਪੰਜਾਬ ਨਾਲ ਸਬੰਧਤ ਹਨ, ਜਿਨ੍ਹਾਂ 'ਚੋਂ 4 ਲੋਕ ਜਲੰਧਰ ਨਾਲ ਸਬੰਧਤ ਦੱਸੇ ਜਾ ਰਹੇ ਹਨ। ਇਸ ਦੇ ਨਾਲ ਹੀ ਭੁਲੱਥ, ਕਪੂਰਥਲਾ, ਪਟਿਆਲਾ, ਅੰਮ੍ਰਿਤਸਰ, ਜਗਰਾਓਂ ਤੇ ਹੋਰ ਇਲਾਕਿਆਂ ਦੇ ਲੋਕ ਵੀ ਜਹਾਜ਼ ਵਿਚ ਸ਼ਾਮਲ ਹਨ। ਇਨ੍ਹਾਂ ਵਿਚ ਤਿੰਨ ਕੁੜੀਆਂ ਵੀ ਸ਼ਾਮਲ ਹਨ। ਇਹ ਤਿੰਨੋ ਅੰਮ੍ਰਿਤਸਰ, ਜਗਰਾਓਂ ਅਤੇ ਭੁਲੱਥ ਨਾਲ ਸਬੰਧਤ ਹਨ। ਖ਼ਾਸ ਗੱਲ ਇਹ ਹੈ ਕਿ ਇਨ੍ਹਾਂ ਤਿੰਨਾਂ ਦੀ ਉਮਰ ਹੀ 30 ਸਾਲ ਤੋਂ ਘੱਟ ਹੈ। ਭੁਲੱਥ ਦਾ ਹੀ 10 ਸਾਲ ਦਾ ਬੱਚਾ ਵੀ ਸ਼ਾਮਲ ਹੈ। ਇਸ ਦੇ ਨਾਲ ਹੀ ਕਪੂਰਥਲਾ ਦੇ 6, ਅੰਮ੍ਰਿਤਸਰ 5, ਜਲੰਧਰ ਤੇ ਪਟਿਆਲਾ ਦੇ 4-4 ਤੇ ਹੁਸ਼ਿਆਰਪੁਰ ਦੇ 2 ਲੋਕ ਸ਼ਾਮਲ ਹਨ।



ਪੰਜਾਬ ਪੁਲਿਸ ਨੇ ਅਪਰਾਧਿਕ ਪਿਛੋਕੜ ਵਾਲੇ ਕਰੀਬ 100 ਲੋੜੀਂਦੇ ਅਪਰਾਧੀਆਂ ਦੀ ਸੂਚੀ ਤਿਆਰ ਕੀਤੀ ਹੈ, ਜਿਨ੍ਹਾਂ ਵਿਚੋਂ 20 ਜਣਿਆਂ ਦੇ ਅਮਰੀਕਾ ਵਿਚ ਲੁਕੇ ਹੋਣ ਦਾ ਖ਼ਦਸ਼ਾ ਹੈ। ਪੰਜਾਬ ਪੁਲਿਸ ਨੇ ਇਹ ਦਾਅਵਾ ਅਜਿਹੇ ਮੌਕੇ ਕੀਤਾ ਹੈ, ਜਦੋਂ ਗੈਰਕਾਨੂੰਨੀ ਭਾਰਤੀ ਪ੍ਰਵਾਸੀਆਂ ਨੂੰ ਲੈ ਕੇ ਅਮਰੀਕੀ ਫੌਜੀ ਮਾਲਵਾਹਕ ਜਹਾਜ਼ ਭਾਰਤ ਪਹੁੰਚਿਆ ਹੈ। ਪੰਜਾਬ ਪੁਲਿਸ ਕੋਲ ਹਾਲਾਂਕਿ ਵਾਪਸ ਭਾਰਤ ਭੇਜੇ ਗਏ ਗ਼ੈਰਕਾਨੂੰਨੀ ਪ੍ਰਵਾਸੀਆਂ ਦੀ ਪਛਾਣ ਬਾਰੇ ਕੋਈ ਜਾਣਕਾਰੀ ਨਹੀਂ ਹੈ। ਪੁਲਿਸ ਪ੍ਰਵਾਸੀਆਂ ਦੀ ਪਛਾਣ ਅਤੇ ਡਿਪੋਰਟੇਸ਼ਨ ਦੀ ਪ੍ਰਕਿਰਿਆ ਦੇ ਸਬੰਧ ਵਿਚ ਵਿਦੇਸ਼ ਤੇ ਗ੍ਰਹਿ ਮੰਤਰਾਲਿਆਂ ਦੇ ਨਾਲ ਕੌਮੀ ਜਾਂਚ ਏਜੰਸੀ (ਐੱਨ.ਆਈ.ਏ.) ਦੇ ਸੰਪਰਕ ਵਿਚ ਹੈ।


ਅਮਰੀਕੀ ਦੂਤਾਵਾਸ ਦੇ ਬੁਲਾਰੇ ਨੇ ਕਿਹਾ ਕਿ ਇਹ ਘਟਨਾ ਇੱਕ ਸਪੱਸ਼ਟ ਸੰਦੇਸ਼ ਦਿੰਦੀ ਹੈ ਕਿ ਅਮਰੀਕਾ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨਾਲ ਕੋਈ ਜ਼ੋਖਮ ਨਹੀਂ ਲੈਣ ਵਾਲਾ। ਉਨ੍ਹਾਂ ਕਿਹਾ, "ਮੈਨੂੰ ਭਾਰਤ ਭੇਜੇ ਜਾਣ ਵਾਲੇ ਜਹਾਜ਼ ਦੀਆਂ ਰਿਪੋਰਟਾਂ 'ਤੇ ਕਈ ਪੁੱਛਗਿੱਛਾਂ ਮਿਲੀਆਂ ਹਨ। ਮੈਂ ਉਨ੍ਹਾਂ ਦੀਆਂ ਪੁੱਛਗਿੱਛਾਂ 'ਤੇ ਕੋਈ ਵੇਰਵਾ ਸਾਂਝਾ ਨਹੀਂ ਕਰ ਸਕਦਾ, ਪਰ ਮੈਂ ਰਿਕਾਰਡ 'ਤੇ ਇਹ ਸਾਂਝਾ ਕਰ ਸਕਦਾ ਹਾਂ ਕਿ ਅਮਰੀਕਾ ਆਪਣੀ ਸਰਹੱਦ, ਇਮੀਗ੍ਰੇਸ਼ਨ ਅਤੇ ਹੋਰ ਏਜੰਸੀਆਂ ਦੀ ਸਖ਼ਤੀ ਨਾਲ ਰੱਖਿਆ ਕਰ ਰਿਹਾ ਹੈ।"

ਇਕ ਰਿਪੋਰਟ ਅਨੁਸਾਰ, ਅਮਰੀਕਾ ਵਿਚ 18000 ਤੋਂ ਵੱਧ ਭਾਰਤੀ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਹਨ। ਅਜਿਹੇ ਭਾਰਤੀਆਂ ਦੇ ਵੀਜ਼ੇ ਜਾਂ ਤਾਂ ਖਤਮ ਹੋ ਗਏ ਹਨ ਜਾਂ ਉਹ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੋਏ ਹਨ। ਇਹ ਡਰ ਹੈ ਕਿ ਅਮਰੀਕਾ ਭਵਿੱਖ ਵਿਚ ਹੋਰ ਬਹੁਤ ਸਾਰੇ ਭਾਰਤੀਆਂ ਨੂੰ ਵਾਪਸ ਭੇਜਣ ਵਾਲਾ ਹੈ। ਅਮਰੀਕਾ ਵਿਚ ਜਿਨ੍ਹਾਂ ਭਾਰਤੀਆਂ ਦੇ ਸਿਰ 'ਤੇ ਡਿਪੋਰਟੇਸ਼ਨ ਦੀ ਤਲਵਾਰ ਲਟਕ ਰਹੀ ਹੈ, ਉਨ੍ਹਾਂ ਵਿਚੋਂ ਬਹੁਤੇ 'ਡੰਕੀ ਰੂਟ' ਰਾਹੀਂ ਜਾਂ ਗੈਰਕਾਨੂੰਨੀ ਤਰੀਕੇ ਨਾਲ ਲੱਖਾਂ ਰੁਪਏ ਖਰਚ ਕੇ ਅਮਰੀਕਾ ਦਾਖ਼ਲ ਹੋਏ ਸਨ।

ਦੱਸ ਦੇਈਏ ਕਿ ਟਰੰਪ ਨੇ ਪਿਛਲੇ ਮਹੀਨੇ ਪੱਤਰਕਾਰਾਂ ਨੂੰ ਕਿਹਾ ਸੀ, "ਇਤਿਹਾਸ ਵਿਚ ਪਹਿਲੀ ਵਾਰ, ਅਸੀਂ ਗੈਰ-ਕਾਨੂੰਨੀ ਵਿਦੇਸ਼ੀਆਂ ਦਾ ਪਤਾ ਲਗਾ ਰਹੇ ਹਾਂ ਅਤੇ ਉਨ੍ਹਾਂ ਨੂੰ ਫੌਜੀ ਜਹਾਜ਼ਾਂ ਵਿਚ ਉਨ੍ਹਾਂ ਦੇ ਦੇਸ਼ ਵਾਪਸ ਭੇਜ ਰਹੇ ਹਾਂ।" ਭਾਰਤ ਨੇ ਕਿਹਾ ਹੈ ਕਿ ਉਹ ਇਸ ਮੁੱਦੇ 'ਤੇ ਅਮਰੀਕੀ ਪ੍ਰਸ਼ਾਸਨ ਦੀ ਮਦਦ ਕਰੇਗਾ। ਹਾਲ ਹੀ ਵਿਚ, ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਕਿਹਾ ਸੀ ਕਿ ਭਾਰਤ ਇਸ ਮਾਮਲੇ ਵਿਚ ਅਮਰੀਕਾ ਦੀ ਮਦਦ ਕਰਨ ਲਈ ਤਿਆਰ ਹੈ।

* ਬਾਕੀ ਸਫਾ 2 'ਤੇ

# ਸਵੀਡਨ ਦੇ ਸਕੂਲ 'ਚ ਗੋਲੀਬਾਰੀ, 10 ਦੀ ਹੋਈ ਮੌਤ



(ਪੰਜਾਬ ਸਟਾਰ ਬਿਊਰੋ)

ਸਵੀਡਨ ਦੇ ਸਕੂਲ ਵਿੱਚ ਮੰਗਲਵਾਰ ਨੂੰ ਹੋਈ ਗੋਲੀਬਾਰੀ ਵਿੱਚ 10 ਲੋਕਾਂ ਦੀ ਮੌਤ ਹੋ ਗਈ। ਹਮਲੇ 'ਚ ਇਕ ਵਿਅਕਤੀ ਗੰਭੀਰ ਰੂਪ 'ਚ ਜ਼ਖ਼ਮੀ ਹੈ। ਸਥਾਨਕ ਅਖ਼ਬਾਰ ਸਵੀਡਿਸ਼ ਹੇਰਾਲਡ ਮੁਤਾਬਕ ਗੋਲੀਬਾਰੀ ਰਾਜਧਾਨੀ ਸਟਾਕਹੋਮ ਤੋਂ 200 ਕਿਲੋਮੀਟਰ ਪੱਛਮ ਵਿਚ ਓਰੇਬਰੋ ਸ਼ਹਿਰ ਦੇ ਰਿਸਬਰਗਸਕਾ ਸਕੂਲ * ਬਾਕੀ ਸਫਾ 2 'ਤੇ

# ਕੈਨੇਡਾ 'ਚ ਪੰਜਾਬੀ ਗਾਇਕ ਪ੍ਰੇਮ ਢਿੱਲੋਂ ਦੇ ਘਰ ਦੇ ਬਾਹਰ ਗੋਲੀਬਾਰੀ



(ਪੰਜਾਬ ਸਟਾਰ ਬਿਊਰੋ)

ਕੈਨੇਡਾ ਵਿਚ ਪੰਜਾਬੀ ਗਾਇਕ ਪ੍ਰੇਮ ਢਿੱਲੋਂ ਦੇ ਘਰ ਦੇ ਬਾਹਰ ਗੋਲੀਬਾਰੀ ਦੀ ਘਟਨਾ ਸਾਹਮਣੇ ਆਈ ਹੈ। ਇਹ ਹਮਲਾ 4 ਫਰਵਰੀ 2025 ਨੂੰ ਵੈਨਕੂਵਰ ਦੇ ਇਲਾਕੇ ਵਿੱਚ ਹੋਇਆ, ਜਿਸ ਵਿੱਚ ਗੁਰਜੰਟ ਜੰਟਾ ਗੈਂਗ ਨੇ ਇਸ ਦੀ ਜ਼ਿੰਮੇਵਾਰੀ ਲਈ ਹੈ।

ਹਮਲੇ ਦੀ ਜਾਣਕਾਰੀ: ਸਥਾਨ: ਪ੍ਰੇਮ ਢਿੱਲੋਂ ਦਾ ਘਰ, ਵੈਨਕੂਵਰ, ਕੈਨੇਡਾ, ਤਾਰੀਖ: 4 ਫਰਵਰੀ 2025, ਜ਼ਿੰਮੇਵਾਰੀ: ਗੁਰਜੰਟ * ਬਾਕੀ ਸਫਾ 2 'ਤੇ

# ਅਮਰੀਕੀ ਜਹਾਜ਼ ਹਾਦਸੇ ਦੇ 67 ਪੀੜਤਾਂ ਵਿੱਚੋਂ 55 ਦੇ ਮਿਲੇ ਅਵਸ਼ੇਸ਼



ਵਾਸ਼ਿੰਗਟਨ (ਪੰਜਾਬ ਸਟਾਰ ਬਿਊਰੋ): ਅਮਰੀਕਾ ਵਿੱਚ ਹੁਣ ਤੱਕ ਦੇ ਸਭ ਤੋਂ ਘਾਤਕ ਜਹਾਜ਼ ਹਾਦਸੇ ਵਿੱਚ ਮਾਰੇ ਗਏ 67 ਲੋਕਾਂ ਵਿੱਚੋਂ 55 ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ। ਦਰਅਸਲ, ਵਾਸ਼ਿੰਗਟਨ ਡੀਸੀ ਨੇੜੇ ਰੀਗਨ ਨੈਸ਼ਨਲ ਏਅਰਪੋਰਟ ਦੇ ਕੋਲ ਪੋਟੋਮੈਕ ਨਦੀ ਦੇ ਕੋਲ ਬੁੱਧਵਾਰ ਨੂੰ ਇੱਕ ਵੱਡਾ ਹਾਦਸਾ ਵਾਪਰਿਆ ਸੀ। ਇਹ ਹਾਦਸਾ 2001 ਤੋਂ ਬਾਅਦ ਅਮਰੀਕਾ ਵਿੱਚ ਹੋਏ ਸਭ ਤੋਂ ਘਾਤਕ ਹਵਾਈ ਹਾਦਸੇ ਵਿੱਚ ਵੀ ਸ਼ਾਮਿਲ ਹੈ।

ਵਾਸ਼ਿੰਗਟਨ, ਡੀਸੀ ਫਾਇਰ ਐਂਡ ਐਮਰਜੈਂਸੀ ਮੈਡੀਕਲ ਸਰਵਿਸਿਜ਼ (ਈਐਮਐਸ) ਦੇ ਮੁਖੀ ਜੌਨ ਡੋਨਲੀ ਨੇ ਕਿਹਾ ਕਿ ਗੋਤਾਖੋਰ ਅਜੇ ਵੀ ਹਾਦਸੇ ਵਿੱਚ ਮਾਰੇ ਗਏ 12 ਪੀੜਤਾਂ ਦੀਆਂ ਲਾਸ਼ਾਂ ਦੀ ਭਾਲ ਕਰ ਰਹੇ ਹਨ। ਬਚਾਅ * ਬਾਕੀ ਸਫਾ 2 'ਤੇ

# ਟਰੰਪ ਦੀ ਸਿੱਧੀ ਧਮਕੀ

## ਮੇਰੇ ਕਤਲ ਦੀ ਕੋਸ਼ਿਸ਼ ਕੀਤੀ ਤਾਂ ਪੂਰਾ ਈਰਾਨ ਹੋ ਜਾਵੇਗਾ ਤਬਾਹ



(ਪੰਜਾਬ ਸਟਾਰ ਬਿਊਰੋ)

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਨੂੰ ਖੁੱਲ੍ਹੀ ਧਮਕੀ ਦਿਤੀ ਹੈ। ਟਰੰਪ ਨੇ ਕਿਹਾ ਕਿ ਜੇਕਰ ਈਰਾਨ ਨੇ ਉਨ੍ਹਾਂ ਦੇ ਕਤਲ ਦੀ ਕੋਸ਼ਿਸ਼ ਕੀਤੀ ਤਾਂ ਉਹ ਪੂਰੇ ਦੇਸ਼ ਨੂੰ ਤਬਾਹ ਕਰ ਦੇਣਗੇ। ਨਾਲ ਹੀ ਕਿਹਾ ਕਿ ਉਨ੍ਹਾਂ ਨੇ ਅਪਣੇ ਸਲਾਹਕਾਰਾਂ ਨੂੰ ਕਾਰਵਾਈ ਕਰਨ ਦੇ ਨਿਰਦੇਸ਼ ਦੇ ਦਿਤੇ ਹਨ। ਮੰਗਲਵਾਰ ਨੂੰ ਅਮਰੀਕਾ ਨੇ ਸੰਕੇਤ ਦਿਤੇ ਹਨ ਕਿ ਉਹ ਪ੍ਰਮਾਣੂ ਹਥਿਆਰ ਤਿਆਰ ਕਰਨ ਦੇ ਦੋਸ਼ਾਂ ਨੂੰ ਲੈ ਕੇ ਈਰਾਨ 'ਤੇ ਦਬਾਅ ਬਣਾਉਣ ਦੀ ਨੀਤੀ ਨੂੰ ਲਾਗੂ ਕਰਨ ਦੀ ਯੋਜਨਾ ਬਣਾ ਰਿਹਾ ਹੈ।

ਟਰੰਪ ਨੇ ਤਹਿਰਾਨ 'ਤੇ ਵੱਧ ਤੋਂ ਵੱਧ ਦਬਾਅ ਬਣਾਉਣ ਲਈ ਇਕ ਆਦੇਸ਼ 'ਤੇ ਦਸਤਖ਼ਤ ਕੀਤੇ ਹਨ। ਉਨ੍ਹਾਂ ਕਿਹਾ, "ਜੇ ਉਹ ਅਜਿਹਾ ਕਰਦੇ ਹਨ, ਤਾਂ ਉਹ ਪੂਰੀ ਤਰ੍ਹਾਂ ਤਬਾਹ ਹੋ ਜਾਣਗੇ ...। ਕੁੱਝ ਵੀ ਨਹੀਂ ਬਚੇਗਾ।" ਦਸਿਆ ਜਾ ਰਿਹਾ ਹੈ ਕਿ ਸਾਲ 2020 'ਚ ਟਰੰਪ ਨੇ ਸਟ੍ਰਾਈਕ ਦੇ ਨਿਰਦੇਸ਼ ਦਿਤੇ ਸਨ, ਜਿਸ 'ਚ ਈਰਾਨ ਦੇ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰਪਸ ਦੇ ਨੇਤਾ ਕਾਸਿਮ ਸੁਲੇਮਾਨੀ ਦੀ ਮੌਤ ਹੋ ਗਈ ਸੀ। ਅਧਿਕਾਰੀ ਲੰਮੇ ਸਮੇਂ ਤੋਂ ਟਰੰਪ ਅਤੇ ਹੋਰਾਂ ਵਿਰੁਧ ਈਰਾਨ ਦੀਆਂ ਧਮਕੀਆਂ 'ਤੇ ਨਜ਼ਰ ਰੱਖ ਰਹੇ ਹਨ।

ਪੈਨਸਿਲਵੇਨੀਆ 'ਚ ਰੈਲੀ ਤੋਂ ਪਹਿਲਾਂ ਈਰਾਨ ਦੀ ਧਮਕੀ ਕਾਰਨ ਟਰੰਪ ਦੀ ਸੁਰੱਖਿਆ ਵਧਾ ਦਿਤੀ ਗਈ ਸੀ। * ਬਾਕੀ ਸਫਾ 2 'ਤੇ

# 40 ਹਜ਼ਾਰ ਅਮਰੀਕੀ ਸਰਕਾਰੀ ਕਰਮਚਾਰੀ ਰਿਟਾਇਰਮੈਂਟ ਪੈਕੇਜ ਨਾਲ ਅਸਤੀਫ਼ਾ ਦੇਣ ਲਈ ਤਿਆਰ: ਰਿਪੋਰਟ

(ਪੰਜਾਬ ਸਟਾਰ ਬਿਊਰੋ)

ਅਮਰੀਕਾ ਦੇ ਘੱਟੋ-ਘੱਟ 40,000 ਸਰਕਾਰੀ ਕਰਮਚਾਰੀ ਅੱਠ ਮਹੀਨਿਆਂ ਦੇ ਰਿਟਾਇਰਮੈਂਟ ਪੈਕੇਜ ਨਾਲ ਅਸਤੀਫ਼ਾ ਦੇਣ ਲਈ ਸਹਿਮਤ ਹੋ ਗਏ ਹਨ। ਇਹ ਜਾਣਕਾਰੀ ਵੀਰਵਾਰ ਨੂੰ ਸੀਐਨਐਨ ਬ੍ਰਾਡਕਾਸਟਰ ਨੇ ਮਾਮਲੇ ਤੋਂ ਜਾਣੂ ਇਕ ਸਰਕਾਰੀ ਅਧਿਕਾਰੀ ਦੇ ਹਵਾਲੇ ਨਾਲ ਦਿਤੀ। ਐਨਬੀਸੀ ਨਿਊਜ਼ ਬ੍ਰਾਡਕਾਸਟਰ ਨੇ ਜਨਵਰੀ ਦੇ ਆਖ਼ਰ 'ਚ ਦਸਿਆ ਸੀ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੇ ਉਨ੍ਹਾਂ ਸਰਕਾਰੀ ਕਰਮਚਾਰੀਆਂ ਨੂੰ ਅੱਠ ਮਹੀਨਿਆਂ ਰਿਟਾਇਰਮੈਂਟ ਪੈਕੇਜ ਦੀ ਪੇਸ਼ਕਸ਼ ਕੀਤੀ ਸੀ, * ਬਾਕੀ ਸਫਾ 2 'ਤੇ

# ਟਰੰਪ ਨੇ USAID ਅਧਿਕਾਰੀਆਂ ਨੂੰ ਛੁੱਟੀ 'ਤੇ ਭੇਜਿਆ

## ਇਹ ਇੱਕ ਅਪਰਾਧਿਕ ਸੰਗਠਨ ਹੈ, ਇਸਨੂੰ ਬੰਦ ਕਰਨ ਦਾ ਸਮਾਂ ਆ ਗਿਆ :ਮਸਕ



ਅਮਰੀਕਾ (ਪੰਜਾਬ ਸਟਾਰ ਬਿਊਰੋ): ਅਮਰੀਕੀ ਏਜੰਸੀ ਫਾਰ ਇੰਟਰਨੈਸ਼ਨਲ ਡਿਵੈਲਪਮੈਂਟ (USAID) ਦੇ ਦੋ ਉੱਚ ਅਧਿਕਾਰੀਆਂ ਸਮੇਤ ਕਈ ਕਰਮਚਾਰੀਆਂ ਨੂੰ ਸ਼ਨੀਵਾਰ ਦੇਰ ਰਾਤ (ਐਤਵਾਰ ਭਾਰਤੀ ਸਮੇਂ ਅਨੁਸਾਰ) ਛੁੱਟੀ 'ਤੇ ਭੇਜ ਦਿੱਤਾ ਗਿਆ। ਇਨ੍ਹਾਂ ਵਿੱਚ ਏਜੰਸੀ ਡਾਇਰੈਕਟਰ ਜੌਨ ਵੂਰਹੀਸ ਅਤੇ ਡਿਪਟੀ ਡਾਇਰੈਕਟਰ ਬ੍ਰਾਇਨ ਮੈਕਗਿਲ ਸ਼ਾਮਲ ਹਨ।

ਮੀਡੀਆ ਰਿਪੋਰਟ ਦੇ ਅਨੁਸਾਰ, ਇਹ ਅਧਿਕਾਰੀ ਐਲੋਨ ਮਸਕ ਦੇ ਸਰਕਾਰੀ ਕੁਸ਼ਲਤਾ ਵਿਭਾਗ (ਡੀਓਜੀਈ) ਦੇ ਕਰਮਚਾਰੀਆਂ ਨੂੰ ਏਜੰਸੀ ਦੇ ਸਿਸਟਮਾਂ ਤੱਕ ਪਹੁੰਚ ਦੇਣ ਤੋਂ ਇਨਕਾਰ ਕਰ ਰਹੇ ਸਨ।

ਕਰਮਚਾਰੀਆਂ ਨੇ USAID ਹੈੱਡਕੁਆਰਟਰ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਨੂੰ ਬਾਹਰ ਰੋਕ ਦਿੱਤਾ ਗਿਆ। ਕਰਮਚਾਰੀਆਂ ਨੇ ਧਮਕੀ ਦਿੱਤੀ ਕਿ ਜੇਕਰ ਉਨ੍ਹਾਂ ਨੂੰ ਸਿਸਟਮ * ਬਾਕੀ ਸਫਾ 2 'ਤੇ

# ਕੈਨੇਡੀਅਨ ਸਮਾਨ 'ਤੇ ਅਮਰੀਕਾ ਵੱਲੋਂ ਟੈਰਿਫ 'ਤੇ 30 ਦਿਨਾਂ ਲਈ ਰੋਕ : ਟਰੂਡੋ



Justin Trudeau
11m

I just had a good call with President Trump. Canada is implementing our $1.3 billion border plan — reinforcing the border with new choppers, technology and personnel, enhanced coordination with our American partners, and increased resources to stop the flow of fentanyl. Nearly 10,000 frontline personnel are and will be working on protecting the border.

In addition, Canada is making new commitments to appoint a Fentanyl Czar, we will list cartels as terrorists, ensure 24/7 eyes on the border, launch a Canada- U.S. Joint Strike Force to combat organized crime, fentanyl and money laundering. I have also signed a new intelligence directive on organized crime and fentanyl and we will be backing it with $200 million.

Proposed tariffs will be paused for at least 30 days while we work together.

ਓਟਾਵਾ (ਬਲਜਿੰਦਰ ਸੇਖਾ): ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਟਰੂਡੋ ਵੱਲੋਂ ਸਰਹੱਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਦੇ ਵਾਅਦੇ ਤੋਂ * ਬਾਕੀ ਸਫਾ 2 'ਤੇ




**ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ**

ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ 905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

**Canada Consumer Credit Assistance** ਕਰਜ਼ਾ ਰਹਿਤ ਜ਼ਿੰਦਗੀ ਜੀਓ



ਕਰਜ਼ੇ ਦੀ ਸਿਰਦਰਦੀ ?
www.MakeMeDebtFree.ca

- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
416-502-3100

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888-864-3131



Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7



**BRAR TAMBER RIGBY**
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

**PERSONAL INJURY**
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents

**FOR ALL YOUR REAL ESTATE NEEDS**



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ

HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

# ਅਮਰੀਕਾ ਤੋਂ ਡਿਪੋਰਟ ਹੋ ਕੇ ਆਏ ਪੰਜਾਬੀਆਂ ਦੇ ਰੂਹ ਕੰਬਾਊ ਖੁਲਾਸੇ

## "ਅੱਖਾਂ ਸਾਹਮਣੇ 2 ਨੌਜਵਾਨਾਂ ਦੀ ਹੋਈ ਮੌਤ"



ਅਮਰੀਕਾ ਤੋਂ ਡਿਪੋਰਟ ਹੋਣ ਤੋਂ ਬਾਅਦ ਪੰਜਾਬ ਦੇ ਕਈ ਨੌਜਵਾਨ ਬੀਤੀ ਰਾਤ ਪੰਜਾਬ ਪਹੁੰਚ ਗਏ। ਇਸ ਦੌਰਾਨ ਟਾਂਡਾ ਦੇ ਦੋ ਨੌਜਵਾਨ ਹਰਵਿੰਦਰ ਸਿੰਘ ਅਤੇ ਸੁਖਪਾਲ ਸਿੰਘ ਦੇਰ ਸ਼ਾਮ ਅੰਮ੍ਰਿਤਸਰ ਤੋਂ ਟਾਂਡਾ ਪਹੁੰਚੇ ਜਿੱਥੇ ਉਹ ਟਾਂਡਾ ਦੇ ਵਿਧਾਇਕ ਜਸਬੀਰ ਸਿੰਘ ਨੂੰ ਮਿਲੇ ਅਤੇ ਫਿਰ ਆਪਣੇ ਘਰਾਂ ਨੂੰ ਚਲੇ ਗਏ।

ਜਾਣਕਾਰੀ ਦਿੰਦੇ ਹੋਏ ਦੋਵਾਂ ਨੌਜਵਾਨਾਂ ਨੇ ਕਿਹਾ ਕਿ ਏਜੰਟਾਂ ਨੇ ਸਾਨੂੰ ਹਨੇਰੇ ਵਿੱਚ ਰੱਖਿਆ। ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਏਜੰਟਾਂ ਦੀਆਂ ਗੱਲਾਂ ਵਿਚ ਨਾ ਆਓ। ਏਜੰਟ ਝੂਠ ਬੋਲ ਕੇ ਬਾਹਰ ਭੇਜਦੇ ਹਨ। ਉਧਰ ਕਿਸੇ ਦੀ ਕੋਈ ਸੁਣਵਾਈ ਨਹੀਂ ਹੁੰਦੀ। ਸੁਖਪਾਲ ਨੇ ਲੋਕਾਂ ਨੂੰ ਹੱਥ ਜੋੜ ਅਪੀਲ ਕਰਦਿਆਂ ਕਿਹਾ ਕਿ ਝੂਠੇ ਏਜੰਟਾਂ ਦੀਆਂ ਗੱਲਾਂ ਵਿਚ ਨਾ ਆਓ ਪੰਜਾਬ ਰਹੋ, ਭਾਵੇਂ ਘੱਟ ਖਾ ਲਓ।

ਸੁਖਪਾਲ ਨੇ ਹੱਡਬੀਤੀ ਸੁਣਾਉਂਦੇ ਹੋਏ ਕਿਹਾ ਕਿ ਰਸਤੇ ਵਿਚ ਡੌਂਕਰ ਸਾਰਾ ਕੁਝ ਖੋਹ ਲੈਂਦੇ ਹਨ। ਉਧਰ ਕਿਸੇ ਦੀ ਕੋਈ ਸੇਫ਼ਟੀ ਨਹੀਂ, ਕੁੱਟਮਾਰ ਕਰਦੇ ਹਨ, ਨਾ ਹੀ ਕੁਝ ਖਾਣ ਨੂੰ ਦਿੰਦੇ ਹਨ। ਉਨ੍ਹਾਂ ਦੱਸਿਆ ਕਿ ਅਮਰੀਕਾ ਦੀ ਸਿੱਧੀ ਫ਼ਲਾਈਟ ਦੱਸ ਕੇ ਅੱਗੇ ਪੈਦਲ ਲੈ ਕੇ ਗਏ।

ਸੁਖਪਾਲ ਨੇ ਖੁਲਾਸੇ ਕਰਦੇ ਹੋਏ ਕਿਹਾ ਕਿ ਡੌਂਕੀ ਵੇਲੇ ਮੇਰੀਆਂ ਅੱਖਾਂ ਸਾਹਮਣੇ ਕਈਆਂ ਦੀ ਮੌਤ ਹੋਈ। ਜੇ ਕਿਸੇ ਦੇ ਸੱਟ ਲੱਗ ਜਾਂਦੀ ਤਾਂ ਉਸ ਨੂੰ ਉਥੇ ਹੀ ਮਰਨ ਵਾਸਤੇ ਛੱਡ ਦਿੰਦੇ ਹਨ। ਸੁਖਪਾਲ ਨੇ ਕਿਹਾ ਕਿ ਹੁਣ ਤਾਂ ਅਸੀਂ 104 ਬੰਦੇ ਡਿਪੋਰਟ ਹੋ ਕੇ ਆਏ ਹਾਂ। ਉਥੇ ਹਜ਼ਾਰਾਂ ਪੰਜਾਬੀ ਮੁੰਡੇ, ਬੱਚੇ, ਪ੍ਰਵਾਰ ਨੇ ਉਹ ਸਾਰੇ ਡਿਪੋਰਟ ਹੀ ਨੇ, ਹੌਲੀ-ਹੌਲੀ ਸਾਰੇ ਹੀ ਆ ਰਹੇ ਹਨ।

ਦੂਜੇ ਪਾਸੇ ਹਰਵਿੰਦਰ ਸਿੰਘ ਨੇ ਗੱਲਬਾਤ ਕਰਦਿਆਂ ਕਿਹਾ ਕਿ ਅਮਰੀਕਾ ਦੀ ਸਿੱਧੀ ਫ਼ਲਾਈਟ ਦੱਸ ਕੇ ਏਜੰਟ ਨੇ ਧੋਖਾ ਕੀਤਾ। ਸਾਨੂੰ ਰਸਤੇ ਵਿਚ ਪੈਦਲ ਲਿਜਾਇਆ ਗਿਆ। ਹਰਵਿੰਦਰ ਸਿੰਘ ਨੇ ਦੱਸਿਆ ਕਿ 42 ਲੱਖ ਲਗਾ ਕੇ ਅਮਰੀਕਾ ਗਿਆ ਸੀ। ਹਰਵਿੰਦਰ ਸਿੰਘ ਨੇ ਦੱਸਿਆ ਕਿ ਏਜੰਟ ਕਿਸੇ ਦੀ ਜ਼ਿੰਦਗੀ ਨਾਲ ਖਿਲਵਾੜ ਨਾ ਕਰਨ ਜੇ ਭੇਜਣਾ ਤਾਂ ਇਕ ਨੰਬਰ ਵਿਚ ਬਾਹਰ ਭੇਜਣ। 2 ਨੰਬਰ ਵਿਚ ਕਿਸੇ ਨੂੰ ਨੀ ਬਾਹਰ ਨਾ ਭੇਜਣ।

ਹਰਵਿੰਦਰ ਸਿੰਘ ਨੇ ਕਿਹਾ ਕਿ ਡੌਂਕੀ ਵੇਲੇ ਮੇਰੀਆਂ ਅੱਖਾਂ ਸਾਹਮਣੇ 2 ਮੁੰਡੇ ਮਰੇ ਗਏ। ਇਕ ਮੁੰਡਾ ਸਮੁੰਦਰ ਵਿਚ ਡੁੱਬ ਗਿਆ ਜਦਕਿ ਦੂਜਾ ਮੁੰਡਾ ਜੰਗਲ ਵਿਚ ਮਰ ਗਿਆ। ਸਮੁੰਦਰ ਦੀ ਡੌਂਕੀ ਲਗਾਉਂਦੇ ਸਮੇਂ ਸਾਡੀ ਕਿਸ਼ਤੀ ਵੀ ਡੁੱਬਦੀ-ਡੁੱਬਦੀ ਮਸਾਂ ਬਚੀ। ਹਰਵਿੰਦਰ ਸਿੰਘ ਨੇ ਦੱਸਿਆ ਕਿ ਡੌਂਕਰ ਕਦੇ ਕਦਾਈ ਚੌਲ ਦਿੰਦੇ ਸੀ ਨਹੀਂ ਅਸੀਂ 4-4 ਦਿਨ ਭੁੱਖੇ ਰਹਿੰਦੇ ਸੀ। ਭਾਵੁਕ ਹੁੰਦਿਆਂ ਹਰਵਿੰਦਰ ਸਿੰਘ ਨੇ ਭਾਵੁਕ ਹੁੰਦਿਆਂ ਕਿਹਾ ਕਿ ਸਾਡੀ ਸਰਕਾਰ ਮਦਦ ਕਰੇ।

# ਪੰਜਾਬ ਦੇ ਕਈ ਟ੍ਰੈਵਲ ਏਜੰਟਾਂ ਖ਼ਿਲਾਫ਼ ਵੱਡੇ ਐਕਸ਼ਨ ਦੀ ਤਿਆਰੀ !

## ਕਈਆਂ ਦੀ ਉੱਡੀ ਨੀਂਦ

ਜਲੰਧਰ : ਅਮਰੀਕਾ ਤੋਂ ਗੈਰ-ਕਾਨੂੰਨੀ ਭਾਰਤੀਆਂ ਦੀ ਵਾਪਸੀ ਦੇ ਵਿਚਕਾਰ ਪੰਜਾਬ ਪੁਲਸ ਨੇ ਹੁਣ ਸੂਬੇ ਵਿਚ ਗੈਰ-ਕਾਨੂੰਨੀ ਤੌਰ 'ਤੇ ਕੰਮ ਕਰ ਰਹੇ ਟ੍ਰੈਵਲ ਏਜੰਟਾਂ 'ਤੇ ਸ਼ਿਕੰਜਾ ਕੱਸਣ ਦੀ ਤਿਆਰੀ ਕਰ ਲਈ ਹੈ। ਪੁਲਸ ਕੇਂਦਰੀ ਏਜੰਸੀਆਂ ਰਾਹੀਂ ਵਾਪਸ ਭੇਜੇ ਗਏ ਭਾਰਤੀਆਂ ਬਾਰੇ ਜਾਣਕਾਰੀ ਇਕੱਠੀ ਕਰੇਗੀ ਅਤੇ ਉਨ੍ਹਾਂ ਰਾਹੀਂ ਉਨ੍ਹਾਂ ਟੋਲ ਏਜੰਟਾਂ ਤੱਕ ਪਹੁੰਚੇਗੀ ਜੋ ਨੌਜਵਾਨਾਂ ਨੂੰ ਭਰਮਾਉਂਦੇ ਹਨ ਅਤੇ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਭੇਜ ਰਹੇ ਹਨ।

ਇਹ ਗੱਲ ਧਿਆਨ ਦੇਣ ਯੋਗ ਹੈ ਕਿ ਏਜੰਟ ਨੌਜਵਾਨਾਂ ਨੂੰ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਭੇਜਣ ਲਈ 40 ਤੋਂ 50 ਲੱਖ ਰੁਪਏ ਲੈਂਦੇ ਹਨ ਅਤੇ ਇਸ ਦੌਰਾਨ ਨੌਜਵਾਨਾਂ ਦੀਆਂ ਜਾਨਾਂ ਨੂੰ ਵੀ ਜੋਖਮ ਵਿਚ ਪਾਇਆ ਜਾਂਦਾ ਹੈ। ਬਹੁਤ ਸਾਰੇ ਮਾਮਲਿਆਂ ਵਿਚ ਡੰਕੀ ਰੂਟ ਰਾਹੀਂ ਜਾਣ ਵਾਲੇ ਨੌਜਵਾਨਾਂ ਦੀ ਮੌਤ ਤੱਕ ਹੋ ਜਾਂਦੀ ਹੈ ਅਤੇ ਉਨ੍ਹਾਂ ਵਿਚੋਂ ਕੁਝ ਦਾ ਕਦੇ ਪਤਾ ਨਹੀਂ ਲੱਗਦਾ।

ਪਿਛਲੇ ਸਾਲ ਨਵੰਬਰ ਵਿਚ ਅਮਰੀਕਾ ਨੇ ਭਾਰਤ ਨੂੰ 18,000 ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਸੂਚੀ ਸੌਂਪੀ ਸੀ ਜਿਨ੍ਹਾਂ ਨੂੰ ਦੇਸ਼ ਨਿਕਾਲਾ ਦਿੱਤਾ ਜਾਣਾ ਸੀ। ਭਾਰਤ ਸਰਕਾਰ ਨੇ ਕਿਹਾ ਹੈ ਕਿ ਉਹ ਗੈਰ-ਕਾਨੂੰਨੀ ਪ੍ਰਵਾਸ ਦਾ ਸਖ਼ਤ ਵਿਰੋਧ ਕਰਦੀ ਹੈ ਅਤੇ ਇਨ੍ਹਾਂ ਲੋਕਾਂ ਨੂੰ ਵਾਪਸ ਲੈਣ ਲਈ ਤਿਆਰ ਹੈ। ਇਨ੍ਹਾਂ ਵਿਚੋਂ ਵੱਡੀ ਗਿਣਤੀ ਪੰਜਾਬੀ ਨੌਜਵਾਨਾਂ ਦੀ ਹੈ ਜਿਨ੍ਹਾਂ ਨੂੰ ਗੈਰ-ਕਾਨੂੰਨੀ ਟ੍ਰੈਵਲ ਏਜੰਟਾਂ ਵੱਲੋਂ ਗੈਰ-ਕਾਨੂੰਨੀ ਤਰੀਕਿਆਂ ਨਾਲ ਅਮਰੀਕਾ ਭੇਜਿਆ ਗਿਆ ਹੈ।



ਸੂਤਰਾਂ ਅਨੁਸਾਰ ਪੁਲਸ ਡਿਪੋਰਟ ਕੀਤੇ ਗਏ ਵਿਅਕਤੀਆਂ ਨਾਲ ਸੰਪਰਕ ਕਰ ਸਕਦੀ ਹੈ ਤਾਂ ਜੋ ਉਨ੍ਹਾਂ ਗੈਰ-ਕਾਨੂੰਨੀ ਟ੍ਰੈਵਲ ਏਜੰਟਾਂ ਦੀ ਪਛਾਣ ਕੀਤੀ ਜਾ ਸਕੇ ਜਿਨ੍ਹਾਂ ਨੇ ਉਨ੍ਹਾਂ ਨੂੰ 'ਡੰਕੀ ਰੂਟ' (ਪੰਜਾਬੀ ਸ਼ਬਦ ਡੰਕੀ' ਤੋਂ ਪੈਦਾ ਹੋਇਆ ਹੈ, ਜਿਸਦਾ ਅਰਥ ਹੈ ਇਕ ਜਗ੍ਹਾ ਤੋਂ ਦੂਜੀ ਜਗ੍ਹਾ ਛਾਲ ਮਾਰਨਾ) ਅਤੇ ਹੋਰ ਗੈਰ-ਕਾਨੂੰਨੀ ਤਰੀਕਿਆਂ ਰਾਹੀਂ ਵਿਦੇਸ਼ ਭੇਜਿਆ ਸੀ ਅਤੇ ਉਨ੍ਹਾਂ ਤੋਂ ਭਾਰੀ ਰਕਮ ਵਸੂਲੀ ਸੀ। ਹਾਲਾਂਕਿ, ਹੁਣ ਤੱਕ ਪੰਜਾਬ ਪੁਲਸ ਅਤੇ ਰਾਜ ਸਰਕਾਰ ਨੂੰ ਵਾਪਸ ਭੇਜੇ ਗਏ ਵਿਅਕਤੀਆਂ ਦੀ ਪਛਾਣ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ ਹੈ। ਪੁਲਸ ਕਥਿਤ ਤੌਰ 'ਤੇ ਹੋਰ ਵੇਰਵੇ ਪ੍ਰਾਪਤ ਕਰਨ ਲਈ ਵਿਦੇਸ਼ ਮੰਤਰਾਲਾ, ਗ੍ਰਹਿ ਮੰਤਰਾਲਾ ਅਤੇ ਰਾਸ਼ਟਰੀ ਜਾਂਚ ਏਜੰਸੀ ਦੇ ਸੰਪਰਕ ਵਿਚ ਹੈ।

ਪੰਜਾਬ ਦੇ ਡੀ. ਜੀ. ਪੀ. ਗੌਰਵ ਯਾਦਵ ਨੇ ਕਿਹਾ ਕਿ ਸਰਕਾਰ ਦੇਸ਼ ਨਿਕਾਲਾ ਦਿੱਤੇ ਗਏ ਵਿਅਕਤੀਆਂ ਪ੍ਰਤੀ 'ਨਰਮ' ਰਵੱਈਆ ਅਪਣਾਏਗੀ। ਹਾਲਾਂਕਿ, ਉਨ੍ਹਾਂ ਅੱਗੇ ਕਿਹਾ ਕਿ ਜੇਕਰ ਉਨ੍ਹਾਂ ਵਿਰੁੱਧ ਕੋਈ ਅਪਰਾਧਿਕ ਪਿਛੋਕੜ ਪਾਈ ਜਾਂਦੀ ਹੈ, ਤਾਂ ਜ਼ਰੂਰੀ ਕਾਰਵਾਈ ਕੀਤੀ ਜਾਵੇਗੀ। ਸਾਨੂੰ ਉਨ੍ਹਾਂ ਦੀ ਪਛਾਣ ਅਤੇ ਉਨ੍ਹਾਂ ਵਿਰੁੱਧ ਕੋਈ ਅਪਰਾਧਿਕ ਮਾਮਲਾ ਨਹੀਂ ਪਤਾ, ਪਰ ਅਸੀਂ ਕੇਂਦਰੀ ਏਜੰਸੀਆਂ ਦੇ ਸੰਪਰਕ ਵਿਚ ਹਾਂ। ਸਰਕਾਰ ਨੂੰ ਉਮੀਦ ਹੈ ਕਿ ਦੇਸ਼ ਨਿਕਾਲਾ ਦਿੱਤੇ ਗਏ ਵਿਅਕਤੀਆਂ ਤੋਂ ਜਾਣਕਾਰੀ ਪ੍ਰਾਪਤ ਕਰ ਕੇ ਗੈਰ-ਕਾਨੂੰਨੀ ਪ੍ਰਵਾਸ 'ਤੇ ਕਾਰਵਾਈ ਸ਼ੁਰੂ ਕੀਤੀ ਜਾਵੇਗੀ।

**ਅਮਰੀਕੀ ਸਰਹੱਦਾਂ 'ਤੇ ਰੋਕੇ ਗਏ ਹਜ਼ਾਰਾਂ ਭਾਰਤੀ**

ਅਮਰੀਕੀ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ (ਸੀ.ਬੀ.ਪੀ.) ਮੁਤਾਬਕ ਅਕਤੂਬਰ 2020 ਤੋਂ ਅਗਸਤ 2024 ਦਰਮਿਆਨ 86,400 ਤੋਂ ਵੱਧ ਭਾਰਤੀ ਨਾਗਰਿਕਾਂ ਨੂੰ ਅਮਰੀਕਾ-ਮੈਕਸੀਕੋ ਸਰਹੱਦ 'ਤੇ ਗੈਰ-ਕਾਨੂੰਨੀ ਤੌਰ 'ਤੇ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਸਮੇਂ ਰੋਕਿਆ ਗਿਆ। ਇਸੇ ਸਮੇਂ ਦੌਰਾਨ 88,800 ਤੋਂ ਵੱਧ ਭਾਰਤੀਆਂ ਨੂੰ ਕੈਨੇਡਾ ਦੀ ਉੱਤਰੀ ਸਰਹੱਦ 'ਤੇ ਰੋਕਿਆ ਗਿਆ।

# ਰਾਣਾ ਗੁਰਜੀਤ ਦੇ ਠਿਕਾਣਿਆਂ 'ਤੇ IT ਦੀ ਰੇਡ, 3 ਥਾਵਾਂ 'ਤੇ ਕੀਤੀ ਜਾ ਰਹੀ ਛਾਪੇਮਾਰੀ



ਸਿਆਸਤ ਨਾਲ ਜੁੜੀ ਵੱਡੀ ਖਬਰ ਸਾਹਮਣੇ ਆ ਰਹੀ ਹੈ। ਸੀਨੀਅਰ ਕਾਂਗਰਸੀ ਆਗੂ ਰਾਣਾ ਗੁਰਜੀਤ ਸਿੰਘ ਦੇ ਠਿਕਾਣਿਆਂ 'ਤੇ ਇਨਕਮ ਟੈਕਸ ਵਿਭਾਗ ਵੱਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ। ਇਹ ਛਾਪੇਮਾਰੀ ਰਾਣਾ ਗੁਰਜੀਤ ਦੇ ਸੈਕਟਰ 9 ਵਿਚਲੀ ਉਨ੍ਹਾਂ ਦੀ ਰਿਹਾਇਸ਼ ਤੇ ਦਫਤਰ 'ਤੇ ਕੀਤੀ ਜਾ ਰਹੀ ਹੈ। ਸੀਬੀਆਈ ਨੇ ਰਾਣਾ ਗੁਰਜੀਤ ਦੇ ਤਿੰਨ ਠਿਕਾਣਿਆਂ 'ਤੇ ਛਾਪੇਮਾਰੀ ਕੀਤੀ ਹੈ।


ਟੀਮ 4 ਤੋਂ 5 ਗੱਡੀਆਂ ਵਿਚ ਆਈ ਤੇ ਉਨ੍ਹਾਂ ਨਾਲ ਭਾਰਤ-ਤਿੱਬਤ ਸੀਮਾ ਪੁਲਿਸ ਦੇ ਜਵਾਨ ਵੀ ਮੌਜੂਦ ਸਨ। ਛਾਪੇਮਾਰੀ ਦੌਰਾਨ ਰਿਹਾਇਸ਼ ਦੇ ਸਾਰੇ ਗੇਟ ਅੰਦਰ ਤੋਂ ਬੰਦ ਕਰ ਦਿੱਤੇ ਗਨ। ਜਾਂਚ ਦੌਰਾਨ ਵਿਧਾਇਕ ਦਫਤਰ ਦੇ ਸਾਰੇ ਕਰਮਚਾਰੀਆਂ ਦੇ ਮੋਬਾਈਲ ਫੋਨ ਸਵਿਚ ਆਫ ਪਾਏ ਗਏ।

ਇਨਕਮ ਟੈਕਸ ਵਿਭਾਗ ਦੇ ਅਧਿਕਾਰੀ ਫਿਲਹਾਲ ਛਾਪੇਮਾਰੀ ਦੇ ਕਾਰਨਾਂ ਤੇ ਜਾਂਚ ਦੇ ਵੇਰਵੇ ਬਾਰੇ ਜਾਣਕਾਰੀ ਸਾਂਝੀ ਨਹੀਂ ਕਰ ਰਹੇ ਹਨ। ਇਹ ਕਾਰਵਾਈ ਕਿਸ ਮਾਮਲੇ ਵਿਚ ਕੀਤੀ ਗਈ ਹੈ ਇਸ ਬਾਰੇ ਕੋਈ ਅਧਿਕਾਰਕ ਬਿਆਨ ਸਾਹਮਣੇ ਨਹੀਂ ਆਇਆ ਹੈ।

# ਕੈਨੇਡਾ ਨੇ ਵੀ ਅਮਰੀਕੀ ਵਸਤਾਂ 'ਤੇ 25% ਟੈਰਿਫ ਲਗਾਇਆ



ਓਟਾਵਾ (ਕੈਨੇਡਾ): ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਦੀ ਸਰਕਾਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਲਗਾਏ ਗਏ ਟੈਰਿਫਾਂ ਦਾ ਬਦਲਾ ਲੈਣ ਲਈ 155 ਬਿਲੀਅਨ ਡਾਲਰ ਦੇ ਅਮਰੀਕੀ ਸਮਾਨ 'ਤੇ 25 ਫੀਸਦੀ ਟੈਰਿਫ ਲਗਾਏਗੀ। ਕੈਨੇਡਾ ਦੇ ਮੀਡੀਆ ਚੈਨਲ, ਕੇਬਲ ਪਬਲਿਕ ਅਫੇਅਰਜ਼ ਚੈਨਲ (CPAC) ਦੇ ਅਨੁਸਾਰ, ਟਰੂਡੋ ਨੇ ਆਪਣੇ ਦੇਸ਼ ਦੇ ਲੋਕਾਂ ਨੂੰ ਸਥਾਨਕ ਉਤਪਾਦ ਖਰੀਦਣ ਅਤੇ ਦੇਸ਼ ਵਿੱਚ ਛੁੱਟੀਆਂ ਬਿਤਾਉਣ ਬਾਰੇ ਵਿਚਾਰ ਕਰਨ ਦੀ ਅਪੀਲ ਕੀਤੀ। ਸ਼ਨੀਵਾਰ ਨੂੰ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ, ਟਰੂਡੋ ਨੇ ਜ਼ੋਰ ਦੇ ਕੇ ਕਿਹਾ ਕਿ ਕੈਨੇਡਾ ਦਾ ਜਵਾਬ "ਦੂਰਗਾਮੀ" ਹੋਵੇਗਾ ਅਤੇ ਇਸ ਵਿੱਚ ਅਮਰੀਕੀ ਬੀਅਰ, ਵਾਈਨ, ਬੋਰਬਨ ਫਲਾਂ ਅਤੇ ਫਲਾਂ ਦੇ ਜੂਸ ਵਰਗੀਆਂ ਰੋਜ਼ਾਨਾ ਦੀਆਂ ਚੀਜ਼ਾਂ ਸ਼ਾਮਲ ਹੋਣਗੀਆਂ। "ਅੱਜ ਰਾਤ ਮੈਂ ਘੋਸ਼ਣਾ ਕਰ ਰਿਹਾ ਹਾਂ ਕਿ ਕੈਨੇਡਾ 155 ਬਿਲੀਅਨ ਮੁੱਲ ਦੇ ਅਮਰੀਕੀ ਸਮਾਨ ਦੇ ਵਿਰੁੱਧ 25 ਪ੍ਰਤੀਸ਼ਤ ਟੈਰਿਫ ਦੇ ਨਾਲ ਅਮਰੀਕੀ ਵਪਾਰਕ ਕਾਰਵਾਈ ਦਾ ਜਵਾਬ ਦੇਵੇਗਾ। ਇਸ ਵਿੱਚ ਮੰਗਲਵਾਰ ਤੱਕ USD 30 ਬਿਲੀਅਨ ਦੇ ਸਮਾਨ ਉੱਤੇ ਤੁਰੰਤ ਟੈਰਿਫ ਸ਼ਾਮਲ ਹੋਣਗੇ ਅਤੇ ਇਸ ਤੋਂ ਬਾਅਦ USD 125 ਬਿਲੀਅਨ ਉੱਤੇ ਹੋਰ ਟੈਰਿਫ ਸ਼ਾਮਲ ਹੋਣਗੇ। ਟਰੂਡੋ ਨੇ ਅੱਗੇ ਕਿਹਾ "ਜਿਵੇਂ, ਅਮਰੀਕਨ ਟੈਰਿਫਾਂ ਦਾ ਸਾਡਾ ਜਵਾਬ ਵੀ ਦੂਰਗਾਮੀ ਹੋਵੇਗਾ ਅਤੇ ਇਸ ਵਿੱਚ ਰੋਜ਼ਾਨਾ ਦੀਆਂ ਵਸਤੂਆਂ ਜਿਵੇਂ ਕਿ ਅਮਰੀਕਨ ਬੀਅਰ, ਵਾਈਨ ਅਤੇ ਬੋਰਬਨ ਫਲਾਂ ਅਤੇ ਫਲਾਂ ਦੇ ਜੂਸ ਸ਼ਾਮਲ ਹੋਣਗੇ, ਜਿਸ ਵਿੱਚ ਸੰਤਰੇ ਦੇ ਜੂਸ ਦੇ ਨਾਲ-ਨਾਲ ਸਬਜ਼ੀਆਂ ਦੇ ਅਤਰ, ਕੱਪੜੇ ਅਤੇ ਜੁੱਤੀਆਂ ਸ਼ਾਮਲ ਹੋਣਗੇ। ਇਸ ਵਿੱਚ ਮੁੱਖ ਖਪਤਕਾਰ ਉਤਪਾਦ ਸ਼ਾਮਲ ਹੋਣਗੇ। ਜਿਵੇਂ ਕਿ ਘਰੇਲੂ ਉਪਕਰਨਾਂ ਦਾ ਫਰਨੀਚਰ ਅਤੇ ਖੇਡਾਂ ਦਾ ਸਾਜ਼ੋ-ਸਾਮਾਨ ਅਤੇ ਲੱਕੜ ਅਤੇ ਪਲਾਸਟਿਕ ਵਰਗੀਆਂ ਸਮੱਗਰੀਆਂ ਦੇ ਨਾਲ-ਨਾਲ ਹੋਰ ਬਹੁਤ ਕੁਝ ਅਤੇ ਸਾਡੇ ਜਵਾਬ ਦੇ ਹਿੱਸੇ ਵਜੋਂ ਅਸੀਂ ਪ੍ਰਾਂਤਾਂ ਨਾਲ ਵਿਚਾਰ ਕਰ ਰਹੇ ਹਾਂ ਅਤੇ ਖੇਤਰ, ਕਈ ਗੈਰ-ਟੈਰਿਫ ਉਪਾਅ ਜਿਨ੍ਹਾਂ ਵਿੱਚ ਕੁਝ ਮਹੱਤਵਪੂਰਨ ਖਣਿਜ ਊਰਜਾ ਪ੍ਰਾਪਤੀ ਅਤੇ ਹੋਰ ਭਾਈਵਾਲੀ ਨਾਲ ਸਬੰਧਤ ਹਨ,"। ਕੈਨੇਡੀਅਨ ਪ੍ਰਧਾਨ ਮੰਤਰੀ ਨੇ ਆਪਣੇ ਦੇਸ਼ ਦੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਉਹ ਸਾਰੇ ਇਸ ਵਿੱਚ ਇਕੱਠੇ ਹਨ ਅਤੇ ਸੀਪੀਏਸੀ ਦੇ ਅਨੁਸਾਰ, ਇਹ "ਟੀਮ ਕੈਨੇਡਾ" ਸਭ ਤੋਂ ਵਧੀਆ ਹੈ।




# ਪੇਜ ਇੱਕ ਦੀ ਬਾਕੀ

## ਅਮਰੀਕਾ ਤੋਂ ਡਿਪੋਰਟ ਹੋਏ...

ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੁਬੀਓ ਨੇ ਪਿਛਲੇ ਮਹੀਨੇ ਵਾਸ਼ਿੰਗਟਨ 'ਚ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨਾਲ ਆਪਣੀ ਪਹਿਲੀ ਦੋ-ਪੱਖੀ ਬੈਠਕ ਦੌਰਾਨ 'ਅਨਿਯਮਿਤ ਮਾਈਗ੍ਰੇਸ਼ਨ' 'ਤੇ ਚਿੰਤਾ ਪ੍ਰਗਟਾਈ ਸੀ। ਇਸ ਕੜੀ 'ਚ ਟਰੰਪ ਪ੍ਰਸ਼ਾਸਨ ਨੇ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਦੇਸ਼ਾਂ 'ਚ ਵਾਪਸ ਭੇਜਣਾ ਸ਼ੁਰੂ ਕਰ ਦਿੱਤਾ ਹੈ ਅਤੇ ਪ੍ਰਵਾਸੀਆਂ ਨੂੰ ਵਾਪਸ ਭੇਜਣ ਲਈ ਫੌਜੀ ਜਹਾਜ਼ਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਨਾਲ ਹੀ, ਪ੍ਰਵਾਸੀਆਂ ਨੂੰ ਰੱਖਣ ਲਈ ਮਿਲਟਰੀ ਬੇਸ ਖੋਲ੍ਹ ਰਿਹਾ ਹੈ।

ਰਿਪੋਰਟ 'ਚ ਕਿਹਾ ਗਿਆ ਹੈ ਕਿ ਹੁਣ ਤੱਕ ਅਮਰੀਕੀ ਫੌਜੀ ਜਹਾਜ਼ਾਂ ਨੇ ਪ੍ਰਵਾਸੀਆਂ ਨੂੰ ਗਵਾਟੇਮਾਲਾ, ਪੇਰੂ ਅਤੇ ਹੋਂਡੁਰਾਸ ਪਹੁੰਚਾਇਆ ਹੈ। ਧਿਆਨਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 12 ਜਾਂ 13 ਫਰਵਰੀ ਨੂੰ ਅਮਰੀਕਾ ਦਾ ਦੌਰਾ ਕਰਨ ਅਤੇ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਮੁਲਾਕਾਤ ਕਰਨ ਦੇ ਪ੍ਰੋਗਰਾਮ ਦਰਮਿਆਨ ਗ਼ੈਰ-ਕਾਨੂੰਨੀ ਭਾਰਤੀ ਪ੍ਰਵਾਸੀਆਂ ਨੂੰ ਭਾਰਤ ਵਾਪਸ ਭੇਜਣ ਦੀ ਗੱਲ ਸਾਹਮਣੇ ਆਈ ਹੈ।

ਅੰਮ੍ਰਿਤਸਰ ਐਡਮਨਿਸਟ੍ਰੇਸ਼ਨ ਨਾਲ ਜੁੜੇ ਸੂਤਰਾਂ ਅਨੁਸਾਰ, ਅਮਰੀਕੀ ਜਹਾਜ਼ 'ਚ ਆ ਰਹੇ ਸਾਰੇ ਲੋਕਾਂ ਦੇ ਅੰਮ੍ਰਿਤਸਰ ਹਵਾਈ ਅੱਡੇ 'ਤੇ ਦਸਤਾਵੇਜ਼ ਚੈੱਕ ਕੀਤੇ ਜਾਣਗੇ। ਇਮੀਗ੍ਰੇਸ਼ਨ ਆਦਿ ਤੋਂ ਇਲਾਵਾ ਇਨ੍ਹਾਂ ਲੋਕਾਂ ਦਾ ਪੂਰਾ ਬੈਕਗਰਾਊਂਡ, ਖਾਸ ਕਰ ਕੇ ਕ੍ਰਿਮੀਨਲ ਰਿਕਾਰਡ ਵੀ ਚੈੱਕ ਕੀਤਾ ਜਾਵੇਗਾ। ਜੇ ਕਿਸੇ ਦਾ ਕ੍ਰਿਮੀਨਲ ਰਿਕਾਰਡ ਨਿਕਲਿਆ ਤਾਂ ਉਸ ਨੂੰ ਏਅਰਪੋਰਟ 'ਤੇ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ। ਇਸ ਪ੍ਰਕਿਰਿਆ 'ਚ ਪੂਰਾ ਦਿਨ ਲੱਗ ਸਕਦਾ ਹੈ। ਸੂਤਰਾਂ ਅਨੁਸਾਰ, ਅਮਰੀਕਾ ਤੋਂ ਡਿਪੋਰਟ ਹੋਏ ਇਨ੍ਹਾਂ ਭਾਰਤੀਆਂ 'ਚ ਕੁਝ ਲੋਕ ਅਜਿਹੇ ਹੋ ਸਕਦੇ ਹਨ, ਜੋ ਭਾਰਤ 'ਚ ਕੋਈ ਨਾ ਕੋਈ ਅਪਰਾਧ ਕਰਕੇ ਅਮਰੀਕਾ ਨਿਕਲ ਗਏ ਹੋਣ।

ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਭਾਰਤ ਵਾਪਸ ਭੇਜੇ ਜਾਣ ਦੀਆਂ ਖ਼ਬਰਾਂ ਦਰਮਿਆਨ ਇਥੇ ਅਮਰੀਕੀ ਦੂਤਘਰ ਨੇ ਕਿਹਾ ਕਿ ਅਮਰੀਕਾ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਸਖ਼ਤ ਕਰ ਰਿਹਾ ਹੈ। ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਲਈ ਅਮਰੀਕਾ ਦਾ ਰਾਸ਼ਟਰਪਤੀ ਬਣਨ ਤੋਂ ਲਗਭਗ 2 ਹਫ਼ਤਿਆਂ ਬਾਅਦ ਗ਼ੈਰ-ਕਾਨੂੰਨੀ ਭਾਰਤੀ ਨਾਗਰਿਕਾਂ ਨੂੰ ਦੇਸ਼ 'ਚੋਂ ਕੱਢਣ ਦਾ ਪਹਿਲਾ ਦੌਰ ਸ਼ੁਰੂ ਹੋਇਆ ਹੈ। ਟਰੰਪ ਨੇ ਅਮਰੀਕਾ 'ਚ ਰਹਿਣ ਵਾਲੇ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨਾਲ ਨਜਿੱਠਣ ਲਈ ਸਖ਼ਤ ਨੀਤੀਗਤ ਦ੍ਰਿਸ਼ਟੀਕੋਣ ਅਪਣਾਉਣ ਦਾ ਵਾਅਦਾ ਕੀਤਾ ਹੈ ਅਤੇ ਉਹ ਪਹਿਲਾਂ ਹੀ ਇਮੀਗ੍ਰੇਸ਼ਨ ਨਾਲ ਸਬੰਧਤ ਕਈ ਸਰਕਾਰੀ ਹੁਕਮਾਂ 'ਤੇ ਦਸਤਖ਼ਤ ਕਰ ਚੁੱਕੇ ਹਨ।

## ਸਵੀਡਨ ਦੇ ਸਕੂਲ 'ਚ...

ਵਿਚ ਦੁਪਹਿਰ 1 ਵਜੇ ਦੇ ਕਰੀਬ ਹੋਈ। ਇਹ ਘਟਨਾ ਉਦੋਂ ਵਾਪਰੀ ਜਦੋਂ ਸਕੂਲ ਵਿੱਚ ਜ਼ਿਆਦਾਤਰ ਵਿਦਿਆਰਥੀ ਮੌਜੂਦ ਸਨ। ਸਵੀਡਿਸ਼ ਪੁਲਿਸ ਨੇ ਕਿਹਾ ਕਿ ਉਹ ਮ੍ਰਿਤਕਾਂ ਦੀ ਪਛਾਣ ਕਰ ਰਹੀ ਹੈ। ਉਹ ਹਮਲਾਵਰਾਂ ਦੇ ਮਕਸਦ ਦੀ ਜਾਂਚ ਕਰ ਰਹੇ ਹਨ, ਫ਼ਿਲਹਾਲ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਇਸ ਘਟਨਾ ਦਾ ਅਤਿਵਾਦ ਨਾਲ ਕੋਈ ਸਬੰਧ ਹੈ। ਜ਼ਖ਼ਮੀਆਂ ਦੀ ਗਿਣਤੀ ਵੀ ਵਧ ਸਕਦੀ ਹੈ।

ਫਿਲਹਾਲ ਖ਼ਤਰਾ ਟਲਿਆ ਨਹੀਂ ਹੈ, ਇਸ ਲਈ ਲੋਕਾਂ ਨੂੰ ਇਲਾਕੇ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਗਈ ਹੈ। ਕਈ ਸਥਾਨਕ ਮੀਡੀਆ ਰਿਪੋਰਟਾਂ ਵਿੱਚ ਹਮਲਾਵਰ ਨੂੰ ਸੀਰੀਆਈ ਮੂਲ ਦਾ ਦੱਸਿਆ ਗਿਆ ਹੈ। ਹਾਲਾਂਕਿ ਇਸ ਦਾ ਅਧਿਕਾਰਤ ਐਲਾਨ ਨਹੀਂ ਕੀਤਾ ਗਿਆ ਹੈ।

## ਕੈਨੇਡਾ 'ਚ ਪੰਜਾਬੀ ਗਾਇਕ...

ਜੰਟਾ ਗੈਂਗ ਇਸ ਹਮਲੇ ਦੇ ਬਾਅਦ, ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਤੋਂ ਪਹਿਲਾਂ ਵੀ ਕਈ ਪੰਜਾਬੀ ਗਾਇਕਾਂ ਦੇ ਘਰਾਂ 'ਤੇ ਇਸ ਤਰ੍ਹਾਂ ਦੇ ਹਮਲੇ ਹੋ ਚੁੱਕੇ ਹਨ, ਜੋ ਕਿ ਸੰਗੀਤ ਸਮਾਜ ਵਿੱਚ ਚਿੰਤਾ ਦਾ ਵਿਸ਼ਾ ਬਣ ਗਿਆ ਹੈ।

ਢਿੱਲੋਂ, ਜੋ ਕਿ ਆਪਣੇ ਮਸ਼ਹੂਰ ਗਾਣਿਆਂ ਲਈ ਜਾਣੇ ਜਾਂਦੇ ਹਨ, ਇਸ ਹਮਲੇ ਤੋਂ ਬਾਅਦ ਸੁਰੱਖਿਆ ਦੇ ਮਾਮਲੇ 'ਚ ਵਾਧਾ ਕਰਨ ਦੀ ਯੋਜਨਾ ਬਣਾ ਰਹੇ ਹਨ ਇਸ ਘਟਨਾ ਨੇ ਪੰਜਾਬੀ ਸੰਗੀਤ ਉਦਯੋਗ ਵਿੱਚ ਇੱਕ ਵੱਡਾ ਹੰਗਾਮਾ ਖੜਾ ਕਰ ਦਿੱਤਾ ਹੈ ਅਤੇ ਲੋਕਾਂ ਵਿੱਚ ਡਰ ਅਤੇ ਚਿੰਤਾ ਦਾ ਮਾਹੌਲ ਬਣਾਇਆ ਹੈ।

## ਅਮਰੀਕੀ ਜਹਾਜ਼ ਹਾਦਸੇ...

ਕਰਮਚਾਰੀ ਜਲਦੀ ਹੀ ਪੋਟੋਮੈਕ ਨਦੀ ਤੋਂ ਮਲਬਾ ਚੁੱਕਣ ਦੀ ਤਿਆਰੀ ਕਰ ਰਹੇ ਹਨ। ਹਵਾਈ ਜਹਾਜ਼ ਦੇ ਕੁਝ ਬਚੇ ਹੋਏ ਹਿੱਸਿਆਂ ਨੂੰ ਇੱਕ ਟਰੱਕ ਵਿੱਚ ਲੋਡ ਕੀਤਾ ਜਾਵੇਗਾ ਅਤੇ ਜਾਂਚ ਲਈ ਹੈਂਗਰ ਵਿੱਚ ਲਿਜਾਇਆ ਜਾਵੇਗਾ। ਪੀੜਤਾਂ ਦੇ ਰਿਸ਼ਤੇਦਾਰ ਰੀਗਨ ਨੈਸ਼ਨਲ ਏਅਰਪੋਰਟ ਨੇੜੇ ਪੋਟੋਮੈਕ ਨਦੀ ਦੇ ਨਾਲ ਘਟਨਾ ਸਥਾਨ 'ਤੇ ਪਹੁੰਚੇ ਸਨ। ਉਨ੍ਹਾਂ ਆਪਣੇ ਰਿਸ਼ਤੇਦਾਰਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਕਈ ਲੋਕ ਬੱਸਾਂ ਰਾਹੀਂ ਮੌਕੇ 'ਤੇ ਪਹੁੰਚੇ, ਜਿੱਥੇ ਬੁੱਧਵਾਰ ਨੂੰ ਅਮਰੀਕਨ ਏਅਰਲਾਈਨਜ਼ ਦੇ ਜਹਾਜ਼ ਅਤੇ ਫੌਜ ਦੇ ਬਲੈਕ ਹਾਕ ਹੈਲੀਕਾਪਟਰ ਦੀ ਟੱਕਰ 'ਚ ਸਵਾਰ ਸਾਰੇ 67 ਲੋਕ ਮਾਰੇ ਗਏ। ਇਸ ਦੌਰਾਨ ਪੁਲਿਸ ਵੀ ਲੋਕਾਂ ਦੇ ਨਾਲ ਸੀ। ਫੈਡਰਲ ਜਾਂਚਕਰਤਾ ਹਾਦਸੇ ਦੇ ਕਾਰਨਾਂ ਦੀ ਜਾਂਚ ਕਰ ਰਹੇ ਹਨ ਜਦੋਂ ਕਿ ਬਚਾਅ ਟੀਮਾਂ ਮਲਬੇ ਨੂੰ ਹਟਾਉਣ ਲਈ ਕੰਮ ਕਰ ਰਹੀਆਂ ਹਨ।

## ਟਰੰਪ ਦੀ ਸਿੱਧੀ ਧਮਕੀ...

ਉਸ ਰੈਲੀ ਵਿਚ ਟਰੰਪ ਦੇ ਕੰਨ ਵਿਚ ਗੋਲੀ ਲੱਗੀ ਸੀ। ਹਾਲਾਂਕਿ, ਅਧਿਕਾਰੀਆਂ ਨੇ ਉਦੋਂ ਇਹ ਵੀ ਕਿਹਾ ਕਿ ਉਹ ਨਹੀਂ ਮੰਨਦੇ ਕਿ ਇਸ ਕਤਲ ਦੀ ਕੋਸ਼ਿਸ਼ ਵਿਚ ਈਰਾਨ ਦਾ ਹੱਥ ਹੈ। ਨਵੰਬਰ ਵਿਚ ਵੀ ਨਿਆਂ ਵਿਭਾਗ ਨੇ ਐਲਾਨ ਕੀਤਾ ਸੀ ਕਿ ਉਸ ਨੇ ਰਾਸ਼ਟਰਪਤੀ ਚੋਣ ਤੋਂ ਪਹਿਲਾਂ ਟਰੰਪ ਦੀ ਹਤਿਆ ਦੀ ਈਰਾਨ ਦੀ ਸਾਜ਼ਸ਼ ਨੂੰ ਨਾਕਾਮ ਕਰ ਦਿਤਾ ਸੀ।

ਦਰਸਲ, ਵਿਭਾਗ ਨੇ ਈਰਾਨੀ ਅਧਿਕਾਰੀਆਂ 'ਤੇ 51 ਸਾਲਾ ਫ਼ਰਹਾਦ ਸ਼ਾਕੇਰੀ ਨੂੰ ਸਤੰਬਰ 'ਚ ਟਰੰਪ ਦੀ ਨਿਗਰਾਨੀ ਕਰਨ ਅਤੇ ਉਨ੍ਹਾਂ ਦਾ ਕਤਲ ਕਰਨ ਦੇ ਨਿਰਦੇਸ਼ ਦਿਤੇ ਸਨ। ਉਦੋਂ ਈਰਾਨੀ ਅਧਿਕਾਰੀਆਂ ਨੇ ਇਨ੍ਹਾਂ ਦੋਸ਼ਾਂ ਨੂੰ ਖ਼ਾਰਜ ਕਰ ਦਿਤਾ ਸੀ। ਵਿਦੇਸ਼ ਬੁਲਾਰੇ ਇਸਮਾਈਲ ਬਾਘੀ ਨੇ ਦਾਅਵਾ ਕੀਤਾ ਸੀ ਕਿ ਇਹ ਇਜ਼ਰਾਈਲ ਨਾਲ ਜੁੜੇ ਸਮੂਹ ਦੀ ਸਾਜ਼ਸ਼ ਸੀ, ਤਾਕਿ ਈਰਾਨ ਅਤੇ ਅਮਰੀਕਾ ਦੇ ਸਬੰਧਾਂ ਨੂੰ ਪ੍ਰਭਾਵਤ ਕੀਤਾ ਜਾ ਸਕੇ।

ਮੈਨਹਟਨ ਦੀ ਇਕ ਅਦਾਲਤ ਵਿਚ ਦਾਇਰ ਅਪਰਾਧਕ ਪਟੀਸ਼ਨ ਅਨੁਸਾਰ, ਈਰਾਨ ਵਿਚ ਰਹਿਣ ਵਾਲੇ ਸ਼ਾਕੇਰੀ ਨੇ ਐਫ਼ਬੀਆਈ ਨੂੰ ਦਸਿਆ ਸੀ ਕਿ ਈਰਾਨ ਦੇ ਨੀਮ ਫ਼ੌਜੀ ਰੈਵੋਲਿਊਸ਼ਨਰੀ ਗਾਰਡ ਦੇ ਇਕ ਵਿਅਕਤੀ ਨੇ ਉਸ ਨੂੰ ਪਿਛਲੇ ਸਤੰਬਰ ਵਿਚ ਹੋਰ ਕੰਮ ਬੰਦ ਕਰ ਕੇ 7 ਦਿਨਾਂ ਦੇ ਅੰਦਰ ਟਰੰਪ ਨੂੰ ਮਾਰਨ ਦੀ ਯੋਜਨਾ ਬਣਾਉਣ ਦਾ ਹੁਕਮ ਦਿਤਾ ਸੀ।

## 40 ਹਜ਼ਾਰ ਅਮਰੀਕੀ...

ਜੋ ਸਵੈ-ਇੱਛਾ ਨਾਲ ਅਸਤੀਫ਼ਾ ਦੇਣ ਲਈ ਤਿਆਰ ਹਨ। ਦਸਿਆ ਜਾ ਰਿਹਾ ਹੈ ਕਿ 10 ਫ਼ੀ ਸਦੀ ਅਮਰੀਕੀ ਅਧਿਕਾਰੀਆਂ ਨੇ ਇਸ ਪ੍ਰਸਤਾਵ ਨੂੰ ਸਵੀਕਾਰ ਕਰ ਲਿਆ ਹੈ, ਜਿਸ ਨਾਲ ਸਰਕਾਰ ਨੂੰ ਅਰਬਾਂ ਡਾਲਰ ਦੀ ਬਚਤ ਹੋਵੇਗੀ।

ਬ੍ਰਾਡਕਾਸਟਰ ਨੇ ਕਿਹਾ ਕਿ ਕੁੱਲ ਮਿਲਾ ਕੇ, ਅਮਰੀਕਾ ਵਿਚ ਲਗਭਗ 20 ਲੱਖ ਸਿਵਲ ਸੇਵਕਾਂ ਨੂੰ ਇਹ ਪੇਸ਼ਕਸ਼ ਮਿਲੀ ਹੈ। ਟਰੰਪ ਪ੍ਰਸ਼ਾਸਨ ਦੇ ਇਕ ਅਧਿਕਾਰੀ ਨੇ ਪ੍ਰਸਾਰਕ ਨੂੰ ਦਸਿਆ, ''ਸ਼ਰਤਾਂ ਤਹਿਤ ਅਸਤੀਫ਼ਾ ਦੇਣ ਦੇ ਇੱਛੁਕ ਲੋਕਾਂ ਦੀ ਗਿਣਤੀ ਵਧ ਰਹੀ ਹੈ, ਪਰ ਪਰਸੋਨਲ ਮੈਨੇਜਮੈਂਟ ਦਫ਼ਤਰ ਦੀ ਸਮਾਂ ਸੀਮਾ ਤੋਂ ਬਾਅਦ ਅਸਤੀਫ਼ੇ ਜਾਰੀ ਰੱਖਣ ਦੀ ਯੋਜਨਾ ਨਹੀਂ ਹੈ।'' ਇਸ ਹਫ਼ਤੇ ਦੇ ਸ਼ੁਰੂ ਵਿਚ, ਮੀਡੀਆ ਨੇ ਰਿਪੋਰਟ 'ਚ ਦਸਿਆ ਕਿ 20,000 ਤੋਂ ਵੱਧ ਸਿਵਲ ਸੇਵਕਾਂ ਨੇ ਪੇਸ਼ਕਸ਼ ਨੂੰ ਸਵੀਕਾਰ ਕਰ ਲਿਆ ਹੈ।

## ਟਰੰਪ ਨੇ USAID ਅਧਿਕਾਰ...

ਤੱਕ ਪਹੁੰਚ ਨਾ ਦਿੱਤੀ ਗਈ ਤਾਂ ਉਹ ਕਾਨੂੰਨ ਲਾਗੂ ਕਰਨ ਵਾਲੇ ਮਾਰਸ਼ਲਾਂ ਨੂੰ ਬੁਲਾਉਣਗੇ। ਕਰਮਚਾਰੀ USAID ਦੇ ਸੁਰੱਖਿਆ ਪ੍ਰਣਾਲੀਆਂ ਅਤੇ ਕਰਮਚਾਰੀਆਂ ਦੀਆਂ ਫਾਈਲਾਂ ਤੱਕ ਪਹੁੰਚ ਦੀ ਮੰਗ ਕਰ ਰਹੇ ਸਨ। ਰਿਪੋਰਟ ਅਨੁਸਾਰ, ਇਹ ਗੁਪਤ ਜਾਣਕਾਰੀ ਹੈ। ਇਹਨਾਂ ਨੂੰ ਸਿਰਫ਼ ਉਹੀ ਦੇਖ ਸਕਦੇ ਹਨ ਜਿਨ੍ਹਾਂ ਕੋਲ ਅਜਿਹਾ ਕਰਨ ਦੀ ਇਜਾਜ਼ਤ ਹੈ। ਹਾਲਾਂਕਿ ਬਾਅਦ ਵਿੱਚ ਉਹ ਹੈੱਡਕੁਆਰਟਰ ਵਿੱਚ ਦਾਖਲ ਹੋਣ ਵਿੱਚ ਕਾਮਯਾਬ ਹੋ ਗਏ।

ਕਰਮਚਾਰੀ ਸੁਰੱਖਿਆ ਪ੍ਰਵਾਨਗੀ ਤੋਂ ਬਿਨਾਂ ਗੁਪਤ USAID ਸਹੂਲਤਾਂ ਵਿੱਚ ਦਾਖਲ ਹੋਏ ਅਤੇ ਨਾਗਰਿਕਾਂ ਬਾਰੇ ਗੁਪਤ ਜਾਣਕਾਰੀ ਪ੍ਰਾਪਤ ਕੀਤੀ। ਟਰੰਪ DOGE ਨਿਯੁਕਤ ਕੈਟੀ ਮਿਲਰ ਨੇ ਵੀ ਐਤਵਾਰ ਨੂੰ DOGE ਕਰਮਚਾਰੀਆਂ ਦੀ ਘੁਸਪੈਠ ਦੀ ਪੁਸ਼ਟੀ ਕੀਤੀ।

## ਕੈਨੇਡੀਅਨ ਸਮਾਨ 'ਤੇ...

ਬਾਅਦ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਕੈਨੇਡੀਅਨ ਸਾਮਾਨ 'ਤੇ 25 ਪ੍ਰਤੀਸ਼ਤ ਟੈਰਿਫ ਨੂੰ ਰੋਕਣ ਲਈ ਸਹਿਮਤ ਹੋ ਗਏ ਹਨ। ਇਸ ਤੋਂ ਪਹਿਲਾਂ ਟੈਰਿਫ ਮੰਗਲਵਾਰ ਤੋਂ ਲਾਗੂ ਹੋਣੇ ਸਨ, ਪਰ ਹੁਣ ਘੱਟੋ-ਘੱਟ 30 ਦਿਨਾਂ ਲਈ ਰੋਕ ਦਿੱਤੇ ਜਾਣਗੇ ਜਦੋਂ ਤੱਕ ਦੋਵੇਂ ਧਿਰਾਂ ਇੱਕ ਸਥਾਈ ਸੌਦੇ ਲਈ ਕੰਮ ਕਰ ਰਹੀਆਂ ਹਨ।

ਇਹ ਖ਼ਬਰ ਸੋਮਵਾਰ ਨੂੰ ਦੋਵਾਂ ਦੇਸ਼ਾਂ ਦੇ ਮੁਖੀਆਂ ਵਿਚਕਾਰ ਦੂਜੀ ਫ਼ੋਨ ਕਾਲ ਤੋਂ ਬਾਅਦ ਆਈ ਹੈ। ਇਸ ਖ਼ਬਰ ਨਾਲ ਰਾਹਿਤ ਮਹਿਸੂਸ ਕਰਦਿਆਂ ਕੈਨਡੀਅਨ ਲੋਕਾਂ ਅਨੁਸਾਰ ਦੋਵਾਂ ਦੇਸ਼ਾਂ ਦੇ ਆਗੂ ਨਵਾਂ ਹੱਲ ਕੱਢ ਲੈਣਗੇ। ਦੋਨੇ ਦੇਸ਼ ਪਹਿਲਾਂ ਵਾਂਗ ਮਿਲ ਜੁਲਕੇ ਰਹਿਣਗੇ।






# ਜੱਜ ਦਾ ਕਹਿਣਾ ਹੈ ਕਿ ਓਪਨਏਆਈ ਵਿਰੁੱਧ ਐਲੋਨ ਮਸਕ ਦੇ ਮੁਕੱਦਮੇ ਦੀ ਅੰਸ਼ਕ ਸੁਣਵਾਈ ਹੋ ਸਕਦੀ ਹੈ



ਇੱਕ ਸੰਘੀ ਜੱਜ ਨੇ ਮੰਗਲਵਾਰ ਨੂੰ ਕਿਹਾ ਕਿ ਓਪਨਏਆਈ ਦੇ ਖਿਲਾਫ਼ ਐਲੋਨ ਮਸਕ ਦੇ ਮੁਕੱਦਮੇ ਦੇ ਕੁਝ ਹਿੱਸੇ, ਜੋ ਇਸਨੂੰ ਮੁਨਾਫਾ ਕਮਾਉਣ ਵਾਲੀ ਇਕਾਈ 'ਚ ਬਦਲਣ ਤੋਂ ਰੋਕਣ ਦੀ ਕੋਸ਼ਿਸ਼ ਕਰ ਰਹੇ ਹਨ, ਦੀ ਸੁਣਵਾਈ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਟੇਸਲਾ ਦੇ ਸੀਈਓ ਨੂੰ ਅਦਾਲਤ 'ਚ ਪੇਸ਼ ਹੋ ਕੇ ਗਵਾਹੀ ਦੇਣੀ ਪਵੇਗੀ।

"ਇਸ ਮਾਮਲੇ ਵਿੱਚ ਕੁਝ ਮੁਕੱਦਮਾ ਚੱਲਣ ਵਾਲਾ ਹੈ," ਕੈਲੀਫੋਰਨੀਆ ਦੇ ਓਕਲੈਂਡ ਵਿੱਚ ਅਮਰੀਕੀ ਜ਼ਿਲ੍ਹਾ ਜੱਜ ਯਵੋਨ ਗੋਂਜ਼ਾਲੇਜ਼ ਰੋਜਰਸ ਨੇ ਅਦਾਲਤੀ ਸੈਸ਼ਨ ਦੀ ਸ਼ੁਰੂਆਤ ਵਿੱਚ ਕਿਹਾ। "(ਐਲੋਨ ਮਸਕ) ਸਟੈਂਡ 'ਤੇ ਬੈਠੇਗਾ, ਇਸਨੂੰ ਜਿਊਰੀ ਦੇ ਸਾਹਮਣੇ ਪੇਸ਼ ਕਰੇਗਾ, ਅਤੇ ਜਿਊਰੀ ਫੈਸਲਾ ਕਰੇਗੀ ਕਿ ਕੌਣ ਸਹੀ ਹੈ।"

ਰੋਜਰਸ ਮਸਕ ਦੀ ਹਾਲੀਆ ਬੇਨਤੀ 'ਤੇ ਵਿਚਾਰ ਕਰ ਰਹੇ ਸਨ ਕਿ ਓਪਨਏਆਈ ਦੇ ਪਰਿਵਰਤਨ ਨੂੰ ਮੁਕੱਦਮੇ ਵਿੱਚ ਜਾਣ ਤੋਂ ਪਹਿਲਾਂ ਰੋਕਣ ਲਈ ਇੱਕ ਸ਼ੁਰੂਆਤੀ ਹੁਕਮ ਜਾਰੀ ਕੀਤਾ ਜਾਵੇ, ਜੋ ਕਿ ਦੁਨੀਆ ਦੇ ਸਭ ਤੋਂ ਅਮੀਰ ਆਦਮੀ ਅਤੇ ਓਪਨਏਆਈ ਦੇ ਸੀਈਓ ਸੈਮ ਆਲਟਮੈਨ ਵਿਚਕਾਰ ਚੱਲ ਰਹੀ ਭਿਆਨਕ ਲੜਾਈ ਵਿੱਚ ਨਵੀਨਤਮ ਕਦਮ ਹੈ ਜੋ ਅਦਾਲਤ ਵਿੱਚ ਜਨਤਕ ਤੌਰ 'ਤੇ ਚੱਲ ਰਿਹਾ ਹੈ।

ਰੋਜਰਸ ਨੇ ਮੰਗਲਵਾਰ ਨੂੰ ਹੁਕਮ ਜਾਰੀ ਕਰਨ ਦਾ ਫੈਸਲਾ ਨਹੀਂ ਕੀਤਾ, ਪਰ ਇੱਕ ਸਮੇਂ ਉਸਨੇ ਸੁਝਾਅ ਦਿੱਤਾ ਕਿ ਮਸਕ ਦੀ ਕਾਨੂੰਨੀ ਟੀਮ ਨੇ ਹੁਕਮ ਜਾਰੀ ਕਰਨ ਲਈ ਕਾਫ਼ੀ ਸਬੂਤ ਪੇਸ਼ ਨਹੀਂ ਕੀਤੇ ਸਨ, ਅਤੇ ਸੰਕੇਤ ਦਿੱਤਾ ਕਿ ਉਹ ਇੱਕ ਸਬੂਤ ਸੁਣਵਾਈ ਕਰ ਸਕਦੀ ਹੈ, ਜਿੱਥੇ ਦੋਵੇਂ ਧਿਰਾਂ ਗਵਾਹ ਅਤੇ ਸਬੂਤ ਪੇਸ਼ ਕਰ ਸਕਦੀਆਂ ਹਨ। ਆਖਰੀ ਵਾਰ ਰੋਜਰਸ ਨੇ ਮਈ 2021 ਵਿੱਚ ਐਪਲ ਦੇ ਖਿਲਾਫ ਐਪਿਕ ਗੇਮਜ਼ ਦੇ ਮਾਮਲੇ ਵਿੱਚ ਮੁਢਲਾ ਹੁਕਮ ਦਿੱਤਾ ਸੀ।

ਮਸਕ ਨੇ 2015 'ਚ ਆਲਟਮੈਨ ਨਾਲ ਮਿਲ ਕੇ ਓਪਨਏਆਈ ਦੀ ਸਹਿ-ਸਥਾਪਨਾ ਕੀਤੀ, ਪਰ ਇਸਦੇ ਉੱਡਣ ਤੋਂ ਪਹਿਲਾਂ ਹੀ ਕੰਪਨੀ ਛੱਡ ਦਿੱਤੀ ਅਤੇ ਬਾਅਦ ਵਿੱਚ 2023 ਵਿੱਚ ਮੁਕਾਬਲੇਬਾਜ਼ ਏਆਈ ਸਟਾਰਟਅੱਪ xAI ਦੀ ਸਥਾਪਨਾ ਕੀਤੀ। ਓਪਨਏਆਈ ਹੁਣ ਇੱਕ ਗੈਰ-ਮੁਨਾਫ਼ਾ ਸੰਸਥਾ ਤੋਂ ਇੱਕ ਮੁਨਾਫ਼ਾ-ਰਹਿਤ ਸੰਸਥਾ ਵਿੱਚ ਬਦਲਣ ਦੀ ਕੋਸ਼ਿਸ਼ ਕਰ ਰਿਹਾ ਹੈ, ਜਿਸਦਾ ਕਹਿਣਾ ਹੈ ਕਿ ਸਭ ਤੋਂ ਵਧੀਆ ਆਰਟੀਫੀਸ਼ੀਅਲ ਇੰਟੈਲੀਜੈਂਸ ਮਾਡਲ ਵਿਕਸਤ ਕਰਨ ਲਈ ਲੋੜੀਂਦੀ ਪੂੰਜੀ ਨੂੰ ਸੁਰੱਖਿਅਤ ਕਰਨ ਲਈ ਜ਼ਰੂਰੀ ਹੈ। ਪਿਛਲੇ ਸਾਲ, ਮਸਕ ਨੇ ਓਪਨਏਆਈ ਅਤੇ ਆਲਟਮੈਨ ਦੇ ਖਿਲਾਫ ਮੁਕੱਦਮਾ ਦਾਇਰ ਕੀਤਾ, ਜਿਸ 'ਚ ਕਿਹਾ ਗਿਆ ਸੀ ਕਿ ਓਪਨਏਆਈ ਦੇ ਸੰਸਥਾਪਕਾਂ ਨੇ ਅਸਲ 'ਚ ਮਨੁੱਖਤਾ ਦੇ ਫਾਇਦੇ ਲਈ ਏਆਈ ਵਿਕਸਤ ਕਰਨ 'ਤੇ ਕੇਂਦ੍ਰਿਤ ਇੱਕ ਗੈਰ-ਮੁਨਾਫ਼ਾ ਸੰਸਥਾ ਨੂੰ ਫੰਡ ਦੇਣ ਲਈ ਉਸ ਨਾਲ ਸੰਪਰਕ ਕੀਤਾ ਸੀ ਪਰ ਹੁਣ ਉਹ ਪੈਸਾ ਕਮਾਉਣ 'ਤੇ ਕੇਂਦ੍ਰਿਤ ਹਨ।

ਬਾਅਦ ਵਿੱਚ ਉਨ੍ਹਾਂ ਨੇ ਸੰਘੀ ਵਿਸ਼ਵਾਸ-ਵਿਰੋਧੀ ਅਤੇ ਹੋਰ ਦਾਅਵਿਆਂ ਨੂੰ ਜੋੜਨ ਲਈ ਮੁਕੱਦਮੇ ਦਾ ਵਿਸਤਾਰ ਕੀਤਾ ਅਤੇ ਦਸੰਬਰ ਵਿੱਚ ਕੇਸ ਦੀ ਪ੍ਰਧਾਨਗੀ ਕਰ ਰਹੇ ਜੱਜ ਨੂੰ ਓਪਨਏਆਈ ਨੂੰ ਇੱਕ ਮੁਨਾਫ਼ੇ ਵਾਲੀ ਸੰਸਥਾ ਵਿੱਚ ਬਦਲਣ ਤੋਂ ਰੋਕਣ ਲਈ ਕਿਹਾ। ਮਸਕ ਦੇ ਮੁਕੱਦਮੇ ਦੇ ਜਵਾਬ ਵਿੱਚ, ਓਪਨਏਆਈ ਨੇ ਕਿਹਾ ਹੈ ਕਿ ਉਹ ਮਸਕ ਦੇ ਦਾਅਵਿਆਂ ਨੂੰ ਖਾਰਜ ਕਰਨ ਲਈ ਕਦਮ ਚੁੱਕੇਗਾ ਅਤੇ ਮਸਕ ਨੂੰ "ਅਦਾਲਤ ਦੀ ਬਜਾਏ ਬਾਜ਼ਾਰ 'ਚ ਮੁਕਾਬਲਾ ਕਰਨਾ ਚਾਹੀਦਾ ਹੈ।"

ਓਪਨਏਆਈ ਦੇ ਕਾਰਪੋਰੇਟ ਪਰਿਵਰਤਨ 'ਤੇ ਦਾਅ ਹੁਣ ਵੱਧ ਗਿਆ ਹੈ, ਕਿਉਂਕਿ ਓਪਨਏਆਈ ਦਾ $6.6 ਬਿਲੀਅਨ ਦਾ ਆਖਰੀ ਫੰਡ ਇਕੱਠਾ ਕਰਨ ਦਾ ਦੌਰ ਅਤੇ ਸਾਫਟਬੈਂਕ ਨਾਲ ਵਿਚਾਰ-ਵਟਾਂਦਰੇ ਅਧੀਨ $25 ਬਿਲੀਅਨ ਤੱਕ ਦਾ ਇੱਕ ਨਵਾਂ ਦੌਰ ਗੈਰ-ਮੁਨਾਫ਼ਾ ਸੰਗਠਨ ਦੇ ਨਿਯੰਤਰਣ ਨੂੰ ਹਟਾਉਣ ਲਈ ਕੰਪਨੀ ਦੇ ਪੁਨਰਗਠਨ 'ਤੇ ਅਧਾਰਤ ਹੈ। ਸੁਣਵਾਈ ਦੌਰਾਨ, ਓਪਨਏਆਈ ਦੇ ਵਕੀਲਾਂ ਨੇ ਕਿਹਾ ਕਿ ਓਪਨਏਆਈ ਨੂੰ ਇੱਕ ਮੁਨਾਫ਼ਾ-ਰਹਿਤ ਸੰਸਥਾ ਬਣਨ ਦੀ ਇਜਾਜ਼ਤ ਦਿੱਤੀ ਗਈ ਸੀ ਕਿਉਂਕਿ ਇਹ ਗੈਰ-ਮੁਨਾਫ਼ਾ ਸੰਸਥਾ ਦੇ ਮਿਸ਼ਨ ਨੂੰ ਸੁਚਾਰੂ ਬਣਾਉਣ ਲਈ ਜ਼ਰੂਰੀ ਹੋਵੇਗਾ। ਯੂਸੀਐਲਏ ਲਾਅ ਸੈਂਟਰ ਫਾਰ ਫਿਲੈਂਥਰੋਪੀ ਐਂਡ ਨਾਨਪ੍ਰੋਫਿਟਸ ਦੇ ਕਾਰਜਕਾਰੀ ਨਿਰਦੇਸ਼ਕ, ਰੋਜ਼ ਚੈਨ ਲੂਈ ਨੇ ਕਿਹਾ ਕਿ ਅਜਿਹਾ ਪੁਨਰਗਠਨ ਬਹੁਤ ਹੀ ਅਸਾਧਾਰਨ ਹੋਵੇਗਾ। ਉਨ੍ਹਾਂ ਕਿਹਾ ਕਿ ਗੈਰ-ਮੁਨਾਫ਼ਾ ਸੰਸਥਾਵਾਂ ਨੂੰ ਮੁਨਾਫ਼ੇ ਲਈ ਬਦਲਣਾ ਇਤਿਹਾਸਕ ਤੌਰ 'ਤੇ ਹਸਪਤਾਲਾਂ ਵਰਗੀਆਂ ਸਿਹਤ ਸੰਭਾਲ ਸੰਸਥਾਵਾਂ ਦਾ ਅਧਿਕਾਰ ਰਿਹਾ ਹੈ, ਨਾ ਕਿ ਉੱਦਮ ਪੂੰਜੀ-ਸਮਰਥਿਤ ਕੰਪਨੀਆਂ ਦਾ ਹੈ।

## ਹੱਥਕੜੀਆਂ ਅਤੇ ਜ਼ੰਜੀਰਾਂ: ਅਮਰੀਕੀ ਅਧਿਕਾਰੀ ਨੇ 'ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਭਾਰਤ ਭੇਜੇ ਜਾਣ ਦੀ ਵੀਡੀਓ ਕੀਤੀ ਸਾਂਝੀ

ਅਮਰੀਕਾ ਤੋਂ ਡਿਪੋਰਟ ਕੀਤੇ ਗਏ ਲੋਕ ਭਾਰਤ ਵਾਪਸ ਆ ਗਏ ਹਨ। ਇੱਕ ਵਿਸ਼ੇਸ਼ ਜਹਾਜ਼ ਇਨ੍ਹਾਂ ਲੋਕਾਂ ਨੂੰ ਅੰਮ੍ਰਿਤਸਰ ਹਵਾਈ ਅੱਡੇ 'ਤੇ ਲੈ ਆਇਆ ਹੈ। ਕੁੱਲ 104 ਭਾਰਤੀਆਂ ਨੂੰ ਅਮਰੀਕਾ ਤੋਂ ਇੱਕ ਫੌਜੀ ਜਹਾਜ਼ ਰਾਹੀਂ ਡਿਪੋਰਟ ਕੀਤਾ ਗਿਆ ਹੈ।

ਸੰਯੁਕਤ ਰਾਜ ਦੇ ਕਸਟਮ ਅਤੇ ਬਾਰਡਰ ਪ੍ਰੋਟੈਕਸ਼ਨ ਚੀਫ ਮਾਈਕਲ ਡਬਲਯੂ ਬੈਂਕਸ ਨੇ ਵੀਰਵਾਰ ਨੂੰ ਗ਼ੈਰ-ਕਾਨੂੰਨੀ ਭਾਰਤੀ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦਾ ਇੱਕ ਵੀਡੀਓ ਪੋਸਟ ਕੀਤਾ। ਇਹ ਵੀਡੀਓ ਅਮਰੀਕਾ ਵਿੱਚ ਰਹਿ ਰਹੇ 104 ਗੈਰ-ਦਸਤਾਵੇਜ਼ੀ ਭਾਰਤੀਆਂ ਦੇ ਅੰਮ੍ਰਿਤਸਰ ਹਵਾਈ ਅੱਡੇ 'ਤੇ ਉਤਰਨ ਤੋਂ ਇੱਕ ਦਿਨ ਬਾਅਦ ਸਾਂਝਾ ਕੀਤਾ ਗਿਆ ਸੀ।

ਯ 'ਤੇ ਵੀਡੀਓ ਟਵੀਟ ਕਰਦੇ ਹੋਏ ਬੈਂਕਸ ਨੇ ਲਿਖਿਆ, "ਸ਼ਭਫ ਅਤੇ ਭਾਈਵਾਲਾਂ ਨੇ ਸਫ਼ਲਤਾਪੂਰਵਕ ਭਾਰਤ ਵਿੱਚ ਗ਼ੈਰ-ਕਾਨੂੰਨੀ ਪਰਦੇਸੀ ਵਾਪਸ ਭੇਜੇ ਜੋ ਕਿ ਫ਼ੌਜੀ ਆਵਾਜਾਈ ਦੀ ਵਰਤੋਂ ਕਰਦੇ ਹੋਏ ਹੁਣ ਤੱਕ ਦੀ ਸਭ ਤੋਂ ਦੂਰ ਦੇਸ਼ ਨਿਕਾਲੇ ਦੀ ਉਡਾਣ ਹੈ। ਇਹ ਮਿਸ਼ਨ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਲਾਗੂ ਕਰਨ ਲਈ ਸਾਡੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਬੈਂਕਸ ਨੇ ਲਿਖਿਆ ਕਿ ਜੇਕਰ ਤੁਸੀਂ ਗ਼ੈਰ-ਕਾਨੂੰਨੀ ਤਰੀਕੇ ਨਾਲ ਬਾਰਡਰ ਪਾਰ ਕਰਦੇ ਹੋ, ਤਾਂ ਤੁਹਾਨੂੰ ਦੇਸ਼ ਵਿਚੋਂ ਕੱਢ ਦਿੱਤਾ ਜਾਵੇਗਾ।







# ਸਕੂਲ ਦੇ ਹੋਸਟਲ 'ਚ ਲੱਗੀ ਭਿਆਨਕ ਅੱਗ, 17 ਬੱਚਿਆਂ ਦੀ ਮੌਤ



ਅਬੂਜਾ : ਨਾਈਜੀਰੀਆ ਦੇ ਉੱਤਰ-ਪੱਛਮੀ ਰਾਜ ਜ਼ਮਫਾਰਾ ਵਿੱਚ ਇੱਕ ਹੋਸਟਲ ਵਿੱਚ ਅੱਗ ਲੱਗਣ ਕਾਰਨ ਘੱਟੋ-ਘੱਟ 17 ਸਕੂਲੀ ਬੱਚਿਆਂ ਦੀ ਮੌਤ ਹੋ ਗਈ। ਇਕ ਸਥਾਨਕ ਅਧਿਕਾਰੀ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਕੌੜਾ-ਨਮੋਦਾ ਇਲਾਕੇ 'ਚ ਸਥਿਤ ਧਾਰਮਿਕ ਅਧਿਐਨ ਕੇਂਦਰ ਮਕਰੰਤ ਮੱਲਮ ਗਲੀ 'ਚ ਮੰਗਲਵਾਰ ਦੇਰ ਰਾਤ ਅੱਗ ਲੱਗ ਗਈ।

ਦੱਸਿਆ ਜਾ ਰਿਹਾ ਹੈ ਕਿ ਅੱਗ ਸਕੂਲ ਦੀ ਚਾਰਦੀਵਾਰੀ ਵਿੱਚ ਰੱਖੇ ਲੱਕੜ ਦੇ ਢੇਰ ਕਾਰਨ ਲੱਗੀ, ਜਿਸ ਨੂੰ ਕਿਸੇ ਅਣਪਛਾਤੇ ਵਿਅਕਤੀ ਵੱਲੋਂ ਅਚਾਨਕ ਅੱਗ ਲਗਾ ਦਿੱਤੀ ਗਈ। ਘਟਨਾ ਦੇ ਸਮੇਂ ਉੱਥੇ 100 ਦੇ ਕਰੀਬ ਵਿਦਿਆਰਥੀ ਮੌਜੂਦ ਸਨ। ਚਸ਼ਮਦੀਦਾਂ ਨੇ ਦੱਸਿਆ ਕਿ ਅੱਗ ਤਿੰਨ ਘੰਟੇ ਤੋਂ ਵੱਧ ਸਮੇਂ ਤੱਕ ਜਾਰੀ ਰਹੀ ਅਤੇ ਸਥਾਨਕ ਸਕੂਲ ਅਧਿਕਾਰੀਆਂ ਨੇ ਸ਼ੁਰੂ ਵਿੱਚ ਮੰਨਿਆ ਕਿ ਸਾਰੇ ਵਿਦਿਆਰਥੀਆਂ ਨੂੰ ਬਾਹਰ ਕੱਢ ਲਿਆ ਗਿਆ ਸੀ, ਹਾਲਾਂਕਿ ਅੱਗ ਬੁਝਾਉਣ ਤੋਂ ਬਾਅਦ ਪਤਾ ਲੱਗਿਆ ਕਿ ਸਾਰੇ ਵਿਦਿਆਰਥੀਆਂ ਨੂੰ ਬਾਹਰ ਨਹੀਂ ਕੱਢਿਆ ਗਿਆ ਸੀ।


# ਕੈਨੇਡਾ 'ਚ 2 ਭਾਰਤੀ ਮੂਲ ਦੇ ਲੋਕ ਡਰੱਗ ਦੀ ਵੱਡੀ ਖੇਪ ਨਾਲ ਗ੍ਰਿਫ਼ਤਾਰ



ਕੈਲਗਰੀ : ਹਾਲ ਹੀ ਵਿਚ ਕੈਨੇਡਾ ਵਿਚ ਭਾਰਤੀ ਮੂਲ ਦੇ 2 ਲੋਕਾਂ ਨੂੰ ਨਸ਼ੀਲੇ ਪਦਾਰਥ ਫੈਂਟਾਨਿਲ ਦੀ ਵੱਡੀ ਮਾਤਰਾ ਨਾਲ ਗ੍ਰਿਫਤਾਰ ਕੀਤਾ ਗਿਆ ਹੈ। ਸਵਾਤੀ ਨਰੂਲਾ ਅਤੇ ਕੁੰਵਰਦੀਪ ਸਿੰਘ ਨੂੰ 28 ਜਨਵਰੀ ਨੂੰ ਕੈਲਗਰੀ ਵਿਚ ਗ੍ਰਿਫਤਾਰ ਕੀਤਾ ਗਿਆ ਸੀ।

ਰਾਇਲ ਕੈਨੇਡੀਅਨ ਮਾਊਂਟੇਡ ਪੁਲਿਸ (ਆਰ.ਸੀ.ਐੱਮ.ਪੀ.) ਅਨੁਸਾਰ, ਅਧਿਕਾਰੀਆਂ ਨੂੰ ਸਵਾਤੀ ਨਰੂਲਾ ਅਤੇ ਕੁੰਵਰਦੀਪ ਸਿੰਘ ਦੀ ਗੱਡੀ ਦੇ ਸਪੇਅਰ ਟਾਇਰ ਹੇਠਾਂ ਲੁਕਾਇਆ ਗਿਆ 8 ਕਿਲੋਗ੍ਰਾਮ ਫੈਂਟਾਨਿਲ ਮਿਲਿਆ, ਜਿਸ ਤੋਂ ਬਾਅਦ ਦੋਵਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਮੁਲਜ਼ਮਾਂ ਨੇ ਜਾਂਚਕਰਤਾਵਾਂ ਨੂੰ ਦੱਸਿਆ ਕਿ ਉਹ ਰੇਜੀਨਾ ਜਾ ਰਹੇ ਸਨ। ਉਨ੍ਹਾਂ 'ਤੇ ਕੈਨੇਡਾ ਦੇ ਨਿਯੰਤਰਿਤ ਡਰੱਗਜ਼ ਅਤੇ ਪਦਾਰਥ ਐਕਟ ਦੇ ਤਹਿਤ ਤਸਕਰੀ ਦੇ ਉਦੇਸ਼ ਲਈ ਨਸ਼ੀਲੇ ਪਦਾਰਥ ਰੱਖਣ ਦਾ ਦੋਸ਼ ਲਗਾਇਆ ਗਿਆ ਹੈ। ਭਾਰਤੀ ਮੂਲ ਦੇ ਇਨ੍ਹਾਂ ਲੋਕਾਂ ਦੀ ਗ੍ਰਿਫ਼ਤਾਰੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਦੇਸ਼ ਵਿਚ ਫੈਂਟਾਨਿਲ ਦੇ ਪ੍ਰਵਾਹ ਨੂੰ ਰੋਕਣ 'ਚ ਅਸਫਲ ਰਹਿਣ 'ਤੇ ਕੈਨੇਡਾ, ਚੀਨ ਅਤੇ ਮੈਕਸੀਕੋ ਤੋਂ ਆਉਣ ਵਾਲੇ ਸਾਮਾਨ 'ਤੇ ਨਵੇਂ ਟੈਰਿਫ ਲਗਾਉਣ ਦੇ ਐਲਾਨ ਦਰਮਿਆਨ ਹੋਈ ਹੈ। ਹਾਲਾਂਕਿ ਟਰੰਪ ਨੇ ਕੈਨੇਡਾ ਅਤੇ ਮੈਕਸੀਕੋ ਨੂੰ 30 ਦਿਨਾਂ ਦੀ ਮੋਹਲਤ ਦੇ ਦਿੱਤੀ ਹੈ।

ਆਰ.ਸੀ.ਐੱਮ.ਪੀ. ਦੇ ਇੱਕ ਬਿਆਨ ਵਿਚ ਕਿਹਾ ਗਿਆ, "ਇਹ ਇਕ ਮਹੱਤਵਪੂਰਨ ਫੈਂਟਾਨਿਲ ਜ਼ਬਤੀ ਹੈ। ਧਿਆਨ ਰਹੇ ਕਿ ਫੈਂਟਾਨਿਲ ਦੇ ਕੁਝ ਦਾਣੇ ਹੀ ਸੰਭਾਵੀ ਤੌਰ 'ਤੇ ਘਾਤਕ ਓਵਰਡੋਜ਼ ਦਾ ਕਾਰਨ ਬਣ ਸਕਦੇ ਹਨ। ਅਸੀਂ ਇਸ ਖਤਰਨਾਕ ਡਰੱਗ ਨੂੰ ਆਪਣੇ ਭਾਈਚਾਰਿਆਂ ਵਿਚ ਦਾਖਲ ਹੋਣ ਨੂੰ ਰੋਕ ਦਿੱਤਾ ਹੈ।" ਬਿਆਨ ਵਿਚ ਕਿਹਾ ਗਿਆ ਹੈ, "ਉਮੀਦ ਹੈ ਕਿ ਇਹ ਉਨ੍ਹਾਂ ਲੋਕਾਂ ਲਈ ਇੱਕ ਸੰਦੇਸ਼ ਵਜੋਂ ਕੰਮ ਕਰੇਗਾ, ਜੋ ਸਾਡੇ ਸੂਬੇ ਵਿਚ ਗੈਰ-ਕਾਨੂੰਨੀ ਚੀਜ਼ਾਂ ਲਿਆਉਣ ਦਾ ਬਦਲ ਚੁਣਦੇ ਹਨ। ਸਾਡੇ ਅਧਿਕਾਰੀ ਤੁਹਾਡੇ 'ਤੇ ਨਜ਼ਰ ਰੱਖ ਰਹੇ ਹਨ।"






# ਡਿਪੋਰਟ ਕੀਤੇ ਗਏ ਭਾਰਤੀ ਪਰਵਾਸੀਆਂ ਦਾ ਅਪਰਾਧਿਕ ਰਿਕਾਰਡ ਜਾਂਚਿਆ ਜਾਵੇਗਾ: ਡੀਜੀਪੀ



ਚੰਡੀਗੜ੍ਹ : ਪੰਜਾਬ ਪੁਲੀਸ ਦੇ ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਅਮਰੀਕਾ ਤੋਂ ਡਿਪੋਰਟ ਕੀਤੇ ਗਏ ਗੈਰਕਾਨੂੰਨੀ ਭਾਰਤੀ ਪਰਵਾਸੀਆਂ ਨਾਲ ਪੰਜਾਬ ਸਰਕਾਰ ਤੇ ਪੁਲੀਸ ਨਰਮੀ ਨਾਲ ਪੇਸ਼ ਆਵੇਗੀ ਤੇ ਦੋਸਤਾਨਾ ਰਵੱਈਆ ਰੱਖੇਗੀ ਪਰ ਪੁਲੀਸ ਵਲੋਂ ਉਨ੍ਹਾਂ ਦਾ ਅਪਰਾਧਿਕ ਰਿਕਾਰਡ ਜਾਂਚਿਆ ਜਾਵੇਗਾ ਤੇ ਉਸ ਅਨੁਸਾਰ ਹੀ ਅਗਲੀ ਕਾਰਵਾਈ ਕੀਤੀ ਜਾਵੇਗੀ। ਇਨ੍ਹਾਂ ਪਰਵਾਸੀਆਂ ਦੇ ਭਲਕੇ ਅੰਮ੍ਰਿਤਸਰ ਆਉਣ ਦੀ ਸੰਭਾਵਨਾ ਹੈ। ਇਨ੍ਹਾਂ ਗੈਰਕਾਨੂੰਨੀ ਭਾਰਤੀ ਪਰਵਾਸੀਆਂ ਨੂੰ ਲੈ ਕੇ ਅਮਰੀਕੀ ਫੌਜੀ ਮਾਲਵਾਹਕ ਜਹਾਜ਼ ਭਾਰਤ ਲਈ ਰਵਾਨਾ ਹੋ ਚੁੱਕਾ ਹੈ। ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਹਰੇਕ ਡਿਪੋਰਟ ਕੀਤੇ ਗਏ ਪਰਵਾਸੀ ਤੋਂ ਉਨ੍ਹਾਂ ਦੇ ਗੈਰਕਾਨੂੰਨੀ ਇਮੀਗ੍ਰੇਸ਼ਨ ਦੇ ਪਿਛੋਕੜ ਦੇ ਵੇਰਵੇ ਹਾਸਲ ਕਰਨ ਲਈ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਇੱਕ ਅਧਿਕਾਰੀ ਨੇ ਕਿਹਾ ਕਿ ਡਿਪੋਰਟ ਕੀਤੇ ਗਏ ਇਹ ਵਿਅਕਤੀ ਗੈਰਕਾਨੂੰਨੀ ਇਮੀਗ੍ਰੇਸ਼ਨ ਬਾਰੇ ਅਸਲ ਜਾਣਕਾਰੀ ਪ੍ਰਦਾਨ ਕਰ ਸਕਦੇ ਹਨ ਜਿਸ ਰਾਹੀਂ ਪਤਾ ਲੱਗੇਗਾ ਕਿ ਡੰਕੀ ਰੂਟ ਜ਼ਰੀਏ ਟਰੈਵਲ ਏਜੰਟ ਲੋਕਾਂ ਨੂੰ ਕਿਵੇਂ ਲੁੱਟਦੇ ਹਨ। ਇਸ ਤੋਂ ਪਹਿਲਾਂ ਪੱਤਰਕਾਰਾਂ ਨੇ ਡੀਜੀਪੀ ਨੂੰ ਜਦੋਂ ਪੁੱਛਿਆ ਕਿ ਪੁਲੀਸ ਅਮਰੀਕਾ ਤੋਂ ਡਿਪੋਰਟ ਕੀਤੇ ਗਏ 200 ਤੋਂ ਵੱਧ ਗੈਰਕਾਨੂੰਨੀ ਪਰਵਾਸੀਆਂ ਨਾਲ ਕਿਵੇਂ ਨਜਿੱਠੇਗੀ ਜੋ ਇੱਕ ਵਿਸ਼ੇਸ਼ ਉਡਾਣ ਰਾਹੀਂ ਭਾਰਤ ਆ ਰਹੇ ਹਨ। ਡੀਜੀਪੀ ਯਾਦਵ ਨੇ ਕਿਹਾ, 'ਸਾਨੂੰ ਹਾਲੇ ਉਨ੍ਹਾਂ ਦੀ ਪਛਾਣ ਅਤੇ ਉਨ੍ਹਾਂ ਦੇ ਕੇਸਾਂ ਬਾਰੇ ਪਤਾ ਨਹੀਂ ਹੈ ਪਰ ਅਸੀਂ ਕੇਂਦਰੀ ਏਜੰਸੀਆਂ ਦੇ ਸੰਪਰਕ ਵਿੱਚ ਹਾਂ।' ਇਸ ਤੋਂ ਇਲਾਵਾ ਪੁਲੀਸ ਦੀਆਂ ਕੇਂਦਰੀ ਏਜੰਸੀਆਂ ਵੱਲੋਂ ਭਲਕ ਸਵੇਰੇ 8 ਵਜੇ ਅੰਮ੍ਰਿਤਸਰ ਹਵਾਈ ਅੱਡੇ 'ਤੇ ਉਤਰਨ ਵੇਲੇ ਪਰਵਾਸੀਆਂ ਤੋਂ ਪੁੱਛਗਿੱਛ ਕਰਨ ਅਤੇ ਉਨ੍ਹਾਂ ਦੇ ਬਿਆਨ ਦਰਜ ਕਰਨ ਦੀ ਵੀ ਸੰਭਾਵਨਾ ਹੈ।

## ਆਸਟਰੇਲੀਆ ਨੇ ਆਨਲਾਈਨ ਨਵ-ਨਾਜ਼ੀ ਨੈੱਟਵਰਕ 'ਤੇ ਲਾਈ ਪਾਬੰਦੀ



ਆਸਟਰੇਲੀਆ ਦੀ ਸੰਘੀ ਸਰਕਾਰ ਨੇ ਅੱਜ ਇਕ ਨਵ-ਨਾਜ਼ੀ ਆਨਲਾਈਨ ਸਮੂਹ ਵਿਰੁਧ ਪਾਬੰਦੀਆਂ ਲਗਾਈਆਂ ਹਨ ਜੋ ਹਿੰਸਾ ਦੀਆਂ ਕਾਰਵਾਈਆਂ ਦਾ ਖੁੱਲ੍ਹ ਕੇ ਸਮਰਥਨ ਕਰਦਾ ਹੈ। ਅਸਲ ਵਿਚ ਆਸਟਰੇਲੀਆ ਨੇ ਯਹੂਦੀ ਵਿਰੋਧੀ ਹਮਲਿਆਂ ਪ੍ਰਤੀ ਅਪਣੀ ਪ੍ਰਤੀਕਿਰਿਆ ਨੂੰ ਤੇਜ਼ ਕਰ ਦਿਤਾ ਹੈ। ਵਿਦੇਸ਼ ਮੰਤਰੀ ਪੈਨੀ ਵੋਂਗ ਨੇ ਗੋਰੇ ਸਰਵਉਚਤਾਵਾਦੀ ਅਤਿਵਾਦੀ ਨੈੱਟਵਰਕ ਟੈਰਰਗ੍ਰਾਮ ਵਿਰੁਧ ਅਤਿਵਾਦ ਵਿਰੋਧੀ ਵਿੱਤ ਉਪਾਵਾਂ ਦਾ ਐਲਾਨ ਕੀਤਾ। ਇਹ ਪਹਿਲੀ ਵਾਰ ਹੈ ਜਦੋਂ ਸਿਰਫ਼ ਆਨਲਾਈਨ ਅਧਾਰਤ ਕਿਸੇ ਸੰਗਠਨ ਨੂੰ ਆਸਟਰੇਲੀਆਈ ਸਰਕਾਰ ਵਲੋਂ ਅਤਿਵਾਦ ਵਿਰੋਧੀ ਵਿੱਤੀ ਪਾਬੰਦੀਆਂ ਦਾ ਸਾਹਮਣਾ ਕਰਨਾ ਪਿਆ ਹੈ। ਉਸ ਨੇ ਕਿਹਾ, 'ਟੈਰਰਗ੍ਰਾਮ ਇਕ ਆਨਲਾਈਨ ਨੈੱਟਵਰਕ ਹੈ ਜੋ ਗੋਰੇ ਸਰਵਉਚਤਾ ਅਤੇ ਨਸਲੀ ਤੌਰ 'ਤੇ ਪ੍ਰੇਰਿਤ ਹਿੰਸਾ ਨੂੰ ਉਤਸ਼ਾਹਤ ਕਰਦਾ ਹੈ। ਟੈਰਰਗ੍ਰਾਮ ਦੀਆਂ ਸੰਪਤੀਆਂ ਦੀ ਵਰਤੋਂ ਕਰਨਾ ਜਾਂ ਉਨ੍ਹਾਂ ਨੂੰ ਉਪਲਬਧ ਕਰਾਉਣਾ ਹੁਣ ਇਕ ਅਪਰਾਧ ਹੈ।' ਜੁਰਮਾਨਿਆਂ ਵਿਚ 10 ਸਾਲ ਤਕ ਦੀ ਕੈਦ ਅਤੇ ਭਾਰੀ ਜੁਰਮਾਨੇ ਸ਼ਾਮਲ ਹਨ। ਵੋਂਗ ਨੇ ਕਿਹਾ ਕਿ ਹਿੰਸਕ ਨਸਲਵਾਦੀ ਅਤੇ ਰਾਸ਼ਟਰਵਾਦੀ ਵਿਚਾਰਧਾਰਾਵਾਂ ਨੂੰ ਉਤਸ਼ਾਹਿਤ ਕਰਨ ਵਾਲੇ ਚਾਰ ਹੋਰ ਸਮੂਹਾਂ ਨੈਸ਼ਨਲ ਸੋਸ਼ਲਿਸਟ ਆਰਡਰ, ਰਸ਼ੀਅਨ ਇੰਪੀਰੀਅਲ ਮੂਵਮੈਂਟ, ਸੋਨੇਨਕ੍ਰੀਗ ਡਿਵੀਜ਼ਨ ਅਤੇ ਦ ਬੇਸ ਨੂੰ ਵੀ ਅੱਤਵਾਦ ਵਿਰੋਧੀ ਵਿੱਤੀ ਪਾਬੰਦੀਆਂ ਲਈ ਦੁਬਾਰਾ ਸੂਚੀਬੱਧ ਕੀਤਾ ਗਿਆ ਹੈ। ਉਸ ਨੇ ਕਿਹਾ, 'ਇਹ ਅਲਬਾਨੀਜ਼ ਸਰਕਾਰ ਦੀ ਲੋਕਾਂ ਨੂੰ ਆਨਲਾਈਨ ਭਰਤੀ ਕਰਨ ਅਤੇ ਕੱਟੜਪੰਥੀ ਬਣਾਉਣ ਤੋਂ ਰੋਕਣ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਆਸਟ?ਰੇਲੀਆ ਵਿੱਚ ਯਹੂਦੀ-ਵਿਰੋਧ, ਨਫ਼ਰਤ ਜਾਂ ਹਿੰਸਾ ਲਈ ਕੋਈ ਥਾਂ ਨਹੀਂ ਹੈ।' ਵਖਰੇ ਤੌਰ 'ਤੇ ਵੋਂਗ ਨੇ ਅਤਿਵਾਦੀ ਸੈੱਲ ਹਿਜ਼ਬੁੱਲਾ ਦੇ ਨਵੇਂ ਸਕੱਤਰ ਜਨਰਲ ਅਤੇ ਇਸ ਦੇ ਬੁਲਾਰੇ ਨਈਮ ਕਾਸਿਮ ਵਿਰੁਧ ਵੀ ਪਾਬੰਦੀਆਂ ਦਾ ਐਲਾਨ ਕੀਤਾ।

## ਟਰੰਪ ਦੀ ਦੇਸ਼ ਨਿਕਾਲਾ ਮੁਹਿੰਮ ਖ਼ਿਲਾਫ਼ ਅਮਰੀਕਾ 'ਚ ਪ੍ਰਦਰਸ਼ਨ

### ਲਾਸ ਏਂਜਲਸ 'ਚ ਅਹਿਮ ਮਾਰਗ ਕਰੀਬ ਪੰਜ ਘੰਟੇ ਤੱਕ ਜਾਮ ਰੱਖਿਆ



ਲਾਸ ਏਂਜਲਸ : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਪਰਵਾਸੀਆਂ ਦੀ ਵੱਡੇ ਪੱਧਰ 'ਤੇ ਦੇਸ਼ ਨਿਕਾਲਾ ਮੁਹਿੰਮ ਦੇ ਵਿਰੋਧ 'ਚ ਐਤਵਾਰ ਨੂੰ ਦੱਖਣੀ ਕੈਲੀਫੋਰਨੀਆ 'ਚ ਹਜ਼ਾਰਾਂ ਲੋਕਾਂ ਨੇ ਰੋਸ ਮਾਰਚ ਕੀਤਾ। ਲਾਸ ਏਂਜਲਸ 'ਚ ਪ੍ਰਦਰਸ਼ਨਕਾਰੀਆਂ ਨੇ ਕਰੀਬ ਪੰਜ ਘੰਟੇ ਤੱਕ ਅਹਿਮ ਮਾਰਗ ਨੂੰ ਜਾਮ ਰੱਖਿਆ।

ਪ੍ਰਦਰਸ਼ਨਕਾਰੀ ਸਵੇਰੇ ਹੀ ਲਾਸ ਏਂਜਲਸ ਦੀ ਇਤਿਹਾਸਕ ਓਲਵੇਰਾ ਸਟਰੀਟ 'ਤੇ ਇਕੱਠੇ ਹੋਏ ਅਤੇ ਸਿਟੀ ਹਾਲ ਵੱਲ ਮਾਰਚ ਸ਼ੁਰੂ ਕੀਤਾ। ਉਨ੍ਹਾਂ ਹੱਥਾਂ 'ਚ 'ਕੋਈ ਵੀ ਗ਼ੈਰ-ਕਾਨੂੰਨੀ ਨਹੀਂ' ਵਰਗੇ ਬੈਨਰ ਫੜੇ ਹੋਏ ਸਨ ਅਤੇ ਉਹ ਇਮੀਗਰੇਸ਼ਨ ਸੁਧਾਰਾਂ ਨੂੰ ਲੈ ਕੇ ਨਾਅਰੇਬਾਜ਼ੀ ਕਰ ਰਹੇ ਸਨ। ਪ੍ਰਦਰਸ਼ਨਕਾਰੀਆਂ ਨੇ ਹੱਥਾਂ 'ਚ ਮੈਕਸਿਕੋ ਅਤੇ ਅਮਰੀਕ ਦੇ ਝੰਡੇ ਵੀ ਫੜੇ ਹੋਏ ਸਨ। ਇਕ ਬੈਨਰ 'ਤੇ 'ਇਮੀਗਰੈਂਟਸ ਮੇਕ ਅਮਰੀਕਾ ਗਰੇਟ' ਲਿਖਿਆ ਹੋਇਆ ਸੀ। ਦੁਪਹਿਰ ਤੱਕ ਪ੍ਰਦਰਸ਼ਨਕਾਰੀਆਂ ਨੇ ਯੂਐੱਸ 101 ਦੀਆਂ ਸਾਰੀਆਂ ਲੇਨਾਂ ਨੂੰ ਜਾਮ ਕਰ ਦਿੱਤਾ ਜਿਸ ਨਾਲ ਦੋਵੇਂ ਪਾਸਿਆਂ 'ਤੇ ਆਵਾਜਾਈ ਠੱਪ ਹੋ ਗਈ। ਕੈਲੀਫੋਰਨੀਆ ਹਾਈਵੇਅ ਪੈਟਰੋਲ ਅਤੇ ਲਾਸ ਏਂਜਲਸ ਪੁਲੀਸ ਵਿਭਾਗ ਨੇ ਕਿਹਾ ਕਿ ਕਿਸੇ ਵੀ ਪ੍ਰਦਰਸ਼ਨਕਾਰੀ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਹੈ। ਰਿਵਰਸਾਈਡ ਸ਼ਹਿਰ 'ਚ ਵੀ ਸੈਂਕੜੇ ਲੋਕਾਂ ਨੇ ਪ੍ਰਦਰਸ਼ਨ ਕੀਤੇ। ਵਾਹਨ ਚਾਲਕਾਂ ਨੇ ਪ੍ਰਦਰਸ਼ਨਕਾਰੀਆਂ ਦੇ ਹੱਕ 'ਚ ਹਾਰਨ ਵਜਾਏ। ਸਾਂ ਡਿਏਗੋ 'ਚ ਸੈਂਕੜੇ ਲੋਕਾਂ ਨੇ ਸ਼ਹਿਰ ਦੇ ਕਨਵੈਨਸ਼ਨ ਸੈਂਟਰ ਨੇੜੇ ਪ੍ਰਦਰਸ਼ਨ ਕੀਤਾ। ਟੈਕਸਸ ਅਤੇ ਡੱਲਾਸ 'ਚ ਕਰੀਬ 1,600 ਵਿਅਕਤੀਆਂ ਨੇ ਰੈਲੀਆਂ ਕੀਤੀਆਂ।

# ਪੰਜਾਬ ਪੁਲੀਸ ਨੇ ਅਮਰੀਕਾ 'ਚ ਮੌਜੂਦ ਲੋੜੀਂਦੇ ਅਪਰਾਧੀਆਂ ਦੀ ਹਵਾਲਗੀ ਲਈ ਤਿਆਰੀ ਕੱਸੀ

### 100 ਅਪਰਾਧੀਆਂ ਦੀ ਕੇਸ ਹਿਸਟਰੀ ਤਿਆਰ; 20 ਅਪਰਾਧੀ ਅਮਰੀਕਾ 'ਚ ਸਰਗਰਮ



ਚੰਡੀਗੜ੍ਹ : ਪੰਜਾਬ ਪੁਲੀਸ ਨੇ ਅਪਰਾਧਿਕ ਪਿਛੋਕੜ ਵਾਲੇ ਕਰੀਬ 100 ਲੋੜੀਂਦੇ ਅਪਰਾਧੀਆਂ ਦੀ ਸੂਚੀ ਤਿਆਰ ਕੀਤੀ ਹੈ, ਜਿਨ੍ਹਾਂ ਵਿਚੋਂ 20 ਜਣਿਆਂ ਦੇ ਅਮਰੀਕਾ ਵਿਚ ਲੁਕੇ ਹੋਣ ਦਾ ਖ਼ਦਸ਼ਾ ਹੈ। ਪੰਜਾਬ ਪੁਲੀਸ ਨੇ ਇਹ ਦਾਅਵਾ ਅਜਿਹੇ ਮੌਕੇ ਕੀਤਾ ਹੈ ਜਦੋਂ ਗੈਰਕਾਨੂੰਨੀ ਭਾਰਤੀ ਪਰਵਾਸੀਆਂ ਨੂੰ ਲੈ ਕੇ ਅਮਰੀਕੀ ਫੌਜੀ ਮਾਲਵਾਹਕ ਜਹਾਜ਼ ਭਾਰਤ ਲਈ ਰਵਾਨਾ ਹੋ ਚੁੱਕਾ ਹੈ। ਪੰਜਾਬ ਪੁਲੀਸ ਕੋਲ ਹਾਲਾਂਕਿ ਵਾਪਸ ਭਾਰਤ ਭੇਜੇ ਗਏ ਗ਼ੈਰਕਾਨੂੰਨੀ ਪਰਵਾਸੀਆਂ ਦੀ ਪਛਾਣ ਬਾਰੇ ਕੋਈ ਜਾਣਕਾਰੀ ਨਹੀਂ ਹੈ। ਪੁਲੀਸ ਪਰਵਾਸੀਆਂ ਦੀ ਪਛਾਣ ਅਤੇ ਡਿਪੋਰਟੇਸ਼ਨ ਦੀ ਪ੍ਰਕਿਰਿਆ ਦੇ ਸਬੰਧ ਵਿੱਚ ਵਿਦੇਸ਼ ਤੇ ਅਤੇ ਗ੍ਰਹਿ ਮੰਤਰਾਲਿਆਂ ਦੇ ਨਾਲ ਕੌਮੀ ਜਾਂਚ ਏਜੰਸੀ (NIA) ਦੇ ਸੰਪਰਕ ਵਿੱਚ ਹੈ। ਅਮਰੀਕਾ ਵਿਚ ਮੌਜੂਦ ਲੋੜੀਂਦੇ ਅਪਰਾਧੀਆਂ ਵਿਚ ਸਿੱਧੂ ਮੂਸੇਵਾਲਾ ਕਤਲ ਕੇਸ ਦਾ ਮੁਲਜ਼ਮ ਅਨਮੋਲ ਬਿਸ਼ਨੋਈ, ਪੰਜਾਬ ਦੇ ਪੁਲੀਸ ਥਾਣਿਆਂ 'ਤੇ ਗ੍ਰੇਨੇਡ ਹਮਲਿਆਂ ਵਿਚ ਸ਼ਾਮਲ ਹੈਪੀ ਪਾਸੀਆ, ਨਸ਼ਾ ਤਸਕਰ ਸਰਵਣ ਭੋਲਾ ਤੇ ਗੋਪੀ ਨਵਾਸ਼ਹਿਰੀਆ ਆਦਿ ਸ਼ਾਮਲ ਹਨ। ਅਨਮੋਲ ਬਿਸ਼ਨੋਈ ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਛੋਟਾ ਭਰਾ ਹੈ।

ਸੀਨੀਅਰ ਪੁਲੀਸ ਅਧਿਕਾਰੀ ਨੇ ਕਿਹਾ, ''ਇਸ ਗੱਲ ਦੀ ਬਹੁਤ ਘੱਟ ਸੰਭਾਵਨਾ ਹੈ ਕਿ ਅਮਰੀਕਾ ਤੋਂ ਡਿਪੋਰਟ ਕੀਤੇ ਗਏ ਗ਼ੈਰਕਾਨੂੰਨੀ ਪਰਵਾਸੀਆਂ ਵਿਚ ਖ਼ਤਰਨਾਕ ਅਪਰਾਧੀ ਸ਼ਾਮਲ ਹੋਣ, ਜੋ ਪੰਜਾਬ ਤੇ ਦੇਸ਼ ਦੇ ਹੋਰਨਾਂ ਹਿੱਸਿਆਂ ਵਿਚ ਲੋੜੀਂਦੇ ਹਨ। ਪਰ ਜਦੋਂ ਤੋਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਗੈਰਕਾਨੂੰਨੀ ਪਰਵਾਸੀਆਂ ਤੇ ਅਪਰਾਧੀਆਂ ਖਿਲਾਫ਼ ਕਾਰਵਾਈ ਦੇ ਹੁਕਮ ਦਿੱਤੇ ਹਨ, ਅਸੀਂ ਅਪਰਾਧੀਆਂ ਦੀ ਹਵਾਲਗੀ ਤੇ ਵਤਨ ਵਾਪਸੀ ਲਈ ਕੰਮ ਕਰ ਰਹੇ ਹਾਂ।'' ਅਧਿਕਾਰੀ ਨੇ ਕਿਹਾ, ''ਕਾਊਂਟਰ ਇੰਟੈਲੀਜੈਂਸ ਯੂਨਿਟ, ਐਂਟੀ-ਨਾਰਕੋਟਿਕਸ ਟਾਸਕ ਫੋਰਸ ਤੇ ਐਂਟੀ-ਗੈਂਗਸਟਰ ਟਾਸਕ ਫੋਰਸ ਵੱਲੋਂ ਕਰੀਬ 100 ਅਪਰਾਧੀਆਂ ਦੀ ਕੇਸ ਹਿਸਟਰੀ ਨੂੰ ਅੰਤਿਮ ਰੂਪ ਦਿੱਤਾ ਗਿਆ ਹੈ। ਅਸੀਂ ਰੂਟੀਨ ਵਿਚ ਫਾਈਲਾਂ ਤਿਆਰ ਰੱਖਦੇ ਹਾਂ ਤੇ ਜ਼ਰੂਰੀ ਦਸਤਾਵੇਜ਼ ਤੇ ਹੋਰ ਪ੍ਰਵਾਨਗੀਆਂ ਨੂੰ ਪੂਰਾ ਕੀਤਾ ਜਾ ਰਿਹਾ ਹੈ।'' ਅਧਿਕਾਰੀ ਨੇ ਕਿਹਾ, ''ਅਮਰੀਕੀ ਰਾਸ਼ਟਰਪਤੀ ਦਾ ਇਹ ਬਿਆਨ ਪੰਜਾਬ ਪੁਲੀਸ ਲਈ ਹੱਲਾਸ਼ੇਰੀ ਵਾਲਾ ਹੈ ਕਿ ਉਹ (ਟਰੰਪ) ਅਮਰੀਕੀ ਧਰਤੀ ਨੂੰ ਕਿਸੇ ਦੂਜੇ ਮੁਲਕ ਖਿਲਾਫ਼ ਹਿੰਸਕ ਕਾਰਵਾਈਆਂ ਲਈ ਨਹੀਂ ਵਰਤਣ ਦੇਣਗੇ। ਪੰਜਾਬ ਪੁਲੀਸ ਵੱਲੋਂ ਸਿੱਖਸ ਫਾਰ ਜਸਟਿਸ ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਸਣੇ ਲੋੜੀਂਦੇ ਅਪਰਾਧੀਆਂ ਦੀ ਵਤਨ ਵਾਪਸੀ ਜਾਂ ਹਵਾਲਗੀ ਲਈ ਕੋਸ਼ਿਸ਼ਾਂ ਜਾਰੀ ਹਨ। ਲਿਹਾਜ਼ਾ ਇਸ ਨੂੰ ਅਮਲ ਵਿਚ ਲਿਆਉਣ ਲਈ ਅਸੀਂ ਕੇਸ ਫਾਈਲਾਂ ਤਿਆਰ ਰੱਖੀਆਂ ਹਨ।'' ਅਧਿਕਾਰੀ ਨੇ ਕਿਹਾ, ''ਗ਼ੈਰਕਾਨੂੰਨੀ ਪਰਵਾਸੀਆਂ ਨੂੰ ਡਿਪੋਰਟ ਕਰਨ ਦਾ ਮਤਲਬ ਹੈ ਕਿ ਅਮਰੀਕਾ ਆਪਣੀ ਧਰਤੀ 'ਤੇ ਸਰਗਰਮ ਪੰਜਾਬ ਦੇ ਗੈਂਗਸਟਰਾਂ, ਜੋ ਪੰਜਾਬ ਵਿਚ ਹਿੰਸਕ ਕਾਰਵਾਈਆਂ 'ਚ ਸ਼ਾਮਲ ਹਨ, ਖਿਲਾਫ਼ ਕਾਰਵਾਈ ਤੇਜ਼ ਕਰ ਸਕਦਾ ਹੈ।''

## ਉੱਤਰੀ ਸੀਰੀਆ 'ਚ ਕਾਰ ਬੰਬ ਧਮਾਕੇ 'ਚ 15 ਲੋਕਾਂ ਦੀ ਮੌਤ

ਦਮਿਸ਼ਕ: ਉੱਤਰੀ ਸੀਰੀਆ ਦੇ ਇੱਕ ਸ਼ਹਿਰ ਦੇ ਬਾਹਰਵਾਰ ਇੱਕ ਕਾਰ ਬੰਬ ਧਮਾਕੇ ਵਿੱਚ ਘੱਟੋ-ਘੱਟ 15 ਲੋਕ ਮਾਰੇ ਗਏ ਅਤੇ ਦਰਜਨਾਂ ਜ਼ਖਮੀ ਹੋ ਗਏ। ਸਥਾਨਕ ਸਿਵਲ ਸੁਰੱਖਿਆ ਏਜੰਸੀ ਅਤੇ ਇੱਕ ਯੁੱਧ ਨਿਗਰਾਨੀ ਏਜੰਸੀ ਨੇ ਇਹ ਜਾਣਕਾਰੀ ਦਿੱਤੀ। ਸਥਾਨਕ ਸੀਰੀਆਈ ਸਿਵਲ ਡਿਫੈਂਸ ਵਿਭਾਗ ਨੇ ਦੱਸਿਆ ਕਿ ਮਨਬਿਜ ਸ਼ਹਿਰ ਦੇ ਬਾਹਰਵਾਰ ਖੇਤੀਬਾੜੀ ਕਾਮਿਆਂ ਨੂੰ ਲੈ ਕੇ ਜਾ ਰਹੇ ਇੱਕ ਵਾਹਨ ਦੇ ਨੇੜੇ ਇੱਕ ਕਾਰ ਵਿੱਚ ਧਮਾਕਾ ਹੋਇਆ, ਜਿਸ ਵਿੱਚ 14 ਔਰਤਾਂ ਅਤੇ ਇੱਕ ਪੁਰਸ਼ ਦੀ ਮੌਤ ਹੋ ਗਈ। ਇਨ੍ਹਾਂ ਤੋਂ ਇਲਾਵਾ 15 ਔਰਤਾਂ ਜ਼ਖਮੀ ਹੋਈਆਂ ਹਨ, ਜਿਨ੍ਹਾਂ ਵਿੱਚੋਂ ਕੁਝ ਦੀ ਹਾਲਤ ਗੰਭੀਰ ਹੈ।

ਇਸ ਦੌਰਾਨ, ਯੁੱਧ ਨਿਗਰਾਨੀ ਸਮੂਹ ਸੀਰੀਅਨ ਆਬਜ਼ਰਵੇਟਰੀ ਫਾਰ ਹਿਊਮਨ ਰਾਈਟਸ ਨੇ ਕਿਹਾ ਕਿ 18 ਔਰਤਾਂ ਅਤੇ ਇੱਕ ਆਦਮੀ ਮਾਰੇ ਗਏ ਹਨ। ਇਸ ਸੰਸਥਾ ਦਾ ਮੁੱਖ ਦਫਤਰ ਬ੍ਰਿਟੇਨ ਵਿੱਚ ਹੈ। ਦਸੰਬਰ ਵਿੱਚ ਰਾਸ਼ਟਰਪਤੀ ਬਸ਼ਰ ਅਲ-ਅਸਦ ਨੂੰ ਗੱਦੀਓਂ ਲਾਹ ਦਿੱਤੇ ਜਾਣ ਤੋਂ ਬਾਅਦ ਉੱਤਰ-ਪੂਰਬੀ ਅਲੇਪੋ ਸੂਬੇ ਦੇ ਮਨਬਿਜ ਵਿੱਚ ਹਿੰਸਾ ਜਾਰੀ ਹੈ। ਤੁਰਕੀ-ਸਮਰਥਿਤ ਸਮੂਹ, ਜਿਨ੍ਹਾਂ ਨੂੰ ਸੀਰੀਅਨ ਨੈਸ਼ਨਲ ਆਰਮੀ ਵਜੋਂ ਜਾਣਿਆ ਜਾਂਦਾ ਹੈ, ਅਮਰੀਕਾ-ਸਮਰਥਿਤ ਕੁਰਦਿਸ਼-ਅਗਵਾਈ ਵਾਲੇ ਸੀਰੀਅਨ ਡੈਮੋਕ੍ਰੇਟਿਕ ਫੋਰਸਿਜ਼ ਨਾਲ ਟਕਰਾਅ ਜਾਰੀ ਰੱਖਦੇ ਹਨ।

# ਚੀਨ ਨੇ ਅਮਰੀਕਾ ਤੋਂ ਕੋਲਾ, ਐਲ.ਐਨ.ਜੀ ਦਰਾਮਦ 'ਤੇ 15 ਫ਼ੀਸਦੀ ਟੈਰਿਫ਼ ਲਗਾਉਣ ਦਾ ਕੀਤਾ ਐਲਾਨ

### ਗੂਗਲ ਦੇ ਵੀ ਹੋਵੇਗੀ ਜਾਂਚ, ਸੋਮਵਾਰ ਤੋਂ ਲਾਗੂ ਹੋ ਜਾਣਗੇ ਟੈਰਿਫ਼: ਬੀਜਿੰਗ ਵਣਜ ਮੰਤਰਾਲਾ

ਅਮਰੀਕਾ ਵਲੋਂ ਚੀਨ 'ਤੇ 10 ਫ਼ੀ ਸਦੀ ਵਾਧੂ ਟੈਰਿਫ਼ ਲਾਉਣ ਮਗਰੋਂ ਹੁਣ ਚੀਨ ਨੇ ਵੀ ਅਮਰੀਕਾ ਵਿਰੁਧ ਜਵਾਬੀ ਕਾਰਵਾਈ ਕੀਤੀ ਹੈ। ਚੀਨ ਨੇ ਅਮਰੀਕਾ ਤੋਂ ਕੋਲੇ ਅਤੇ ਐਲਐਨਜੀ ਦੀ ਦਰਾਮਦ 'ਤੇ 15% ਟੈਰਿਫ਼ ਲਗਾਉਣ ਦਾ ਐਲਾਨ ਕਰ ਦਿਤਾ ਹੈ। ਚੀਨ ਨੇ ਮੰਗਲਵਾਰ ਨੂੰ ਕਿਹਾ ਕਿ ਉਹ ਅਮਰੀਕਾ ਤੋਂ ਕੋਲੇ ਅਤੇ ਤਰਲ ਕੁਦਰਤੀ ਗੈਸ (ਐਨਐਚਜੀ) ਦੀ ਦਰਾਮਦ 'ਤੇ 15 ਫ਼ੀ ਸਦੀ ਟੈਰਿਫ਼ ਲਗਾਏਗਾ, ਜਦੋਂ ਕਿ ਵਾਸ਼ਿੰਗਟਨ ਨੇ ਚੀਨੀ ਸਮਾਨ 'ਤੇ 10 ਫੀਸਦੀ ਡਿਊਟੀ ਲਗਾਈ ਹੈ।

ਬੀਜਿੰਗ ਦੇ ਵਣਜ ਮੰਤਰਾਲੇ ਨੇ ਕਿਹਾ, ''ਕੋਲਾ ਅਤੇ ਤਰਲ ਕੁਦਰਤੀ ਗੈਸ (ਐਲਐਨਜੀ) 'ਤੇ 15 ਪ੍ਰਤੀਸ਼ਤ ਟੈਰਿਫ਼ ਲਗਾਇਆ ਜਾਵੇਗਾ। ਇਹ ਦਰਾਂ ਅਗਲੇ ਸੋਮਵਾਰ ਤੋਂ ਲਾਗੂ ਹੋਣਗੀਆਂ। ਚੀਨ ਦੇ ਵਣਜ ਮੰਤਰਾਲੇ ਨੇ ਮੰਗਲਵਾਰ ਨੂੰ ਘੋਸ਼ਣਾ ਕੀਤੀ ਕਿ ਉਹ ਕਈ ਉਤਪਾਦਾਂ 'ਤੇ ਅਮਰੀਕਾ ਦੇ ਵਿਰੁਧ ਜਵਾਬੀ ਟੈਰਿਫ਼ ਲਗਾ ਰਿਹਾ ਹੈ ਅਤੇ ਗੂਗਲ ਦੀ ਜਾਂਚ ਸਮੇਤ ਹੋਰ ਵਪਾਰ-ਸਬੰਧਤ ਉਪਾਵਾਂ ਦਾ ਵੀ ਐਲਾਨ ਕੀਤਾ ਹੈ।'' ਸਰਕਾਰ ਨੇ ਕਿਹਾ ਕਿ ਉਹ ਕੋਲੇ ਅਤੇ ਤਰਲ ਕੁਦਰਤੀ ਗੈਸ ਉਤਪਾਦਾਂ 'ਤੇ 15% ਟੈਰਿਫ਼ ਲਗਾਏਗੀ, ਨਾਲ ਹੀ ਕੱਚੇ ਤੇਲ, ਖੇਤੀਬਾੜੀ ਮਸ਼ੀਨਰੀ, ਵੱਡੀਆਂ ਵਿਸਥਾਪਨ ਵਾਲੀਆਂ ਕਾਰਾਂ 'ਤੇ 10% ਟੈਰਿਫ਼ ਲਗਾਏਗੀ।



ਬਿਆਨ ਵਿਚ ਕਿਹਾ ਗਿਆ ਹੈ, ''ਅਮਰੀਕਾ ਦਾ ਇਕਪਾਸੜ ਟੈਰਿਫ਼ ਵਾਧਾ ਡਬਲਊਟੀਓ ਨਿਯਮਾਂ ਦੀ ਗੰਭੀਰਤਾ ਨਾਲ ਉਲੰਘਣਾ ਕਰਦਾ ਹੈ। ਇਹ ਨਾ ਸਿਰਫ਼ ਆਪਣੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਮਦਦਗਾਰ ਨਹੀਂ ਹੈ, ਸਗੋਂ ਚੀਨ ਅਤੇ ਅਮਰੀਕਾ ਵਿਚਕਾਰ ਆਮ ਆਰਥਕ ਅਤੇ ਵਪਾਰਕ ਸਹਿਯੋਗ ਨੂੰ ਵੀ ਨੁਕਸਾਨ ਪਹੁੰਚਾਉਂਦਾ ਹੈ।'' ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਚੀਨ 'ਤੇ ਲਗਾਏ ਗਏ 10% ਟੈਰਿਫ਼ ਮੰਗਲਵਾਰ ਤੋਂ ਲਾਗੂ ਹੋਣੇ ਸਨ, ਹਾਲਾਂਕਿ ਟਰੰਪ ਅਗਲੇ ਕੁਝ ਦਿਨਾਂ ਵਿਚ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਗੱਲ ਕਰਨ ਦੀ ਯੋਜਨਾ ਬਣਾ ਰਹੇ ਹਨ। ਚੀਨ ਦੇ ਸਟੇਟ ਐਡਮਨਿਸਟਰੇਸ਼ਨ ਫਾਰ ਮਾਰਕੀਟ ਰੈਗੂਲੇਸ਼ਨ ਨੇ ਮੰਗਲਵਾਰ ਨੂੰ ਕਿਹਾ ਕਿ ਉਹ ਐਂਟੀਟਰਸਟ ਕਾਨੂੰਨਾਂ ਦੀ ਉਲੰਘਣਾ ਦੇ ਸ਼ੱਕ 'ਤੇ ਗੂਗਲ ਦੀ ਜਾਂਚ ਕਰ ਰਿਹਾ ਹੈ। ਹਾਲਾਂਕਿ ਘੋਸ਼ਣਾ ਵਿਚ ਕਿਸੇ ਵੀ ਟੈਰਿਫ਼ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਨਹੀਂ ਕੀਤਾ ਗਿਆ ਸੀ, ਪਰ ਇਹ ਘੋਸ਼ਣਾ ਟਰੰਪ ਦੇ 10% ਟੈਰਿਫ਼ ਲਾਗੂ ਹੋਣ ਤੋਂ ਕੁਝ ਮਿੰਟ ਬਾਅਦ ਆਈ ਹੈ।



# ਝੂਠਾ ਪੁਲੀਸ ਮੁਕਾਬਲਾ: ਸਾਬਕਾ ਐੱਸਐੱਚਓ ਤੇ ਥਾਣੇਦਾਰ ਨੂੰ ਉਮਰ ਕੈਦ

## ਦੋ ਨੌਜਵਾਨਾਂ ਨੂੰ ਨਾਜਾਇਜ਼ ਹਿਰਾਸਤ 'ਚ ਰੱਖ ਕੇ ਮਾਰਨ ਦਾ ਦੋਸ਼; ਦੋ-ਦੋ ਲੱਖ ਰੁਪਏ ਜੁਰਮਾਨਾ; ਪੀੜਤ ਪਰਿਵਾਰਾਂ ਨੂੰ ਕਰੀਬ 32 ਸਾਲਾਂ ਬਾਅਦ ਮਿਲਿਆ ਇਨਸਾਫ਼



ਮੁਹਾਲੀ : ਇਥੋਂ ਦੀ ਵਿਸ਼ੇਸ਼ ਸੀਬੀਆਈ ਅਦਾਲਤ ਨੇ 32 ਸਾਲ ਪੁਰਾਣੇ ਝੂਠੇ ਪੁਲੀਸ ਮੁਕਾਬਲੇ ਦਾ ਨਿਬੇੜਾ ਕਰਦਿਆਂ ਮਜੀਠਾ ਥਾਣੇ ਦੇ ਸਾਬਕਾ ਐੱਸਐੱਚਓ ਗੁਰਭਿੰਦਰ ਸਿੰਘ ਅਤੇ ਏਐੱਸਆਈ ਪ੍ਰਸ਼ੋਤਮ ਸਿੰਘ ਨੂੰ ਦੋਸ਼ੀ ਕਰਾਰ ਦਿੰਦਿਆਂ ਉਮਰ ਕੈਦ ਅਤੇ 2-2 ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਸਾਬਕਾ ਐੱਸਐੱਚਓ ਅਤੇ ਥਾਣੇਦਾਰ 'ਤੇ ਸਾਲ 1992 ਵਿੱਚ ਅੰਮ੍ਰਿਤਸਰ ਦੇ ਦੋ ਨੌਜਵਾਨਾਂ ਫੌਜੀ ਬਲਦੇਵ ਸਿੰਘ ਦੇਬਾ ਵਾਸੀ ਬਾਸਰਕੇ ਭੈਣੀ ਅਤੇ ਲਖਵਿੰਦਰ ਸਿੰਘ ਸੁਲਤਾਨਵਿੰਡ ਨੂੰ ਜ਼ਬਰਦਸਤੀ ਘਰੋਂ ਚੁੱਕ ਕੇ ਨਾਜਾਇਜ਼ ਹਿਰਾਸਤ ਵਿੱਚ ਰੱਖਣ ਅਤੇ ਝੂਠੇ ਪੁਲੀਸ ਮੁਕਾਬਲੇ ਵਿੱਚ ਮਾਰਨ ਦਾ ਦੋਸ਼ ਹੈ। ਮੁਲਜ਼ਮ ਹਰਭਜਨ ਸਿੰਘ, ਮਹਿੰਦਰ ਸਿੰਘ, ਪ੍ਰਸ਼ੋਤਮ ਲਾਲ, ਮੋਹਨ ਸਿੰਘ ਅਤੇ ਜੱਸਾ ਸਿੰਘ ਦੀ ਮੌਤ ਹੋ ਚੁੱਕੀ ਹੈ। ਇਸ ਮਾਮਲੇ ਵਿੱਚ ਨਾਮਜ਼ਦ ਸਾਬਕਾ ਡੀਐੱਸਪੀ ਐੱਸਐੱਸ ਸਿੱਧੂ ਅਤੇ ਸੀਆਈਏ ਸਟਾਫ਼ ਦੇ ਇੰਚਾਰਜ ਸਾਬਕਾ ਇੰਸਪੈਕਟਰ ਚਮਨ ਲਾਲ ਨੂੰ ਪਿਛਲੀ ਤਰੀਕ 'ਤੇ ਦੋਸ਼ ਮੁਕਤ ਕਰਾਰ ਦਿੱਤਾ ਗਿਆ ਸੀ।

ਪੀੜਤ ਪਰਿਵਾਰਾਂ ਵੱਲੋਂ ਇਸ ਕੇਸ ਦੀ ਪੈਰਵੀ ਕਰ ਰਹੇ ਵਕੀਲਾਂ ਸਰਬਜੀਤ ਸਿੰਘ ਵੇਰਕਾ, ਪੁਸ਼ਪਿੰਦਰ ਸਿੰਘ ਨੱਤ ਅਤੇ ਜਗਜੀਤ ਸਿੰਘ ਬਾਜਵਾ ਨੇ ਦੱਸਿਆ ਕਿ ਦੋਸ਼ੀਆਂ ਨੂੰ ਧਾਰਾ 302 ਵਿੱਚ ਉਮਰ ਕੈਦ ਅਤੇ 2-2 ਲੱਖ ਰੁਪਏ ਜੁਰਮਾਨਾ ਅਤੇ ਸਬੂਤ ਮਿਟਾਉਣ ਦੇ ਦੋਸ਼ ਹੇਠ ਧਾਰਾ 218 ਵਿੱਚ 2-2 ਸਾਲ ਦੀ ਕੈਦ ਅਤੇ 25-25 ਹਜ਼ਾਰ ਰੁਪਏ ਜੁਰਮਾਨਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ 1992 ਵਿੱਚ ਮਜੀਠਾ ਪੁਲੀਸ ਵੱਲੋਂ ਬਲਦੇਵ ਸਿੰਘ ਦੇਬਾ ਵਾਸੀ ਬਾਸਰਕੇ ਅਤੇ ਲਖਵਿੰਦਰ ਸਿੰਘ ਸੁਲਤਾਨਵਿੰਡ ਨੂੰ ਜਬਰੀ ਚੁੱਕ ਕੇ ਬਾਅਦ ਵਿੱਚ ਮੁਕਾਬਲੇ ਵਿੱਚ ਮਾਰੇ ਗਏ ਦਿਖਾਇਆ ਗਿਆ ਸੀ। ਉਸ ਸਮੇਂ ਪੁਲੀਸ ਅਧਿਕਾਰੀਆਂ ਨੇ ਇਹ ਦਾਅਵਾ ਕੀਤਾ ਸੀ ਕਿ ਦੋਵੇਂ ਨੌਜਵਾਨ ਅਤਿਵਾਦੀ ਸਨ, ਜਿਨ੍ਹਾਂ ਦੇ ਸਿਰ 'ਤੇ ਇਨਾਮ ਰੱਖਿਆ ਹੋਇਆ ਸੀ ਅਤੇ ਉਹ ਕਤਲ, ਜਬਰੀ ਵਸੂਲੀ, ਲੁੱਟ-ਖਸੁੱਟ ਆਦਿ ਦੇ ਸੈਂਕੜੇ ਮਾਮਲਿਆਂ ਵਿੱਚ ਸ਼ਾਮਲ ਸਨ। ਬੇਅੰਤ ਸਿੰਘ ਸਰਕਾਰ ਵਿੱਚ ਕੈਬਨਿਟ ਮੰਤਰੀ ਰਹੇ ਗੁਰਮੇਜ ਸਿੰਘ ਦੇ ਪੁੱਤਰ ਦੇ ਕਤਲ ਦਾ ਦੋਸ਼ ਵੀ ਇਨ੍ਹਾਂ ਸਿਰ ਹੀ ਮੜ੍ਹਿਆ ਗਿਆ ਸੀ।

ਸਿਖਰਲੀ ਅਦਾਲਤ ਨੇ 15 ਨਵੰਬਰ 1995 ਨੂੰ ਮਾਮਲੇ ਦੀ ਜਾਂਚ ਸੀਬੀਆਈ ਨੂੰ ਸੌਂਪੀ ਸੀ। ਇਸ ਕੇਸ ਨੂੰ ਪੰਜਾਬ ਪੁਲੀਸ ਵੱਲੋਂ ਵੱਡੇ ਪੱਧਰ 'ਤੇ ਅਣਪਛਾਤੀਆਂ ਲਾਸ਼ਾਂ ਦੇ ਸਸਕਾਰ ਮਾਮਲੇ ਨਾਲ ਜੋੜਿਆ ਗਿਆ। ਸੀਬੀਆਈ ਦੀ ਮੁੱਢਲੀ ਜਾਂਚ ਵਿੱਚ ਸਾਹਮਣੇ ਆਇਆ ਕਿ ਬਲਦੇਵ ਸਿੰਘ ਉਰਫ਼ ਦੇਬਾ ਨੂੰ 6 ਸਤੰਬਰ 1992 ਨੂੰ ਪਿੰਡ ਬਾਸਰਕੇ ਭੈਣੀ ਵਿੱਚ ਘਰ ਤੋਂ ਐੱਸਆਈ ਮਹਿੰਦਰ ਸਿੰਘ ਅਤੇ ਹਰਭਜਨ ਸਿੰਘ ਦੀ ਅਗਵਾਈ ਵਾਲੀ ਟੀਮ ਨੇ ਚੁੱਕਿਆ ਸੀ। ਇੰਜ ਹੀ ਲਖਵਿੰਦਰ ਸਿੰਘ ਉਰਫ਼ ਲੱਖਾ ਵਾਸੀ ਪਿੰਡ ਸੁਲਤਾਨਵਿੰਡ ਨੂੰ 12 ਸਤੰਬਰ 1992 ਨੂੰ ਪ੍ਰੀਤਨਗਰ ਅੰਮ੍ਰਿਤਸਰ ਸਥਿਤ ਉਸ ਦੇ ਕਿਰਾਏ ਦੇ ਮਕਾਨ 'ਚੋਂ ਕੁਲਵੰਤ ਸਿੰਘ ਨਾਲ ਐੱਸਆਈ ਗੁਰਭਿੰਦਰ ਸਿੰਘ ਥਾਣਾ ਮਜੀਠਾ ਦੀ ਅਗਵਾਈ ਵਾਲੀ ਟੀਮ ਨੇ ਗ੍ਰਿਫ਼ਤਾਰ ਕੀਤਾ ਸੀ ਪਰ ਬਾਅਦ ਵਿੱਚ ਪੁਲੀਸ ਨੇ ਕੁਲਵੰਤ ਸਿੰਘ ਨੂੰ ਛੱਡ ਦਿੱਤਾ ਸੀ।

# ਅਮਰੀਕਾ 'ਚੋਂ ਡਿਪੋਰਟ ਹੋਏ ਨੌਜਵਾਨਾਂ ਨੂੰ ਲੈ ਕੇ ਬੋਲੇ ਰਾਜਾ ਵੜਿੰਗ



ਚੰਡੀਗੜ੍ਹ: ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਲੁਧਿਆਣਾ ਤੋਂ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਨਾਕਾਮੀਆਂ 'ਤੇ ਚਾਨਣਾ ਪਾਉਂਦੇ ਹੋਏ ਉਨ੍ਹਾਂ ਦੀਆਂ ਸਰਕਾਰਾਂ ਨੂੰ ਭਾਰਤੀ ਅਤੇ ਪੰਜਾਬੀ ਨੌਜਵਾਨਾਂ ਦੀ ਦੁਰਦਸ਼ਾ ਲਈ ਜ਼ਿੰਮੇਵਾਰ ਠਹਿਰਾਇਆ, ਜਿਨ੍ਹਾਂ ਨੂੰ ਹਾਲ ਹੀ ਵਿੱਚ ਵਿਦੇਸ਼ਾਂ ਵਿੱਚ ਬਿਹਤਰ ਮੌਕਿਆਂ ਦੀ ਭਾਲ ਵਿੱਚ ਗਏ 200 ਤੋਂ ਵੱਧ ਭਾਰਤੀਆਂ ਨੂੰ ਦੇਸ਼ ਨਿਕਾਲਾ ਦੇਣ ਤੋਂ ਬਾਅਦ ਜ਼ਿੰਦਗੀ ਜ਼ੋਖਮ ਪਾ ਲਈ ਹੈ ਜਿਸ ਵਿੱਚ ਪੰਜਾਬ ਦੇ 30 ਨੌਜਵਾਨ ਵੀ ਸ਼ਾਮਲ ਹਨ। ਪ੍ਰਦੇਸ਼ ਕਾਂਗਰਸ ਪ੍ਰਧਾਨ ਨੇ ਦਾਅਵਾ ਕੀਤਾ ਕਿ ਇਹ ਕੇਂਦਰ ਵਿੱਚ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਅਤੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਜ਼ਿੰਮੇਵਾਰ ਹੈ। "ਇੱਕ ਪਾਸੇ, ਪ੍ਰਧਾਨ ਮੰਤਰੀ ਮੋਦੀ '2 ਕਰੋੜ ਨੌਕਰੀਆਂ' ਦਾ ਵਾਅਦਾ ਕਰਦੇ ਹਨ ਅਤੇ ਆਪਣੀ 'ਮੇਕ ਇਨ ਇੰਡੀਆ' ਪਹਿਲਕਦਮੀ ਦਾ ਪ੍ਰਚਾਰ ਕਰਦੇ ਹਨ, ਦੂਜੇ ਪਾਸੇ, ਸਾਡੇ ਨੌਜਵਾਨ ਵਿਦੇਸ਼ਾਂ ਵਿੱਚ ਪਰਵਾਸ ਕਰਨ ਲਈ ਕੋਸ਼ਿਸ਼ਾਂ ਕਰ ਰਹੇ ਹਨ ਤੇ ਜਿਸ ਲਈ ਆਪਣੀਆਂ ਜੱਦੀ ਜ਼ਮੀਨਾਂ ਅਤੇ ਗਹਿਣੇ ਵੇਚ ਰਹੇ ਹਨ," ਵੜਿੰਗ ਨੇ ਕਿਹਾ। "ਇਹ ਇਸ਼ਤਿਹਾਰ ਵਾਲੀਆਂ ਨੌਕਰੀਆਂ ਕਿੱਥੇ ਹਨ? ਇਹਨਾਂ ਦੇ ਰੁਜ਼ਗਾਰ ਲਈ ਕੋਈ ਸਮਰਥਨ ਕਿਉਂ ਨਹੀਂ ਹੈ ਅਤੇ ਦੇਸ਼ ਵਿੱਚ ਸਾਡੇ ਪ੍ਰਤਿਭਾਸ਼ਾਲੀ ਨੌਜਵਾਨਾਂ ਨੂੰ ਬਰਕਰਾਰ ਰੱਖਣ ਲਈ ਕੋਈ ਯਤਨ ਕਿਉਂ ਨਹੀਂ ਹੈ?" ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਦੀ ਵਿਡੰਬਨਾ ਨੂੰ ਉਜਾਗਰ ਕਰਦੇ ਹੋਏ, ਵੜਿੰਗ ਨੇ ਕਿਹਾ, "ਅੰਮ੍ਰਿਤਸਰ ਹਵਾਈ ਅੱਡੇ 'ਤੇ ਝੂਠੇ ਹੋਰਡਿੰਗ ਅਤੇ ਇਸ਼ਤਿਹਾਰ ਇਹ ਐਲਾਨ ਕਰਦੇ ਹਨ ਕਿ ਪੰਜਾਬ ਸਰਕਾਰ ਨੇ 50,000 ਦੇ ਕਰੀਬ ਨੌਕਰੀਆਂ ਦਿੱਤੀਆਂ ਹਨ। ਫਿਰ ਵੀ, ਉਸੇ ਹਵਾਈ ਅੱਡੇ 'ਤੇ ਅੱਜ 30 ਪੰਜਾਬੀ ਨੌਜਵਾਨ 40-50 ਲੱਖ ਰੁਪਏ ਖਰਚ ਕਰਕੇ ਉਨ੍ਹਾਂ ਸੁਪਨਿਆਂ ਦਾ ਪਿੱਛਾ ਕਰਨ ਗਏ ਅੱਜ ਜੰਜ਼ੀਰਾਂ ਨਾਲ ਵਾਪਸ ਪਰਤਦੇ ਦੇਖੇ ਗਏ ਜਿਨ੍ਹਾਂ ਸੁਪਨਿਆਂ ਨੂੰ 'ਆਪ' ਅਤੇ ਭਾਜਪਾ ਸਰਕਾਰਾਂ ਬੇਰਹਿਮੀ ਨਾਲ ਪੂਰਾ ਕਰਨ ਵਿੱਚ ਅਸਫਲ ਰਹੀਆਂ ਹਨ। ਕੀ ਇਹ ਉਹ 'ਰੁਜ਼ਗਾਰ ਕ੍ਰਾਂਤੀ' ਹੈ ਜਿਸਦਾ ਵਾਅਦਾ ਦੋਵਾਂ ਸਰਕਾਰਾਂ ਨੇ ਕੀਤਾ ਸੀ?"

ਵੜਿੰਗ ਭਾਜਪਾ ਦੀਆਂ ਰਾਸ਼ਟਰੀ ਨੀਤੀਆਂ ਅਤੇ ਉਨ੍ਹਾਂ ਦੇ ਨਤੀਜਿਆਂ 'ਤੇ ਸਵਾਲ ਉਠਾਉਣ ਤੋਂ ਪਿੱਛੇ ਨਹੀਂ ਹਟੇ। "ਰੁਪਇਆ ਡਿੱਗ ਰਿਹਾ ਹੈ, ਬੇਰੁਜ਼ਗਾਰੀ ਵਧ ਰਹੀ ਹੈ, ਅਤੇ ਆਰਥਿਕਤਾ ਢਹਿ-ਢੇਰੀ ਹੋ ਰਹੀ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਸਮੇਤ ਵਿਸ਼ਵ ਨੇਤਾਵਾਂ ਨਾਲ ਮੋਦੀ ਦੀ ਅਖੌਤੀ ਦੋਸਤੀ ਨੇ ਭਾਰਤੀ ਨਾਗਰਿਕਾਂ ਨੂੰ ਬੇਇੱਜ਼ਤੀ ਨਾਲ ਦੇਸ਼ ਨਿਕਾਲਾ ਦਿੱਤੇ ਜਾਣ ਤੋਂ ਰੋਕਣ ਲਈ ਕੁਝ ਨਹੀਂ ਕੀਤਾ," ਉਹਨਾਂ ਨੇ ਟਿੱਪਣੀ ਕੀਤੀ। "ਕੀ ਇਹ 'ਅੱਛੇ ਦਿਨ' ਦੀ ਹਕੀਕਤ ਹੈ?

ਮੁੱਖ ਮੰਤਰੀ ਨੂੰ ਉਸਦੇ ਖੋਖਲੇ ਵਾਅਦਿਆਂ ਲਈ ਨਿੰਦਾ ਕਰਦੇ ਹੋਏ, ਵੜਿੰਗ ਨੇ ਕਿਹਾ, "ਭਗਵੰਤ ਮਾਨ ਨੇ ਦਾਅਵਾ ਕੀਤਾ ਸੀ ਕਿ ਵਿਦੇਸ਼ਾਂ ਤੋਂ ਲੋਕ ਨੌਕਰੀਆਂ ਲਈ ਪੰਜਾਬ ਆਉਣਗੇ। ਪਰ ਦੇਖੋ ਕਿ ਅਸੀਂ ਅੱਜ ਕਿੱਥੇ ਹਾਂ? ਸਾਡੇ ਨੌਜਵਾਨ, ਜਿਨ੍ਹਾਂ ਨੇ ਆਪਣਾ ਸਭ ਕੁਝ ਵਾਰ ਦਿੱਤਾ ਅਤੇ ਅੱਜ ਡਿਪੋਰਟ ਹੋ ਕੇ ਵਾਪਿਸ ਆ ਰਹੇ ਹਨ। ਪੰਜਾਬ ਸਰਕਾਰ ਅਜਿਹਾ ਮਾਹੌਲ ਕਿਉਂ ਬਣਾਉਣ ਵਿੱਚ ਅਸਫਲ ਰਹੀ ਹੈ ਜਿੱਥੇ ਨੌਜਵਾਨ ਤਰੱਕੀ ਕਰ ਸਕਣ? ਮੁੱਖ ਮੰਤਰੀ ਨੂੰ ਜਵਾਬ ਦੇਣਾ ਚਾਹੀਦਾ ਹੈ।" ਵੜਿੰਗ ਨੇ ਰਾਜ ਭਰ ਵਿੱਚ ਅਣਚਾਹੇ ਇਮੀਗ੍ਰੇਸ਼ਨ ਕੇਂਦਰਾਂ ਦੇ ਨਾਲ-ਨਾਲ ਗੁਜਰਾਤ ਨਾਲ ਸਬੰਧਤ ਡਿਪੋਰਟੀਆਂ ਦੀ ਗਿਣਤੀ ਬਾਰੇ ਵੀ ਗੰਭੀਰ ਚਿੰਤਾਵਾਂ ਉਠਾਈਆਂ। "ਇਨ੍ਹਾਂ ਗੈਰ-ਕਾਨੂੰਨੀ ਇਮੀਗ੍ਰੇਸ਼ਨ ਕੇਂਦਰਾਂ ਨੂੰ ਬਿਨਾਂ ਕਿਸੇ ਸਜ਼ਾ ਦੇ ਕੰਮ ਕਰਨ ਦੀ ਇਜਾਜ਼ਤ ਕਿਉਂ ਦਿੱਤੀ ਜਾਂਦੀ ਹੈ? ਪ੍ਰਧਾਨ ਮੰਤਰੀ ਦੇ ਗ੍ਰਿਹ ਰਾਜ ਗੁਜਰਾਤ ਵਿੱਚ ਅੱਜ ਸਭ ਤੋਂ ਵੱਧ ਡਿਪੋਰਟੀ ਸਨ। ਜੇਕਰ ਇਹ ਗੁਜਰਾਤ ਰਾਜ ਹੈ, ਤਾਂ ਬਾਕੀ ਦੇਸ਼ ਨੂੰ ਕੀ ਉਮੀਦ ਹੈ?" ਉਹਨਾਂ ਨੇ ਪੁੱਛਿਆ। ਉਸਨੇ ਕੇਂਦਰ ਸਰਕਾਰ ਦੇ ਡਿਪੋਰਟੀ ਫਲਾਈਟ ਨੂੰ ਅੰਮ੍ਰਿਤਸਰ ਵਿੱਚ ਉਤਾਰਨ ਦੇ ਫੈਸਲੇ ਦੀ ਵੀ ਨਿੰਦਾ ਕੀਤੀ, ਹਾਲਾਂਕਿ ਜ਼ਿਆਦਾਤਰ ਡਿਪੋਰਟੀ ਹਰਿਆਣਾ ਅਤੇ ਗੁਜਰਾਤ ਤੋਂ ਹਨ।

# ਖੇਤਰੀ ਭਾਸ਼ਾਵਾਂ ਨੂੰ ਲੈ ਕੇ MP ਸਤਨਾਮ ਸਿੰਘ ਸੰਧੂ ਦਾ ਸੰਸਦ 'ਚ ਵੱਡਾ ਬਿਆਨ



ਨਵੀਂ ਦਿੱਲੀ: ਸਾਂਸਦ ਸਤਨਾਮ ਸਿੰਘ ਸੰਧੂ ਨੇ ਪੰਜਾਬੀ ਭਾਸ਼ਾ ਦੇ ਮੁੱਦੇ ਨੂੰ ਸੰਸਦ ਵਿੱਚ ਚੁੱਕਿਆ। ਇਸ ਮੌਕੇ ਸਤਨਾਮ ਸਿੰਘ ਸੰਧੂ ਨੇ ਕਿਹਾ ਹੈ ਕਿ ਪੰਜਾਬੀ ਭਾਸ਼ਾ ਦੀਆਂ 28 ਬੋਲੀਆਂ ਸਨ ਪਰ ਹੁਣ ਇਹ ਸੁੰਗੜ ਕੇ 4 ਰਹਿ ਗਈਆ ਹਨ।

ਉਨ੍ਹਾਂ ਨੇ ਕਿਹਾ ਹੈ ਕਿ ਹੁਣ ਪੰਜਾਬ ਵਿੱਚ ਮਾਲਵਾਈ, ਮਾਝੀ, ਦੁਆਬੀ ਅਤੇ ਪੁਆਧੀ ਬੋਲੀਆ ਹੀ ਬਚੀਆ ਹਨ। ਉਨ੍ਹਾਂ ਨੇ ਕਿਹਾ ਹੈ ਕਿ ਜਦੋਂ ਕੋਈ ਵੀ ਬੱਚਾ ਆਪਣੀ ਮਾਂ ਬੋਲੀ ਭਾਸ਼ਾ ਪੜ੍ਹਦਾ ਹੈ ਤਾਂ ਉਹ ਜਲਦੀ ਸਿੱਖਦਾ ਹੈ ਪਰ ਸਕੂਲ ਵਿੱਚ ਟਕਸਾਲੀ ਪੰਜਾਬੀ ਪੜ੍ਹਾਈ ਜਾਂਦੀ ਹੈ।

ਸੰਧੂ ਨੇ ਕਿਹਾ ਹੈ ਕਿ ਜਦੋਂ ਤੱਕ ਬੱਚਾ ਆਪਣੀ ਬੋਲੀ ਵਿੱਚ ਨਹੀਂ ਪੜ੍ਹਦਾ ਉਦੋਂ ਤੱਕ ਉਸ ਨੂੰ ਸਿੱਖਿਆ ਗ੍ਰਹਿਣ ਕਰਨ ਵਿੱਚ ਸਮੱਸਿਆ ਆਉਂਦੀ ਹੈ। ਸੰਧੂ ਨੇ ਕਿਹਾ ਹੈ ਕਿ ਨਵੀਂ ਸਿੱਖਿਆ ਨੀਤੀ ਦੇ ਖੇਤਰੀ ਭਸ਼ਾਵਾਂ ਨੂੰ ਪਹਿਲ ਦਿੱਤੀ ਹੈ ਇਸ ਲਈ ਪੀਐੱਮ ਮੋਦੀ ਦਾ ਧੰਨਵਾਦੀ ਹਾਂ। ਸਾਂਸਦ ਸੰਧੂ ਨੇ ਕਿਹਾ ਹੈ ਕਿ ਮੈਂ ਸੰਸਦ ਵਿੱਚ ਅਪੀਲ ਕਰਦਾ ਹਾਂ ਕਿ ਖੇਤਰੀ ਭਾਸ਼ਾ ਦੀ ਇਕ ਡਿਕਸ਼ਨਰੀ ਤਿਆਰ ਕਰਨ ਦੀ ਮੰਗ ਕਰਦਾ ਹੈ।

# ਵੱਡੀ ਵਾਰਦਾਤ ਲਈ ਇਲਾਕੇ ਦੇ ਪੁਲਿਸ ਅਧਿਕਾਰੀ ਹੋਣਗੇ ਜ਼ਿੰਮੇਵਾਰ: ਮਾਨ



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਦਿੱਲੀ ਵਿਧਾਨ ਸਭਾ ਚੋਣਾਂ ਲਈ ਪ੍ਰਚਾਰ ਤੋਂ ਬਾਅਦ ਅੱਜ ਤੋਂ ਪੰਜਾਬ ਵਿੱਚ ਸਰਗਰਮੀ ਵਧਾ ਦਿੱਤੀ ਹੈ। ਇਸ ਤਹਿਤ ਉਨ੍ਹਾਂ ਅੱਜ ਸੂਬੇ ਵਿੱਚ ਅਮਨ ਤੇ ਕਾਨੂੰਨੀ ਦੀ ਸਥਿਤੀ ਦੀ ਬਹਾਲੀ ਲਈ ਚੰਡੀਗੜ੍ਹ 'ਚ ਪੁਲੀਸ ਕਮਿਸ਼ਨਰਾਂ ਤੇ ਐੱਸਐੱਸਪੀਜ਼ ਨਾਲ ਮੀਟਿੰਗ ਕਰਦਿਆਂ ਕਿਹਾ ਕਿ ਜਿਹੜੇ ਵੀ ਇਲਾਕੇ ਵਿੱਚ ਕੋਈ ਵੱਡੀ ਵਾਰਦਾਤ ਵਾਪਰਦੀ ਹੈ, ਉਸ ਇਲਾਕੇ ਦੇ ਸਬੰਧਤ ਪੁਲੀਸ ਅਫਸਰਾਂ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਵੇਗੀ। ਇਸ ਮੀਟਿੰਗ ਵਿੱਚ ਮੁੱਖ ਮੰਤਰੀ ਨੇ ਪੁਲੀਸ ਅਧਿਕਾਰੀਆਂ ਨਾਲ ਵਿਚਾਰ-ਚਰਚਾ ਕਰਦਿਆਂ ਅੰਦਰੂਨੀ ਸੁਰੱਖਿਆ ਸਖ਼ਤ ਕਰਨ ਅਤੇ ਸੂਬੇ ਵਿੱਚ ਨਸ਼ਿਆਂ ਤੇ ਵੱਡੀਆਂ ਘਟਨਾਵਾਂ ਨਾਲ ਨਜਿੱਠਣ ਲਈ ਰਣਨੀਤੀ ਵੀ ਤਿਆਰ ਕੀਤੀ।

ਪੰਜਾਬ ਸਰਕਾਰ ਨੇ ਸੂਬੇ ਵਿੱਚ ਅਪਰਾਧਕ ਗਤੀਵੀਧੀਆਂ ਨਾਲ ਨਜਿੱਠਣ ਲਈ 703 ਥਾਵਾਂ 'ਤੇ 2300 ਦੇ ਕਰੀਬ ਸੀਸੀਟੀਵੀ ਕੈਮਰੇ ਲਾਉਣ ਦਾ ਫ਼ੈਸਲਾ ਕੀਤਾ ਹੈ। ਇਸ ਲਈ ਸੂਬਾ ਸਰਕਾਰ ਨੇ ਮੁਹਾਲੀ ਪੁਲੀਸ ਨੂੰ 18 ਕਰੋੜ ਰੁਪਏ, ਜਦਕਿ ਹੋਰਨਾਂ ਸ਼ਹਿਰਾਂ ਲਈ 8 ਕਰੋੜ ਰੁਪਏ ਜਾਰੀ ਕੀਤੇ ਹਨ। ਇਸ ਤੋਂ ਇਲਾਵਾ ਜਲੰਧਰ, ਅੰਮ੍ਰਿਤਸਰ, ਲੁਧਿਆਣਾ ਸਣੇ ਹੋਰਨਾਂ ਵੱਡੇ ਸ਼ਹਿਰਾਂ ਵਿੱਚ ਸਮਾਰਟ ਸਿਟੀ ਪ੍ਰਾਜੈਕਟ ਅਧੀਨ ਸੀਸੀਟੀਵੀ ਕੈਮਰੇ ਲਾਏ ਜਾ ਰਹੇ ਹਨ। ਪੁਲੀਸ ਨੇ ਸੂਬੇ ਵਿੱਚ ਅਧਿਕਾਰੀਆਂ ਦੀ ਗਸ਼ਤ ਵਧਾਉਣ ਲਈ 140 ਹੋਰ ਗੱਡੀਆਂ ਐੱਸਐੱਚਓ ਨੂੰ ਦੇਣ ਦਾ ਫ਼ੈਸਲਾ ਕੀਤਾ ਹੈ। ਇਹ ਗੱਡੀਆਂ ਫਰਵਰੀ ਦੇ ਆਖੀਰ ਤੱਕ ਦਿੱਤੀਆਂ ਜਾਣਗੀਆਂ।

ਮੀਟਿੰਗ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਪੁਲੀਸ ਕਮਿਸ਼ਨਰਾਂ ਅਤੇ ਐੱਸਐੱਸਪੀਜ਼ ਨੂੰ ਥਾਣਿਆਂ 'ਚ ਲੋਕਾਂ ਨੂੰ ਇਨਸਾਫ ਦੇਣ ਦੀ ਹਦਾਇਤ ਦਿੱਤੀ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਨਸ਼ਿਆਂ ਖ਼ਿਲਾਫ਼ ਕਿਸੇ ਤਰ੍ਹਾਂ ਦਾ ਲਿਹਾਜ਼ ਨਾ ਵਰਤਣ ਦੀ ਨੀਤੀ ਅਪਣਾਈ ਜਾਣੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਸਕੂਲ ਅਤੇ ਕਾਲਜ ਪੱਧਰ 'ਤੇ ਨੌਜਵਾਨਾਂ ਨੂੰ ਨਸ਼ਿਆਂ ਖ਼ਿਲਾਫ਼ ਜਾਗਰੂਕ ਕਰਨ ਲਈ ਢੁਕਵੀਂ ਰਣਨੀਤੀ ਬਣਾਈ ਜਾ ਰਹੀ ਹੈ। ਇਸ ਤੋਂ ਇਲਾਵਾ ਨਸ਼ਾਂ ਤਸਕਰਾਂ ਤੇ ਹੋਰ ਅਪਰਾਧਕ ਗਤੀਵਿਧੀਆਂ ਨਾਲ ਨਜਿੱਠਣ ਲਈ ਪੰਚਾਇਤਾਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ।

ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ 'ਚੋਂ ਸੰਗਠਿਤ ਅਪਰਾਧ ਖ਼ਤਮ ਕਰਨ ਲਈ ਵਚਨਬੱਧ ਹੈ। ਇਸ ਲਈ ਗੈਂਗਸਟਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਇਸ ਤੋਂ ਇਲਾਵਾ ਕਿਸੇ ਨੂੰ ਵੀ ਕਾਨੂੰਨ ਆਪਣੇ ਹੱਥ ਵਿੱਚ ਲੈਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

### ਅਪਰਾਧ ਦਰ ਘਟਾਉਣ ਲਈ ਆਮ ਲੋਕਾਂ ਨਾਲ ਤਾਲਮੇਲ ਵਧਾਉਣ ਦੇ ਹੁਕਮ

ਮੁੱਖ ਮੰਤਰੀ ਭਗਵੰਤ ਮਾਨ ਨੇ ਪੁਲੀਸ ਕਮਿਸ਼ਨਰਾਂ ਤੇ ਐੱਸਐੱਸਪੀਜ਼ ਨੂੰ ਸੂਬੇ ਭਰ 'ਚੋਂ ਅਪਰਾਧ ਦਰ ਘਟਾਉਣ ਲਈ ਆਮ ਲੋਕਾਂ ਨਾਲ ਬਿਹਤਰ ਤਾਲਮੇਲ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਇਸ ਨਾਲ ਸੂਬੇ ਵਿੱਚ ਅਪਰਾਧ ਖਤਮ ਕਰਨ 'ਚ ਮਦਦ ਮਿਲੇਗੀ, ਜਿਸ ਨਾਲ ਸੂਬੇ ਦੀ ਸ਼ਾਂਤੀ, ਤਰੱਕੀ ਅਤੇ ਖੁਸ਼ਹਾਲੀ ਨੂੰ ਵੱਡਾ ਹੁਲਾਰਾ ਮਿਲੇਗਾ। ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਪੁਲੀਸ ਅਧਿਕਾਰੀਆਂ ਨੂੰ ਆਪੋ-ਆਪਣੇ ਅਧਿਕਾਰ ਖੇਤਰ ਵਿੱਚ ਆਉਂਦੇ ਥਾਣਿਆਂ ਤੇ ਹੋਰ ਇਲਾਕਿਆਂ 'ਚ ਅਚਨਚੇਤ ਚੈਕਿੰਗ ਕਰਨ ਦੇ ਨਿਰਦੇਸ਼ ਵੀ ਦਿੱਤੇ। ਉਨ੍ਹਾਂ ਕਿਹਾ ਕਿ ਇਸ ਦਾ ਮਕਸਦ ਨੁਕਸ ਲੱਭਣਾ ਨਹੀਂ, ਸਗੋਂ ਕਾਨੂੰਨ ਵਿਵਸਥਾ ਨਾਲ ਸਬੰਧਤ ਮਾਮਲਿਆਂ ਨੂੰ ਸੁਚਾਰੂ ਬਣਾਉਣਾ ਹੋਣਾ ਚਾਹੀਦਾ ਹੈ।

# ਸਾਬਕਾ ਵਿਧਾਇਕ ਜ਼ੀਰਾ 'ਤੇ ਗੋਲੀਆਂ ਚਲਾਈਆਂ

## ਜਾਨੀ ਨੁਕਸਾਨ ਤੋਂ ਬਚਾਅ * ਪੁਲੀਸ ਵੱਲੋਂ ਕੇਸ ਦਰਜ ਕਰ ਕੇ ਜਾਂਚ ਸ਼ੁਰੂ



ਜ਼ੀਰਾ : ਹਲਕਾ ਜ਼ੀਰਾ ਦੇ ਸਾਬਕਾ ਵਿਧਾਇਕ ਅਤੇ ਕਾਂਗਰਸ ਦੇ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਪ੍ਰਧਾਨ ਕੁਲਬੀਰ ਸਿੰਘ ਜ਼ੀਰਾ ਦੀ 'ਤੇ ਅਣਪਛਾਤਿਆਂ ਵੱਲੋਂ ਗੋਲੀ ਚਲਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਥਾਣਾ ਕੁੱਲਗੜ੍ਹੀ ਦੇ ਐੱਸਐੱਚਓ ਗੁਰਮੀਤ ਸਿੰਘ ਨੇ ਕਿਹਾ ਕਿ ਪੁਲੀਸ ਵੱਲੋਂ ਸੀਸੀਟੀਵੀ ਫੁਟੇਜ ਦੇ ਆਧਾਰ 'ਤੇ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜਲਦੀ ਹੀ ਮੁਲਜ਼ਮਾਂ ਨੂੰ ਕਾਬੂ ਕਰ ਲਿਆ ਜਾਵੇਗਾ।

ਇਸ ਸਬੰਧੀ ਸਾਬਕਾ ਵਿਧਾਇਕ ਜ਼ੀਰਾ ਨੇ ਦੱਸਿਆ ਕਿ ਉਹ ਰਾਤ 8.50 ਵਜੇ ਦੇ ਕਰੀਬ ਫ਼ਿਰੋਜ਼ਪੁਰ ਤੋਂ ਜ਼ੀਰਾ ਆ ਰਹੇ ਸਨ। ਇਸ ਦੌਰਾਨ ਇੱਕ ਗੱਡੀ ਲਗਾਤਾਰ ਉਨ੍ਹਾਂ ਦਾ ਪਿੱਛਾ ਕਰ ਰਹੀ ਸੀ। ਉਨ੍ਹਾਂ ਦੱਸਿਆ ਕਿ ਜ਼ੀਰਾ-ਫ਼ਿਰੋਜ਼ਪੁਰ ਸੜਕ 'ਤੇ ਪਿੰਡ ਸ਼ੇਰ ਖਾਂ ਨਜ਼ਦੀਕ ਪਿੱਛਾ ਕਰ ਰਹੇ ਕਾਰ ਸਵਾਰ ਅਣਪਛਾਤੇ ਹਮਲਾਵਰਾਂ ਨੇ ਉਨ੍ਹਾਂ ਦੀ ਗੱਡੀ 'ਤੇ ਗੋਲੀਆਂ ਚਲਾ ਦਿੱਤੀਆਂ। ਸ੍ਰੀ ਜ਼ੀਰਾ ਨੇ ਦੱਸਿਆ ਕਿ ਉਨ੍ਹਾਂ ਦੀ ਗੱਡੀ 'ਤੇ ਛੇ ਗੋਲੀਆਂ ਚਲਾਈਆਂ ਗਈਆਂ। ਹਮਲੇ ਤੋਂ ਬਾਅਦ ਉਨ੍ਹਾਂ ਨੇ ਤੁਰੰਤ ਪੁਲੀਸ ਨੂੰ ਇਸ ਘਟਨਾ ਦੀ ਜਾਣਕਾਰੀ ਦਿੱਤੀ। ਸ੍ਰੀ ਜ਼ੀਰਾ ਨੇ ਦੱਸਿਆ ਕਿ ਉਨ੍ਹਾਂ ਨੂੰ ਪਹਿਲਾਂ ਵੀ ਵਟਸਐੱਪ ਕਾਲਾਂ ਰਾਹੀਂ ਜਾਨੋਂ ਮਾਰਨ ਦੀਆਂ ਧਮਕੀਆਂ ਮਿਲੀਆਂ ਸਨ। ਇਸ ਬਾਰੇ ਉਨ੍ਹਾਂ ਪੁਲੀਸ ਕੋਲ ਸ਼ਿਕਾਇਤ ਦਰਜ ਕਰਵਾਈ ਸੀ। ਇਸ ਮੌਕੇ ਖੇਤੀਬਾੜੀ ਵਿਕਾਸ ਬੈਂਕ ਪੰਜਾਬ ਦੇ ਸਾਬਕਾ ਚੇਅਰਮੈਨ ਹਰੀਸ਼ ਜੈਨ ਗੋਗਾ, ਸੋਸ਼ਲ ਮੀਡੀਆ ਇੰਚਾਰਜ ਦਲਜੀਤ ਸਿੰਘ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਡਾ. ਰਛਪਾਲ ਸਿੰਘ, ਕੌਂਸਲਰ ਅਸ਼ੋਕ ਮਨਚੰਦਾ ਆਦਿ ਕਾਂਗਰਸੀ ਵਰਕਰਾਂ ਨੇ ਕੁਲਬੀਰ ਜ਼ੀਰਾ 'ਤੇ ਹੋਏ ਹਮਲੇ ਦੀ ਨਿਖੇਧੀ ਕੀਤੀ ਹੈ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS
ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿੱਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿੱਚ ਮਿਲਦੇ ਹਨ।
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr, Brampton
Indian Food Land, 45 Dusk Drive, Brampton
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜ਼ਮਾਓ।
100% NATURAL PRODUCT
PRODUCT OF CANADA
NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
Disability Income Insurance
No Income Proof for up to $2000/month benefit (injury or sickness)
$10,000-$20,000 of Accidental death included NEW!!
Up tp $18,000 of rehabilitation benefit included
$100/day cash of hospitalization for upto one full year
You can also qualify for up to $2000/month on top from any other providers
Get all or partial of your paid premium refunded on death and at maturity even if you make a claim
Life Insurance
Disability Insurance
Visitor Insurance
Save Tax R.R.S.P.
Mortgage Insurance
Income Tax Planning
Drug & Dental Plan
R.E.S.P.
Guaranteed issued Critical Illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ
Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਇਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE
Save Money ...with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
PURCHASES
REFINANCES
RENEWALS
DEBT CONSOLIDATION
SELF-EMPLOYED
NEW TO CANADA
HOME RENOVATIONS
PRIVATE MORTGAGE
INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™
THE RIGHT MORTGAGE®
CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ

**To Contact Us:**

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

# ਵੱਡਾ ਘੱਲੂਘਾਰਾ ਸਿੱਖ ਕੌਮ ਦੇ ਸੀਨੇ ਤੇ ਇੱਕ ਵੱਡਾ ਦਰਦ

## ਇਸ ਘੱਲੂਘਾਰੇ ਵਿੱਚ ਅਫ਼ਗਾਨਾਂ ਦਾ ਵੀ ਬਹੁਤ ਭਾਰੀ ਨੁਕਸਾਨ ਹੋਇਆ। ਇਸ ਨੁਕਸਾਨ ਤੋਂ ਡਰਦੇ ਮਾਰੇ ਹੀ ਅਬਦਾਲੀ ਪਿੱਛੇ ਮੁੜਿਆ ਸੀ। ਅਬਦਾਲੀ ਦਿਲੋਂ ਸ਼ਰਮਿੰਦਾ ਸੀ


ਅਹਿਮਦ ਸ਼ਾਹ ਅਬਦਾਲੀ ਇੱਕ ਗਰੀਬ ਪਠਾਣ ਸੀ,ਜੋ ਕਿ ਆਪਣੀ ਤਾਕਤ ਨੂੰ ਵਧਾਉਂਦੇ-ਵਧਾਉਂਦੇ ਬਲਖ,ਸਿੰਧ ਅਤੇ ਕੰਧਾਰ'ਤੇ ਜਿੱਤ ਪ੍ਰਾਪਤ ਕਰਨ ਮਗਰੋਂ ਪੰਜਾਬ ਤੇ ਕਸ਼ਮੀਰ ਨੂੰ ਵੀ ਆਪਣੇ ਅਧੀਨ ਕਰਨਾ ਚਾਹੁੰਦਾ ਸੀ। ਉਸ ਨੇ ਭਾਰਤ 'ਤੇ ਅੱਠ ਹਮਲੇ ਕੀਤੇ ਜਿਨ੍ਹਾਂ ਵਿੱਚੋਂ ਛੇਵਾਂ ਹਮਲਾ ਉਸ ਨੇ ਫਰਵਰੀ 5- 1762 ਨੂੰ ਸਿੱਖਾਂ ਦਾ ਸਰਵਨਾਸ਼ ਕਰਨ ਲਈ ਕੀਤਾ। ਇਸ ਹਮਲੇ ਵਿੱਚ ਉਸ ਦੀਆਂ ਤੁਰਕੀ ਫੌਜਾਂ ਅਤੇ ਸਰਹਿੰਦ ਤੇ ਮਾਲੇਰਕੋਟਲਾ ਦੀਆਂ ਮੁਗ਼ਲ ਫੌਜਾਂ ਹੱਥੋਂ ਇੱਕ ਹੀ ਦਿਨ ਵਿੱਚ 35,000-40,000 ਸਿੱਖਾਂ ਨੇ ਸ਼ਹੀਦੀ ਪਾਈ। ਇਹ ਤਿੰਨੇ ਫੌਜਾਂ ਸਿੱਖਾਂ 'ਤੇ ਇੱਕੋ ਹੀ ਸਮੇਂ ਅਲੱਗ-ਅਲੱਗ ਥਾਵਾਂ ,ਤੇ ਹਮਲੇ ਕਰਦੀਆਂ ਰਹੀਆਂ। ਅਬਦਾਲੀ ਨੇ ਇਸ ਹਮਲੇ ਦੌਰਾਨ ਸਿੱਖਾਂ ਦਾ ਸਰਵਨਾਸ਼ ਕਰਨ ਲਈ ਸਿੱਖਾਂ ਦੇ ਖਿਲਾਫ਼ ਜੋ ਇਕ ਵੱਡੀ ਪੱਧਰ 'ਤੇ ਤਬਾਹੀ ਮਚਾਈ ਉਸ ਨੂੰ 'ਵੱਡਾ ਘੱਲੂਘਾਰਾ' ਕਿਹਾ ਜਾਂਦਾ ਹੈ।

ਇਸ ਛੇਵੇਂ ਹਮਲੇ ਦਾ ਪਿਛੋਕੜ ਇਹ ਹੈ ਕਿ 14 ਜਨਵਰੀ,1761 ਨੂੰ ਪਾਣੀਪਤ ਦੀ ਇਤਿਹਾਸ ਪ੍ਰਸਿੱਧ ਤੀਜੀ ਲੜਾਈ ਵਿੱਚ ਅਬਦਾਲੀ ਦੀ ਸੈਨਾ ਨੇ ਮਰਾਠਿਆਂ ਦੀ ਲਗਭਗ ਤਿੰਨ ਲੱਖ ਦੀ ਸੈਨਾ ਨੂੰ ਬੁਰੀ ਤਰ੍ਹਾਂ ਹਰਾ ਕੇ ਜਿੱਤ ਪਰਾਪਤ ਕੀਤੀ ਸੀ। ਜਿੱਤ ਤੋਂ ਬਾਅਦ ਜਦੋਂ ਅਬਦਾਲੀ ਤਕਰਬੀਨ 2,200 ਮਰਾਠੀ ਹਿੰਦੂ ਕੁਆਰੀਆ ਲੜਕੀਆਂ ਨੂੰ ਲੈ ਕੇ ਅਫ਼ਗਾਨਿਸਤਾਨ ਜਾ ਰਿਹਾ ਸੀ ਤਾਂ ਸਤਲੁਜ ਨਦੀ ਪਾਰ ਕਰਨ ਸਮੇਂ ਸਿੱਖਾਂ ਨੇ ਹਮਲਾ ਕਰ ਕੇ ਉਨ੍ਹਾਂ ਦੇ ਮਾਪਿਆਂ ਕੋਲ ਪੁਹੰਚਾ ਦਿਤਾ ਸੀ। ਪਰ ਸਿੱਖਾਂ ਦੀ ਇਸ ਬਹਾਦਰੀ ਦੇ ਕਾਰਨਾਮੇ ਦਾ ਸਿੱਟਾ ਇਹ ਨਿਕਲਿਆ ਕਿ ਅਬਦਾਲੀ ਜੋ ਹੁਣ ਤੱਕ ਸਿੱਖਾਂ ਨੂੰ ਡਾਕੂ ਹੀ ਸਮਝਦਾ ਸੀ ਜੋ ਕਿ ਉਸ ਦੇ ਵਾਪਰੀ ਦੇ ਰਸਤੇ ਸਮੇਂ ਲੁੱਟ-ਖਸੁੱਟ ਕਰ ਕੇ ਉਸ ਵੱਲੋਂ ਲਟਿਆ ਹੋਇਆ ਧਨ-ਦੋਲਤ ਖੋਂਹਦੇ ਸਨ, ਨੂੰ ਹੁਣ ਇਹ ਗੱਲ ਸਪਸ਼ਟ ਹੋ ਗਈ ਸੀ ਕਿ ਸਿੱਖ ਡਾਕੂ ਨਹੀਂ ਸਨ ਸਗੋਂ ਇੱਕ ਸ਼ਕਤੀਸ਼ਾਲੀ ਕੋਮ ਸਨ, ਜੋ ਕਿ ਪੰਜਾਬ ਦੀ ਧਰਤੀ ਦੇ ਮਾਲਕ ਸਨ । ਉਸ ਦੇ ਦਿਮਾਗ ਵਿੱਚ ਇਹ ਗਲ ਆਈ ਕਿ ਜਦੋਂ ਤੱਕ ਉਹ ਉਨ੍ਹਾਂ ਨੂੰ ਖ਼ਤਮ ਨਹੀਂ ਕਰੇਗਾ ਉਹ ਪੰਜਾਬ ਅਤੇ ਭਾਰਤ ਵਿੱਚ ਪਠਾਨੀ ਰਾਜ ਸੱਤਾ ਕਾਇਮ ਨਹੀਂ ਕਰ ਸਕੇਗਾ ।

ਅਬਦਾਲੀ ਸਿੰਘਾਂ ਦੇ ਖਿਲਾਫ਼ ਗੁੱਸੇ ਨਾਲ ਭਰਿਆ ਹੋਇਆ ਫਰਵਰੀ,1762 ਦੇ ਸ਼ੁਰੂ ਵਿੱਚ ਹੀ ਲਾਹੌਰ ਪਹੁੰਚ ਗਿਆ। ਦਲ ਖਾਲਸਾ ਨੂੰ ਪਤਾ ਸੀ ਕਿ ਇਸ ਵਾਰ ਅਬਦਾਲੀ ਉਨ੍ਹਾਂ ਨਾਲ ਦੋ-ਹੱਥ ਕਰਨ ਲਈ ਹੀ ਆਇਆ ਹੈ ਤੇ ਸਿੱਖ ਹੀ ਉਸ ਦਾ ਮੁੱਖ ਨਿਸ਼ਾਨਾ ਹਨ। ਇਸ ਲਈ ਉਨ੍ਹਾਂ ਨੇ ਫੈਸਲਾ ਕੀਤਾ ਕਿ ਉਹ ਆਪਣੇ ਸਾਰੇ ਪਰਵਾਰਾਂ ਨੂੰ ਹਮਲਾਵਾਰ ਦੀ ਪਹੁੰਚ ਤੋਂ ਕਿਤੇ ਦੂਰ ਕਿਸੇ ਦੱਖਣ-ਪੱਛਮੀ ਇਲਾਕੇ ਵਿੱਚ ਰਾਏਪੁਰ ਅਤੇ ਗੁੱਜਰਵਾਲ ਪਿੰਡਾਂ ਦੇ ਨੇੜੇ ਤੇੜੇ ਪਹੁੰਚਾ ਦੇਣ ਜੋ ਕਿ ਹੁਣ ਲੁਧਿਆਣਾ ਜ਼ਿਲ੍ਹਾ ਵਿੱਚ ਪੈਂਦੇ ਹਨ। ਪਿੰਡ ਗੁੱਜਰਵਾਲ ਲੁਧਿਆਣੇ ਤੋਂ 30 ਕਿਲੋਮੀਟਰ ਦੱਖਣ-ਪੱਛਮ ਵੱਲ ਹੈ ਅਤੇ ਡੇਹਲੋਂ ਦੇ ਅਸਥਾਨ ਤੋਂ ਲੁਧਿਆਣਾ-ਮਾਲੇਰਕੋਟਲਾ-ਸੰਗਰੂਰ ਮੁੱਖ ਸੜਕ ਨਾਲ ਜੁੜਿਆ ਹੋਇਆ ਹੈ। ਉਪਰੋਕਤ ਫੈਸਲੇ ਅਨੁਸਾਰ ਦਲ ਖਾਲਸਾ ਆਪਣੇ ਸਾਰੇ ਪਰਵਾਰਾਂ ਨੂੰ ਅਤੇ ਹੋਰ ਲੋੜੀਂਦਾ ਸਾਮਾਨ ਲੈ ਕੇ ਮਾਝੇ ਅਤੇ ਦੁਆਬੇ ਵਿੱਚੋਂ ਨਿਕਲ ਕੇ ਲੁਧਿਆਣੇ ਦੇ ਇਲਾਕੇ ਵਿੱਚ ਆ ਗਿਆ ਸੀ। ਇੱਥੇ ਲੁਧਿਆਣੇ ਜ਼ਿਲ੍ਹੇ ਦੇ ਦੋ ਪਿੰਡਾਂ ਗੁਰਮ ਅਤੇ ਡੇਹਲੋਂ ਜੋ ਕਿ ਇੱਕ ਦੂਜੇ ਦੇ ਨੇੜੇ-ਨੇੜੇ ਹਨ,ਦੀ ਜੂਹ ਵਿੱਚ ਖਾਲਸੇ ਦੇ ਪਰਿਵਾਰਾਂ ਨੇ ਡੇਰਾ ਲਾ ਲਿਆ ਸੀ। ਪਿੰਡ ਡੇਹਲੋਂ ਲੁਧਿਆਣੇ ਤੋਂ 19 ਕਿਲੋਮੀਟਰ ਦੱਖਣ ਵੱਲ ਲੁਧਿਆਣਾ-ਮਾਲੇਰਕੋਟਲਾ ਸੜਕ 'ਤੇ ਸਥਿਤ ਹੈ। ਇਸ ਇਲਾਕੇ ਦੀ ਅਬਾਦੀ ਸਿੱਖ ਸੀ ਅਤੇ ਸਾਰਾ ਇਲਾਕਾ ਰੇਤਲੇ ਟਿੱਬਿਆਂ ਵਾਲਾ ਅਤੇ ਸੰਘਣੇ ਜੰਗਲਾਂ ਵਾਲਾ ਸੀ। ਗੁਰਮ ਪਿੰਡ ਦੀ ਜੂਹ ਵਿੱਚ ਇੱਕ ਬਹੁਤ ਤਕੜਾ ਜੰਗਲ ਵੀ ਸੀ। ਸਿੱਖ ਪਰਵਾਰ ਇਸੇ ਪਿੰਡ ਵਿੱਚ ਹੀ ਡੇਰਾ ਲਾ ਕੇ ਬੈਠ ਗਏ ਸਨ।

ਅਬਦਾਲੀ ਲਾਹੌਰ ਪਹੁੰਚ ਗਿਆ ਸੀ ਤੇ ਦਲ ਖਾਲਸਾ ਨੇ ਪਹਿਲੇ ਘੱਲੂਘਾਰੇ (1746) ਵਿੱਚ ਵਰਤੀ ਗਈ ਢਾਈ ਫੱਟ ਵਾਲੀ ਨੀਤੀ ਤਹਿਤ ਹੀ ਦੁਸ਼ਮਣ ਨਾਲ ਨਜਿੱਠਣ ਦਾ ਫੈਸਲਾ ਕਰ ਲਿਆ ਸੀ। ਇਸ ਦਾ ਪਹਿਲਾ ਫੱਟ ਜਾਂ ਪੈਂਤੜਾ ਹੁੰਦਾ ਹੈ ਕਿ ਦੁਸ਼ਮਣ ਉੱਪਰ ਉਸ ਸਮੇਂ ਇੱਕਦਮ ਹਮਲਾ ਕਰਨਾ ਜਦੋਂ ਦੁਸ਼ਮਣ ਉਸ ਦੀ ਪੂਰੀ ਮਾਰ ਹੇਠਾ ਆ ਗਿਆ ਹੋਵੇ । ਇੱਕਦਮ ਹਮਲਾ ਕਰਨਾ ਪਹਿਲਾ ਪੈਂਤੜਾ ਤੇ ਫਿਰ ਇੱਕਦਮ ਦੌੜ ਜਾਣਾ ਦੂਸਰਾ ਪੈਂਤੜਾ ਹੁੰਦਾ ਹੈ। ਬਾਕੀ ਦਾ ਅੱਧਾ ਫੱਟ ਸੀ ਕਿ ਜੇਕਰ ਸਿੰਘ ਤੋਂ ਭੱਜਿਆ ਨਾ ਜਾ ਸਕਦਾ ਹੋਵੇ ਅਤੇ ਅਚਾਨਕ ਘੇਰੇ ਵਿੱਚ ਘਿਰ ਗਿਆ ਹੋਵੇ ਤਾਂ ਉਸ ਨੇ ਜਿਉਂਦਿਆਂ ਦੁਸ਼ਮਣ ਦੇ ਹੱਥ ਨਹੀਂ ਆਉਣਾ ਬਲਕਿ ਲੜਦੇ ਲੜਦੇ ਸ਼ਹੀਦ ਹੋਣਾ ਹੈ।

4 ਫਰਵਰੀ, 1762 ਨੂੰ ਸਰਹਿੰਦ ਦੇ ਫੌਜਦਾਰ ਜੈਨ ਖਾਨ ਨੂੰ ਖਬਰ ਦਿੱਤੀ ਗਈ ਕਿ ਅਬਦਾਲੀ ਸਤਲੁਜ਼ ਦਰਿਆ ਪਾਰ ਕਰ ਚੁੱਕਾ ਹੈ ਤੇ ਉਹ ਅਗਲੇ ਦਿਨ ਸਵੇਰ ਸਾਰ ਸਿੱਖਾਂ ਉੱਤੇ ਹਮਲਾ ਕਰ ਦੇਵੇਗਾ ਤੇ ਉਸ ਨੂੰ ਵੀ ਅਗਲੇ ਦਿਨ ਸਵੇਰ ਸਾਰ ਹੀ ਸਿੱਖਾਂ ਉੱਤੇ ਹਮਲਾ ਕਰਨਾ ਚਾਹੀਦਾ ਹੈ । ਤਕਰਬੀਨ ਡੇਢ ਲੱਖ ਪੈਦਲ ਤੇ ਘੋੜ ਸਵਾਰ ਸਿੱਖ ਸਰਹਿੰਦ ਦੀ ਰੋਹੀ ਵੱਲ ਆ ਗਏ ਸਨ ਜਿਨ੍ਹਾਂ ਵਿੱਚ 50-60 ਹਜ਼ਾਰ ਸੈਨਿਕ ਸ਼ਾਮਲ ਸਨ। ਇਸੇ ਦੌਰਾਨ ਸਰਹਿੰਦ ਦੇ ਫੌਜਦਾਰ ਜੈਨ ਖਾਨ ਨੇ 10-15 ਹਜ਼ਾਰ ਪੈਦਲ ਅਤੇ ਘੋੜ ਸਵਾਰ ਸੈਨਿਕਾਂ ਨਾਲ ਮਲੇਰਕੋਟਲੇ ਵਿਖੇ ਡੇਰਾ ਲਾ ਲਿਆ ਸੀ। ਸਿੱਖ ਵੀ ਇੱਥੋਂ ਤਕਰੀਬਨ 28 ਕਿਲੋਮੀਟਰ ਦੀ ਦੂਰੀ ਤੇ ਪਹੁੰਚ ਚੁੱਕੇ ਸਨ।



ਇਸ ਸਮੇਂ ਦਲ ਖਾਲਸਾ ਦੀਆਂ ਅਤੇ ਅਬਦਾਲੀ ਦੀਆਂ ਫੌਜਾਂ ਦਾ 15-20 ਕਿਲੋਮੀਟਰ ਦਾ ਫਾਸਲਾ ਹੀ ਸੀ। ਜਿਉਂ ਹੀ ਅਬਦਾਲੀ ਸਤਲੁਜ ਵਾਲੇ ਪੱਤਣ ਤੋਂ ਮਾਲਵੇ ਵੱਲ ਰਵਾਨਾ ਹੋਇਆ ਤਾਂ ਦਲ ਖਾਲਸੇ ਨੇ ਉਸ ਉੱਪਰ ਹਮਲਾ ਕਰ ਦਿੱਤਾ। ਦੋਹਾਂ ਫੌਜਾਂ ਦੀ ਆਪਸ ਵਿੱਚ ਗਹਿਗੱਚ ਲੜਾਈ ਹੋਈ। ਜਦੋਂ ਜੈਨ ਖਾਨ ਨੇ ਅਗਲੇ ਦਿਨ ਸਵਖਤੇ ਹੀ ਸਿੱਖਾਂ ਵੱਲ ਚੜ੍ਹਾਈ ਕਰਨ ਦੀ ਕੀਤੀ ਤਾਂ ਇਸ ਦਾ ਸਿੱਖਾਂ ਨੂੰ ਵੀ ਪਤਾ ਲੱਗ ਗਿਆ ਸੀ। ਇਸੇ ਕਰਕੇ ਉਹ ਵੀ ਅੱਗੇ (ਸਤਲੁਜ ਵੱਲ) ਨੂੰ ਰਵਾਨਾ ਹੋ ਗਏ ਸਨ। ਜੈਨ ਖਾਨ ਨੇ ਕਾਸਿਮ ਖਾਨ ਨੂੰ ਸਿੱਖਾਂ ਦਾ ਪਿੱਛਾ ਕਰਨ ਲਈ ਭੇਜਿਆ। :"ਸਿੱਖਾਂ ਦੇ ਸਾਹਮਣੇ ਗਏ ਤਾਂ ਉਹ ਦੌੜ ਗਏ ਸਨ। ਉਹਨਾਂ ਦਾ ਅੱਧਾ ਕੋਹ (ਦੋ ਕਿਲੋਮੀਟਰ) ਤੱਕ ਪਿੱਛਾ ਕੀਤਾ। ਅੱਗੋਂ ਅਚਾਨਕ ਹੀ ਉਹੀ ਦੌੜ੍ਹ ਰਹੇ ਸਿੱਖਾਂ ਨੇ ਇੱਕਦਮ ਰੁਕ ਕੇ ਤੇ ਪਿੱਛੇ ਮੁੜ ਕੇ ਹਮਲਾ ਕਰ ਦਿੱਤਾ। ਕਾਸਿਮ ਖਾਨ ਇਸ ਹਮਲੇ ਦਾ ਮੁਕਾਬਲਾ ਨਾ ਕਰ ਸਕਿਆ ਅਤੇ ਦੌੜ੍ਹ ਗਿਆ ਸੀ। ਆਪਣੀ ਸਾਰੀ ਸੈਨਿਕ ਟੁਕੜੀ ਲੈ ਕੇ ਮਲੇਰਕੋਟਲੇ ਵੱਲ ਭੱਜ ਗਿਆ ਸੀ। ਉਥੇ ਜਾ ਕੇ ਉਸ ਨੇ ਆਪਣਾ ਡੇਰਾ ਲਾ ਲਿਆ ਸੀ।

5 ਫਰਵਰੀ 1762 ਨੂੰ ਸਵੇਰ ਸਾਰ ਹੋਈ ਇੱਕ ਝੜਪ ਵਿੱਚ ਸੈਨਾ ਸਿੱਖਾਂ ਦਾ ਮੁਕਾਬਲਾ ਨਾ ਕਰ ਸਕੀ ਅਤੇ ਉਹ ਆਪਣੀ ਸਾਰੀ ਸੈਨਿਕ ਟੁਕੜੀ ਲੈ ਕੇ ਮਾਲੇਰਕੋਟਲੇ ਵੱਲ ਭੱਜ ਗਿਆ ਸੀ। ਦਲ ਖਾਲਸੇ ਨੇ ਫੈਸਲਾ ਕੀਤਾ ਕਿ ਗੁਰਮ ਅਤੇ ਡੇਹਲੋਂ ਪਿੰਡਾਂ ਵਿਖੇ ਜੋ ਉਨ੍ਹਾਂ ਦੇ ਪਰਵਾਰਾਂ ਦੀ ਵਹੀਰ ਹੈ ਉਸ ਨੂੰ ਬਰਨਾਲੇ ਵੱਲ ਨੂੰ ਭੇਜ ਦਿੱਤਾ ਜਾਵੇ ਕਿਉਂਕਿ ਬਰਨਾਲੇ ਦਾ ਸਾਰਾ ਆਲਾ-ਦੁਆਲਾ ਸਿੱਖ ਅਬਾਦੀ ਵਾਲਾ ਸੀ,ਤੇ ਦਲ ਖਾਲਸਾ ਆਪ ਹੀ ਨਾਲ ਸਿੱਧੀ ਟੱਕਰ ਲਵੇ। ਇਸ ਫੈਸਲੇ ਅਨੁਸਾਰ ਤਿੰਨ ਸਿੱਖ ਆਗੂ-ਭਾਈ ਸੰਗੂ ਸਿੰਘ ਵਕੀਲ ਭਾਈ ਕੇ ਦਰਾਜ ਵਾਲਾ,ਭਾਈ ਸੇਖੂ ਸਿੰਘ ਹੰਬਲਕੇ ਵਾਸ ਵਾਲਾ ਅਤੇ ਭਾਈ ਬੁੱਢਾ ਸਿੰਘ-ਆਪਣੇ ਨੇਜ਼ਿਆਂ ਉੱਪਰ ਚਾਦਰੇ ਟੰਗ ਕੇ ਅੱਗੇ-ਅੱਗੇ ਚੱਲ ਪਏ ਤੇ ਸਾਰੀ ਵਹੀਰ ਉਨ੍ਹਾਂ ਚਾਦਰਿਆਂ ਨੂੰ ਦੇਖਦਿਆਂ ਹੋਇਆਂ ਉਨ੍ਹਾਂ ਦੇ ਪਿੱਛੇ-ਪਿੱਛੇ ਬਰਨਾਲੇ ਵੱਲ ਨੂੰ ਹੋ ਤੁਰੀ।

ਜਦੋਂ ਦਲ ਖਾਲਸਾ ਅਬਦਾਲੀ ਨਾਲ ਗਹਿਗੱਚ ਲੜਾਈ ਕਰ ਰਿਹਾ ਸੀ ਅਤੇ ਵਹੀਰ ਅਜੇ ਗੁਰਮ ਪਿੰਡ ਤੋਂ ਦਸ-ਬਾਰਾਂ ਕਿਲੋਮੀਟਰ ਦੀ ਦੂਰੀ 'ਤੇ ਹੀ ਗਈ ਸੀ ਤਾਂ ਅੱਗੋਂ ਮਲੇਰਕੋਟਲੇ ਵੱਲੋਂ ਉਸ ਵਹੀਰ ਉੱਪਰ ਅਚਾਨਕ ਹੀ ਸਰਹਿੰਦ ਦੇ ਫੌਜਦਾਰ ਜੈਨ ਖਾਨ ਅਤੇ ਨਵਾਬ ਮਾਲੇਰਕੋਟਲਾ ਭੀਖਣ ਖਾਨ ਦੀਆਂ ਫੌਜਾਂ ਨੇ ਹਮਲਾ ਕਰ ਦਿੱਤਾ। ਇਸ ਸਮੇਂ ਇਹ ਵਹੀਰ ਸੰਗਰੂਰ ਜ਼ਿਲ੍ਹੇ ਦੇ ਰਹੀੜਾ ਅਤੇ ਕੁੱਪ ਪਿੰਡਾਂ ਜੋ ਇੱਕ ਦੂਜੇ ਤੋਂ 4 ਕਿਲੋਮੀਟਰ ਦੀ ਵਿੱਥ ਤੇ ਹਨ,ਵਿੱਚੋਂ ਲੰਘ ਰਹੀ ਸੀ। ਇਹ ਪਿੰਡ ਲੁਧਿਆਣਾ-ਮਾਲੇਰਕੋਟਲਾ ਸੜਕ 'ਤੇ ਮਾਲੇਰਕੋਟਲੇ ਵੱਲੋਂ ਕ੍ਰਮਵਾਰ 15 ਅਤੇ 11 ਕਿਲੋਮੀਟਰ ਦੀ 'ਤੇ ਸਥਿਤ ਹਨ। ਉਸ ਸਮੇਂ ਇਹ ਦੋਵੇਂ ਪਿੰਡ ਮੁਸਲਮਾਨ ਅਬਾਦੀ ਵਾਲੇ ਸਨ। ਇਸ ਵਹੀਰ ਉੱਤੇ ਮੁਗਲਾਂ ਵੱਲੋਂ ਕੀਤੇ ਗਏ ਹਮਲੇ ਵਿੱਚ ਸਿੱਖ ਪਰਵਾਰਾਂ ਦਾ ਬਹੁਤ ਵੱਡੇ ਪੱਧਰ ਤੇ ਕਤਲੇਆਮ ਕੀਤਾ ਗਿਆ। ਜਿਸ ਨਾਲ ਚਾਰੇ ਪਾਸੇ ਹਾਹਾਕਾਰ ਮਚ ਗਈ। ਜਦੋਂ ਅਬਦਾਲੀ ਨਾਲ ਲੜ ਰਹੇ ਸਿੰਘਾਂ ਨੂੰ ਇਹ ਪਤਾ ਲੱਗਾ ਕਿ ਦੁਸ਼ਮਣ ਨੇ ਉਨ੍ਹਾਂ ਦੀ ਵਹੀਰ ਨੂੰ ਘੇਰ ਲਿਆ ਹੈ ਤਾਂ ਉਨ੍ਹਾਂ ਨੇ ਇੱਕ ਜੱਥਾ ਸਰਦਾਰ ਸ਼ਾਮ ਸਿੰਘ ਕਰੋੜਸਿੰਘੀਏ ਦੀ ਅਗਵਾਹੀ ਹੇਠ ਵਹੀਰ ਦੀ ਮਦਦ ਲਈ ਭੇਜ ਦਿੱਤਾ। ਇਸ ਜੱਥੇ ਨੇ ਜੈਨ ਖਾਨ ਦੀਆਂ ਫੌਜਾਂ ਨੂੰ ਮਾਰ ਕੁੱਟ ਕੇ ਭਜਾ ਦਿੱਤਾ। ਇਸ ਉਪਰੰਤ ਵਹੀਰ ਫਿਰ ਪਹਿਲਾਂ ਵਾਲੇ ਤਿੰਨ ਆਗੂਆਂ ਨਾਲ ਬਰਨਾਲੇ ਵੱਲ ਚੱਲ ਪਈ। ਦਲ ਖਾਲਸੇ ਨੇ ਤਾਂ ਅਬਦਾਲੀ ਨੂੰ ਸਤਲੁਜ ਦੇ ਪੱਤਣ'ਤੇ ਬੈਠੇ ਨੂੰ ਹੀ ਜਾ ਲਲਕਾਰਿਆ ਸੀ ਪਰ ਹੁਣ ਉਨਾਂ ਦੇ ਸਾਹਮਣੇ ਆਪਣੇ ਪਰਵਾਰਾਂ ਦੀ,ਜਿਸ ਵਿੱਚ ਬਜ਼ੁਰਗ,ਬੱਚੇ ਅਤੇ ਔਰਤਾਂ ਸ਼ਾਮਲ ਸਨ,ਸੁਰੱਖਿਆ ਦਾ ਮਸਲਾ ਆ ਖੜ੍ਹਾ ਹੋਇਆ ਸੀ। ਇਸ ਲਈ ਉਨ੍ਹਾਂ ਨੇ ਫੈਸਲਾ ਕੀਤਾ ਕਿ ਉਹ ਅਬਦਾਲੀ ਅੱਗੋਂ ਇੱਕਦਮ ਪਿੱਛੇ ਦੌੜ੍ਹ ਕੇ ਪਹਿਲਾਂ ਆਪਣੀ ਵਹੀਰ ਨੂੰ ਆਪਣੇ ਘੇਰੇ ਵਿੱਚ ਲੈਣ ਤੇ ਫਿਰ ਪਿੱਛੇ ਮਾਲਵੇ ਵੱਲ ਨੂੰ ਵਧਣ। ਇਸ ਵਿਉਂਤ ਅਨੁਸਾਰ ਦਲ ਖਾਲਸਾ ਅਬਦਾਲੀ ਅੱਗੋਂ ਦੌੜ ਕੇ ਪਿੱਛੇ ਨੂੰ ਮਲੇਰਕੋਟਲੇ ਵੱਲ ਨੂੰ ਆ ਗਿਆ ਤੇ ਕੁੱਪ-ਰਹੀੜੇ ਦੀ ਜੂਹ ਵਿੱਚ ਆਪਣੀ ਵਹੀਰ ਨਾਲ ਰਲ ਗਿਆ। ਇੱਥੇ ਪਹੁੰਚ ਕੇ ਖਾਲਸੇ ਆਪਣੀ ਵਹੀਰ ਨੂੰ ਆਪਣੇ ਘੇਰੇ ਵਿੱਚ ਲੈ ਕੇ ਅਬਦਾਲੀ ਦੀ ਫੌਜ ਨਾਲ ਲੜਦੇ ਪਿੱਛੇ ਹਟਦੇ ਹਟਦੇ ਹੋਏ ਲੜ ਰਹੇ ਸਨ। ਜੈਨ ਖਾਨ ਅਤੇ ਭੀਖਨ ਖਾਨ ਦੀਆਂ ਫੌਜਾਂ ਵਹੀਰ ਨੂੰ ਅੱਗੋਂ ਘੇਰਨ ਦੀ ਕੋਸ਼ਸ਼ ਕਰ ਰਹੀਆਂ ਸਨ। ਖਾਲਸੇ ਨੇ ਉਨ੍ਹਾਂ ਦੋਹਾਂ ਫੌਜਾਂ ਨੂੰ ਕੱਖਾਂ ਕਾਨਿਆਂ ਵਾਂਗ ਆਪਣੇ ਅੱਗੇ ਰੋੜ੍ਹ ਲਿਆ ਸੀ। ਸਿੰਘਾਂ ਨੇ ਅਬਦਾਲੀ ਦੀਆਂ ਫੌਜਾਂ ਦੇ ਅਨੇਕਾਂ ਘੋੜ ਸਵਾਰਾਂ ਨੂੰ ਮਾਰ ਕੇ ਉਨ੍ਹਾਂ ਦੇ ਘੋੜੇ ਖੋਹ ਲਏ ਸ ਨ ਤੇ ਜਿਨ੍ਹਾਂ ਸਿੰਘਾਂ ਦੇ ਘੋੜੇ ਮਰ ਗਏ ਸਨ ਉਨ੍ਹਾਂ ਨੂੰ ਉਹ ਘੋੜੇ ਦੇ ਦਿੱਤੇ ਗਏ ਸਨ।

ਦਲ ਖਾਲਸੇ ਦਾ ਪਿੱਛਾ ਕਰਦਾ ਹੋਇਆ ਅਬਦਾਲੀ ਵੀ ਕੁੱਪ-ਕਹੀੜੇ ਦੇ ਪਿੰਡਾਂ ਵਿੱਚ ਪਹੁੰਚ ਜਿਸ ਦਾ ਭਾਵ ਇਹ ਹੋਇਆ ਕਿ ਜੇਕਰ ਅਬਦਾਲੀ ਕੁੱਪ-ਕਹੀੜੇ ਪਿੰਡਾਂ ਵਿੱਚ ਹੋਵੇ ਤਾਂ ਇਹ ਲੜਾਈ ਉਸ ਥਾਂ ਤੋਂ 40 ਕਿਲੋਮੀਟਰ ਦੀ ਦੂਰੀ 'ਤੇ ਬਰਨਾਲੇ ਅਤੇ ਰਾਏਕੋਟ ਦੇ ਬਿਲਕੁਲ ਵਿਚਕਾਰ ਵਸੇ ਕੁਤਬਾ-ਬਾਹਮਣੀਆਂ ਪਿੰਡਾਂ ਜੋ ਕਿ ਕੁੱਪ-ਕਹੀੜੇ ਤੋਂ ਪੱਛਮ ਵੱਲ ਜਿਲ੍ਹਾ ਬਰਨਾਲਾ ਵਿੱਚ ਪੈਂਦੇ ਹਨ, ਹੁਣ ਕਿਉਂਕਿ ਸਿੱਧੀਆਂ ਸੜਕਾਂ ਬਣ ਗਈਆਂ ਹਨ ਇਹ ਫਾਸਲਾ 25 ਕੁ ਕਿਲੋਮੀਟਰ ਹੀ ਹੈ। ਇਸ ਥਾਂ 'ਤੇ ਵਜ਼ੀਰ ਸ਼ਾਹ, ਵਲੀ ਖਾਨ ਅਤੇ ਜੈਨ ਖਾਨ ਦੀਆਂ ਫੌਜਾਂ ਜਿਨ੍ਹਾਂ ਵਿੱਚ 4,000 ਘੋੜ ਸਵਾਰ ਅਤੇ 4,000 ਨਿਪੁੰਨ ਤੀਰ-ਅੰਦਾਜ਼ ਘੋੜ ਸਵਾਰ ਸਨ,ਦਲ ਖਾਲਸੇ ਨਾਲ ਲੜ ਰਹੀਆਂ ਸਨ ਅਤੇ ਕੁੱਝ ਸਿੱਖਾਂ ਨੂੰ ਵੀ ਬੰਦੀ ਬਣਾਇਆ ਜਾ ਚੁੱਕਿਆ ਸੀ ਜੋ ਕਿ ਬਹਾਨੇ ਲੱਭ-ਲੱਭ ਕੇ ਦੁਸ਼ਮਣ ਦੇ ਪੰਜੇ ਵਿੱਚੋਂ ਛੁੱਟਣ ਦੀ ਕੋਸ਼ਸ਼ ਕਰ ਰਹੇ ਸਨ। ਖਾਲਸੇ ਨੇ ਜੈਨ ਖਾਨ ਅਤੇ ਉਸ ਦੇ ਦੀਵਾਨ ਲੱਛਮੀ ਨਰਾਇਣ ਦੀ ਫੌਜ ਨੂੰ ਮਾਰ-ਮਾਰ ਕੇ ਦੂਰ ਭਜਾ ਦਿੱਤਾ ਸੀ ਤੇ ਅਫ਼ਗਾਨੀ ਫੌਜ ਨੂੰ ਕੁੱਟ-ਕੁੱਟ ਕੇ ਆਪਣੇ ਪਰਵਾਰਾਂ ਦੀ ਵਹੀਰ ਤੋਂ ਬਹੁਤ ਦੂਰ ਕਰ ਦਿੱਤਾ ਸੀ। ਸਿੰਘਾਂ ਦੀ ਨੀਤੀ ਸੀ ਕਿ ਲੜਦੇ-ਲੜਦੇ ਪਿੱਛੇ ਹਟਦੇ ਜਾਵੋ ਅਤੇ ਪਿੱਛੇ ਹਟਦੇ-ਹਟਦੇ ਲੜਦੇ ਜਾਵੋ। ਸਿੰਘ ਘੰਟਾ ਡੇਢ ਘੰਟਾ ਪੂਰੇ ਜੋਸ਼ ਨਾਲ ਲੜੇ ਫਿਰ ਅਬਦਾਲੀ ਦੇ ਦੋ ਹੋਰ ਫੌਜੀ ਟੁਕੜੀਆਂ ਭੇਜ ਦਿੱਤੀਆਂ ਜਿਸ ਨਾਲ ਦਲ ਖਾਲਸੇ ਦੇ ਪੈਰ ਹਿੱਲ ਗਏ। ਪਹਿਲਾਂ ਡੱਟ ਕੇ ਲੜਦੇ ਸਨ। ਫਿਰ ਜਦੋਂ ਉਹ ਦੇਖਦੇ ਸਨ ਕਿ ਉਨ੍ਹਾਂ ਦੀ ਵਹੀਰ ਕਾਫ਼ੀ ਅੱਗੇ ਨਿਕਲ ਗਈ ਹੈ ਤਾਂ ਉਹ ਉਸ ਦੀ ਸੁਰੱਖਿਆ ਲਈ ਪਿੱਛੇ ਭੱਜ ਕੇ ਵਹੀਰ ਕੋਲ ਚਲੇ ਜਾਂਦੇ ਸਨ। ਇਸ ਪਰਕਾਰ ਸਿੰਘਾਂ ਨੇ ਪੂਰੀ ਹਿੰਮਤ ਨਾਲ ਦੁਸ਼ਮਣ ਦਾ ਜ਼ੋਰ ਵਹੀਰ 'ਤੇ ਨਾ ਪੈਣ ਦਿੱਤਾ। ਸਿੰਘਾਂ ਨੇ ਇਸ ਨਵੇਂ ਹਮਲੇ ਨੂੰ ਇੱਕ ਘੜੀ ਤੱਕ ਰੋਕ ਕੇ ਰੱਖਿਆ। ਜਦੋਂ ਅਬਦਾਲੀ ਨੇ ਦੇਖਿਆ ਕਿ ਉਸ ਵੱਲੋਂ ਭੇਜੀਆਂ ਗਈਆਂ ਦੋ ਟੁਕੜੀਆਂ ਵੀ ਸਿੰਘਾਂ ਦਾ ਜ਼ਿਆਦਾ ਨੁਕਸਾਨ ਨਹੀਂ ਸਨ ਕਰ ਸਕੀਆਂ ਤਾਂ ਉਹ ਆਪ ਆਪਣੀ ਰਿਜ਼ਰਵ ਫੌਜ ਜਿਸ ਦੀਆਂ ਚਾਰ ਟੁਕੜੀਆਂ ਵਿੱਚ 12,000 ਸੈਨਿਕ ਸਨ,ਲੈ ਕੇ ਪਹੁੰਚ ਗਿਆ। ਅਬਦਾਲੀ ਦੇ ਇਸ ਹਮਲੇ ਨੇ ਖਾਲਸੇ ਨੂੰ ਵਹੀਰ ਤੋਂ ਅਲੱਗ ਕਰ ਦਿੱਤਾ ਤੇ ਹੁਣ ਵਹੀਰ ਇਕੱਲੀ ਰਹਿ ਗਈ।

ਇਹ ਰੇਤਲੇ ਟਿੱਬਿਆਂ ਵਾਲਾ ਇਲਾਕਾ ਸੀ ਤੇ ਇੱਥੇ ਪਾਣੀ ਦਾ ਕੋਈ ਸੋਮਾ ਨਹੀਂ ਸੀ। ਇਸ ਘੋਰ ਯੁੱਧ ਵਿੱਚ ਜੋ ਵਿਅਕਤੀ ਇੱਕ ਵਾਰ ਡਿੱਗ ਪੈਂਦਾ ਸੀ ਉਹ ਘੋੜਿਆਂ ਦੇ ਪੌੜਾਂ ਹੇਠ ਹੀ ਲਤਾੜਿਆ ਜਾਂਦਾ ਸੀ ਤੇ ਜੋ ਇੱਕ ਵਾਰ ਆਪਣੇ ਜੱਥੇ ਨਾਲੋਂ ਵਿਛੜ ਜਾਂਦਾ ਸੀ ਉਹ ਮੁੜਕੇ ਆਪਣੇ ਸਾਥੀਆਂ ਨਾਲ ਨਹੀਂ ਸੀ ਰਲ ਸਕਦਾ। ਜਦੋਂ ਅਬਦਾਲੀ ਦੀ ਫੌਜ ਨੇ ਵਹੀਰ ਵਿੱਚ ਵੜ ਕੇ ਕਤਲੇਆਮ ਸ਼ੁਰੂ ਕੀਤਾ ਤਾਂ ਸਭ ਪਾਸੇ ਚੀਕ ਚਿਹਾੜਾ ਤੇ ਹਾਹਾਕਾਰ ਮਚ ਗਈ। ਇਸ ਭਿਆਨਕ ਕਤਲੇਆਮ ਨੇ ਬੱਚਿਆਂ,ਔਰਤਾਂ ਅਤੇ ਬਜ਼ੁਰਗ ਮਰਦਾਂ ਦੀ ਬਹੁਤ ਬੁਰੀ ਦਸ਼ਾ ਕੀਤੀ। ਸਿੰਘ ਅਤੇ ਉਨ੍ਹਾਂ ਦੇ ਪਰਵਾਰ ਜਿਸ ਦੁਖਦਾਈ ਦਸ਼ਾ ਵਿੱਚੋਂ ਉਸ ਵੇਲੇ ਲੰਘ ਰਹੇ ਹੋਣਗੇ ਉਹ ਬਿਆਨ ਤੋਂ ਬਾਹਰ ਹੈ। ਆਪਣੀ ਵਹੀਰ ਦਾ ਬੁਰਾ ਹਾਲ ਹੁੰਦਾ ਦੇਖ ਕੇ ਸਿੰਘਾਂ ਨੇ ਇੱਕ ਅਜਿਹਾ ਹੰਭਲਾ ਮਾਰਿਆ ਕਿ ਵਹੀਰ ਦਾ ਕਤਲੇਆਮ ਕਰ ਰਹੇ ਦੁਸ਼ਮਣਾਂ 'ਤੇ ਹਮਲਾ ਕਰ ਕੇ ਉਨ੍ਹਾਂ ਦੇ ਤਕੜੇ ਆਹੂ ਲਾਹੇ। ਅਬਦਾਲੀ ਇਹ ਦੇਖ ਕੇ ਹੈਰਾਨ ਹੋ ਰਿਹਾ ਸੀ ਕਿ ਲਹੂ-ਲੁਹਾਨ ਹੋਏ ਸਿੰਘ ਵੀ ਬਰਾਬਰ ਲੜ ਰਹੇ ਸਨ।

ਅਬਦਾਲੀ ਨੇ ਆਪਣੇ ਹਰਕਾਰੇ ਭੇਜ ਕੇ ਜੈਨ ਖਾਨ ਨੂੰ ਆਪਣੇ ਪਾਸ ਬੁਲਾ ਕੇ ਝਾੜ ਪਾਉਂਦਿਆਂ ਕਿਹਾ: "ਜੋ ਗੱਲ ਕਰਨ ਨੂੰ ਤੈਂ (ਜੈਨ ਖਾਨ) ਕਿਹਾ ਸੀ ਉਹ ਤੂੰ ਅਜੇ ਤਕ ਮੈਨੂੰ ਕਰ ਕੇ ਨਹੀਂ ਦਿਖਾ ਸਕਿਆ। ਤੇਰੇ ਕੋਲੋਂ ਅਜੇ ਤੱਕ ਸਿੰਘ ਅੱਗੋਂ ਨਹੀਂ ਘੇਰੇ ਗਏ। ਤੇਰੇ ਪਾਸ ਵੀਹ ਹਜ਼ਾਰ ਘੋੜ ਸਵਾਰ ਹਨ। ਕੀ ਇਹ ਸਿੰਘਾਂ ਨੇ ਮਾਰ ਕੇ ਥੋੜ੍ਹੇ ਕਰ ਦਿੱਤੇ ਹਨ? ਤੇਰੇ ਪਾਸ ਲੱਛਮੀ ਨਰਾਇਣ ਅਤੇ ਮਾਲੇਰੀਏ ਪਠਾਣਾਂ ਦੀ ਵੀ ਫੌਜ ਹੈ। ਤੂੰ ਫੇਰ ਵੀ ਇਨ੍ਹਾਂ ਕਾਫ਼ਰਾਂ ਨੂੰ ਘੇਰ ਨਹੀਂ ਸਕਿਆ। ਜੇ ਤੂੰ ਇਹਨਾਂ ਨੂੰ ਸਿਰਫ਼ ਚਾਰ ਘੜੀਆਂ (2 ਘੰਟੇ) ਤੱਕ ਵੀ ਰੋਕ ਲਵੇਂ ਤਾਂ ਮੈਂ ਇਨ੍ਹਾਂ ਦਾ ਸਾਰਾ ਕੰਮ ਹੀ ਤਮਾਮ ਕਰ ਦਿਆਂਗਾ। ਬਿਨਾ ਘੇਰੇ ਤੋਂ ਇਹ ਮਾਰੇ ਨਹੀਂ ਜਾ ਰਹੇ।

ਜੈਨ ਖਾਨ ਨੇ ਅਬਦਾਲੀ ਨੂੰ ਉੱਤਰ ਦਿੱਤਾ, "ਸਿੰਘਾਂ ਨੂੰ ਅੱਗੋਂ ਘੇਰਨਾ ਬਹੁਤ ਔਖਾ ਹੈ। ਦੇਖਣ ਨੂੰ ਇਹ ਥੋੜ੍ਹੇ ਦਿਸਦੇ ਹਨ ਪਰ ਲੜਨ ਸਮੇਂ ਪਤਾ ਨਹੀਂ ਇਹ ਜ਼ਿਆਦਾ ਕਿਉਂ ਦਿਸਦੇ ਹਨ?" ਜੈਨ ਖਾਨ ਨੇ ਅਬਦਾਲੀ ਸਲਾਹ ਦਿੱਤੀ ਕਿ ਉਹ ਖੁਦ ਹੀ ਵਹੀਰ ਦਾ ਖਿਆਲ ਛੱਡ ਕੇ ਖਾਲਸਾ ਜੱਥਿਆਂ ਨੂੰ ਅੱਗੋਂ ਤੋਂ ਰੋਕੇ। ਇਸ ਲਈ ਅਬਦਾਲੀ ਨੇ ਆਪ ਵੀ ਸਿੰਘਾਂ ਨੂੰ ਘੇਰਨ ਦੀ ਕੋਸ਼ਸ਼ ਕੀਤੀ। ਪਰ ਸਿੰਘ ਅੱਗੇ ਨੂੰ ਵਧਦੇ ਗਏ ਤੇ ਅਬਦਾਲੀ ਨੂੰ ਰੋਕਦੇ ਹੋਏ ਉਹ ਛੇ ਕਿਲੋਮੀਟਰ ਹੋਰ ਅੱਗੇ ਚਲੇ ਗਏ। ਸਰਦਾਰ ਚੜ੍ਹਤ ਸਿੰਘ ਜੋ ਕਿ ਰਣਜੀਤ ਸਿੰਘ ਦੇ ਦਾਦਾ ਜੀ ਬਣੇ,ਵਹੀਰ ਦੇ ਵਿੱਚ ਰਹਿ ਕੇ ਦੁਸ਼ਮਣ ਨੂੰ ਰੋਕਦੇ ਰਹੇ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਜੋ ਕਿ ਇਸ ਸਾਰੀ ਕਾਰਵਾਈ ਦੇ ਜਰਨੈਲ ਸਨ ਦੇ ਸਰੀਰ ਤੇ 22 ਜ਼ਖ਼ਮ ਹੋ ਗਏ ਸਨ ਤੇ ਉਨ੍ਹਾਂ ਦਾ ਘੋੜਾ ਫੱਟੜ ਹੋਣ ਕਰਕੇ ਉਨ੍ਹਾਂ ਨੂੰ ਇੱਕ ਹੋਰ ਸਿੰਘ ਦਾ ਘੋੜਾ ਲੈਣਾ ਪਿਆ ਸੀ। ਹੁਣ ਸਿੰਘ ਆਪਣੀ ਵਹੀਰ ਅਤੇ ਆਪਣੇ ਜੱਥੇਦਾਰ ਨੂੰ ਬਚਾਉਂਦੇ ਹੋਏ ਪਿੱਛੇ ਵੱਲ ਨੂੰ ਜਾ ਰਹੇ ਸਨ।

ਸਿੰਘਾਂ ਨੇ ਫਿਰ ਹਮਲਾ ਕਰ ਕੇ ਆਪਣੀ ਵਹੀਰ ਨੂੰ ਅਬਦਾਲੀ ਦੀ ਸਿੱਧੀ ਮਾਰ ਵਿੱਚੋਂ ਕੱਢ ਲਿਆ ਪਰ ਅੱਗੇ ਕੁਤਬਾ ਤੇ ਬਾਹਮਣੀਆਂ ਪਿੰਡ ਜੋ ਹੁਣ ਜ਼ਿਲ੍ਹਾ ਬਰਨਾਲਾ ਵਿੱਚ ਪੈਂਦੇ ਹਨ,ਆ ਗਏ ਸਨ ਜੋ ਕਿ ਮੁਸਲਮਾਨ ਅਬਾਦੀ ਵਾਲੇ ਸਨ। ਇਹ ਦੋਵੇਂ ਪਿੰਡ ਇੱਕ ਦੂਜੇ ਤੋਂ ਡੇਢ ਕੁ ਕਿਲੋਮੀਟਰ ਦੀ ਵਿੱਥ ਤੇ ਬਰਨਾਲਾ-ਰਾਏਕੋਟ ਸੜਕ ਉੱਪਰੋਂ ਲੰਘਦੀ ਬਠਿੰਡਾ ਬਰਾਂਚ ਨਹਿਰ ਦੇ ਨੇੜੇ ਹੀ ਵਸੇ ਹੋਏ ਹਨ। ਇਹ ਸਾਰਾ ਇਲਾਕਾ ਬੀਆਬਾਨ ਤੇ ਰੇਤਲੇ ਟਿੱਬਿਆਂ ਵਾਲਾ ਸੀ। ਇਨ੍ਹਾਂ ਪਿੰਡਾਂ ਵਿੱਚ ਜਿਹੜੇ ਹਿੰਦੂ ਅਤੇ ਸਿੱਖ ਰਹਿੰਦੇ ਸਨ ਉਹ ਆਪਣੇ ਘਰਾਂ ਨੂੰ ਛੱਡ ਕੇ ਜਾ ਚੁੱਕੇ ਸਨ। ਜਿਉਂ ਹੀ ਵਹੀਰ ਇਨ੍ਹਾਂ ਦੋਹਾਂ ਪਿੰਡਾਂ ਵਿੱਚ ਵੜੀ ਪਿੰਡ ਵਾਲੇ ਸਿੰਘਾਂ ਨੂੰ ਲੁੱਟਣ ਤੇ ਕੁੱਟਣ ਲੱਗ ਪਏ। ਗੁਰਮ ਪਿੰਡ ਤੋਂ ਤੁਰਿਆ ਸਿੰਘਾਂ ਦਾ ਕਾਫਲਾ ਪਿਆਸਾ ਹੀ ਤੁਰਿਆ ਜਾ ਰਿਹਾ ਸੀ। ਇਹ 40-45 ਕਿਲੋਮੀਟਰ ਦਾ ਪੈਂਡਾ ਉਨ੍ਹਾਂ ਨੇ ਲੜਦਿਆਂ ਤੇ ਭੱਜਦਿਆਂ ਹੀ ਤੈਅ ਕੀਤਾ ਸੀ। ਕੁਤਬਾ ਤੇ ਬਾਹਮਣੀਆਂ ਪਿੰਡਾਂ ਦੇ ਲੋਕਾਂ ਨੇ ਸਿੱਖਾਂ ਦੇ ਪਰਵਾਰਾਂ ਦਾ ਬਹੁਤ ਬੁਰਾ ਹਾਲ ਕੀਤਾ। ਹੁਣ ਇਹ ਦੋਵੇਂ ਪਿੰਡ ਸਿੱਖ ਅਬਾਦੀ ਵਾਲੇ ਹਨ ਪਰ ਉਸ ਸਮੇਂ ਇਹ ਦੋਵੇਂ ਪਿੰਡ ਮੁਸਲਮਾਨ ਅਬਾਦੀ ਵਾਲੇ ਸਨ। ਜੋ ਸਿੱਖ ਉਨ੍ਹਾਂ ਦੇ ਘਰਾਂ ਵਿੱਚ ਲੁਕਣ ਲਈ ਜਾਂਦੇ ਸਨ ਉਹ ਉਨ੍ਹਾਂ ਨੂੰ ਬਾਹਰ ਕੱਢ ਕੇ ਨਾਲੇ ਲੁੱਟ ਲੈਂਦੇ ਸਨ ਤੇ ਨਾਲੇ ਮਾਰ ਦਿੰਦੇ ਸਨ। ਕਈ ਸਿੱਖ ਪਿੰਡ ਤੋਂ ਬਾਹਰ ਬਣੇ ਪਾਥੀਆਂ ਦੇ ਗੁਹਾਰਿਆਂ ਵਿੱਚ ਲੁਕ ਗਏ ਤੇ ਕਈ ਜਵਾਰ,ਬਾਜਰਾ ਤੇ ਮੱਕੀ ਦੇ ਮਿਨਾਰਾਂ ਵਿੱਚ ਲੁਕ ਗਏ। ਦੁਸ਼ਮਣ ਦੀ ਫੌਜ ਨੇ ਤੇ ਸਥਾਨਕ ਲੋਕਾਂ ਨੇ ਇਨ੍ਹਾਂ ਮਿਨਾਰਾਂ ਨੂੰ ਅੱਗਾਂ ਲਾ ਦਿੱਤੀਆਂ ਜਿਸ ਨਾਲ ਭਾਰੀ ਗਿਣਤੀ ਵਿੱਚ ਬੱਚੇ,ਇਸਤਰੀਆਂ ਤੇ ਬਜ਼ੁਰਗ ਅੱਗ ਵਿੱਚ ਝੁਲਸ ਕੇ ਮਰ ਗਏ। ਚਾਰੇ ਪਾਸੇ ਕੁਰਲਾਹਟ ਮਚ ਗਈ। ਜਦੋਂ ਸਰਦਾਰ ਚੜ੍ਹਤ ਸਿੰਘ ਨੇ ਦੇਖਿਆ ਕਿ ਦੁਸ਼ਮਣ ਦੀ ਫੌਜ ਸਿੱਖਾਂ ਨੂੰ ਅੱਗਾਂ ਲਾ ਕੇ ਸਾੜ ਰਹੀ ਹੈ ਤਾਂ ਉਹ ਆਪਣਾ ਜੱਥਾ ਲੈ ਕੇ ਇੱਕਦਮ ਕੁਤਬਾ ਪਿੰਡ ਪਹੁੰਚੇ। ਉਨ੍ਹਾਂ ਦੇ ਜੱਥੇ ਨੇ ਸਥਾਨਕ ਲੋਕਾਂ ਨੂੰ ਮਾਰ-ਮਾਰ ਕੇ ਉਨ੍ਹਾਂ ਦੀਆਂ ਲਾਸ਼ਾਂ ਦੇ ਢੇਰ ਲਗਾ ਦਿੱਤੇ। ਉਨ੍ਹਾਂ ਦੀਆਂ ਹੀ ਲਗਾਈਆਂ ਅੱਗਾਂ ਨਾਲ ਉਨ੍ਹਾਂ ਦੇ ਘਰ ਸਾੜ ਦਿੱਤੇ ਤੇ ਉਨ੍ਹਾਂ ਦੇ ਬਚੇ ਹੋਏ ਬਾਜਰੇ ਤੇ ਮੱਕੀ ਦੇ ਮਿਨਾਰਾਂ ਨੂੰ ਅੱਗ ਲਗਾ ਕੇ ਸਾੜ ਦਿੱਤਾ ਜਿਸ ਨਾਲ ਸਥਾਨਕ ਲੋਕ ਜਾਨ ਬਚਾਉਣ ਲਈ ਅਫਗਾਨ ਸੈਨਾ ਵੱਲ ਭੱਜ ਗਏ। ਅਫਗਾਨ ਸੈਨਾ ਦਾ ਵੀ ਬੁਰਾ ਹਾਲ ਹੋ ਰਿਹਾ ਸੀ। ਮਾਲੇਰਕੋਟਲੇ ਅਤੇ ਸਰਹਿੰਦ ਦੀਆਂ ਫੌਜਾਂ ਦਾ ਖਾਲਸੇ ਨੇ ਕਚੂਮਰ ਹੀ ਕੱਢ ਦਿੱਤਾ ਸੀ। ਅਬਦਾਲੀ ਦੀਆਂ ਫੌਜਾਂ ਨੇ ਕਈ ਵਾਰ ਸਿੱਖਾਂ ਵੱਲੋਂ ਵਹੀਰ ਦੇ ਦੁਆਲੇ ਕੀਤੀ ਗਈ ਨਾਕਾਬੰਦੀ ਨੂੰ ਤੋੜਿਆ ਤੇ ਗੈਰ-ਲੜਾਕੂ ਸਿੱਖਾਂ ਦਾ ਘਾਣ ਬੱਚਾ ਪੀੜਿਆ। ਪਰ ਹਰ ਵਾਰ ਸਿੱਖਾਂ ਨੇ ਵਹੀਰ ਦੁਆਲੇ ਦੁਬਾਰਾ ਘੇਰਾਬੰਦੀ ਕੀਤੀ ਤੇ ਵਹੀਰ ਨੂੰ ਅੱਗੇ ਨੂੰ ਚਲਦੀ ਰੱਖਿਆ।

ਕੁਤਬਾ ਪਿੰਡ ਤੋਂ ਬਾਹਰ ਵਾਰ ਇੱਕ ਬਹੁਤ ਵੱਡੀ ਪਾਣੀ ਦੀ ਢਾਬ ਸੀ। ਦੋਵੇਂ ਧਿਰਾਂ ਦੁਪਹਿਰ ਤੋਂ ਬਾਅਦ ਉੱਥੇ ਪਹੁੰਚ ਚੁੱਕੀਆਂ ਸਨ। ਦੋਹਾਂ ਧਿਰਾਂ ਦੇ ਸੈਨਿਕ ਜੋ ਕਿ ਬਹੁਤ ਥੱਕੇ ਟੁੱਟੇ ਤੇ ਪਿਆਸੇ ਸਨ ਇਸ ਵਿੱਚ ਵੜ ਗਏ। ਇਸ ਢਾਬ ਦੇ ਦੋਵੇਂ ਪਾਸੇ ਦੋਵਾਂ ਧਿਰਾਂ ਦੇ ਸੈਨਿਕਾਂ ਨੇ ਪਾਣੀ ਪੀਤਾ। ਜਿਨ੍ਹਾਂ ਅਫਗਾਨਾਂ ਦੇ ਘੋੜੇ ਢਾਬ ਵਿੱਚ ਵੜ ਗਏ ਸਨ ਉਹ ਅਫਗਾਨ ਧਰਤੀ ਉੱਤੇ ਹੀ ਲੰਮੇ ਪੈ ਗਏ। ਸੰਨ 1970-71 ਤੱਕ ਇਹ ਢਾਬ ਮੂਲ ਰੂਪ ਵਿੱਚ ਮੋਜੂਦ ਸੀ ਤੇ ਇਸ ਦੇ ਇੱਕੋ ਕੰਡੇ ਤੇ ਨਿਸ਼ਾਨ ਸਾਹਿਬ ਝੂਲਦੇ ਸਨ। ਪਰ ਹੁਣ ਇਸ ਢਾਬ ਵਾਲੀ ਥਾਂ ਨੂੰ ਮਿੱਟੀ ਨਾਲ ਭਰ ਕੇ ਇਸ ਨੂੰ ਵਾਹਕ ਜ਼ਮੀਨ ਨਾਲ ਮਿਲਾ ਦਿੱਤਾ ਗਿਆ ਹੈ ਕਿਉਂਕਿ ਇਹ ਢਾਬ ਮੁਰੱਬਾਬੰਦੀ ਸਮੇਂ ਕਿਸਾਨਾਂ ਨੂੰ ਅਲਾਟ ਕਰ ਦਿੱਤੀ ਗਈ ਸੀ। ਕੁੱਝ ਥਾਂ ਮੁੱਲ ਕੇ ਇੱਥੇ ਇੱਕ ਛੋਟਾ ਜਿਹਾ ਗੁਰਦੁਆਰਾ ਗੁਰਦੁਆਰਾ ਢਾਬ ਸਾਹਿਬ ਉਸਾਰਿਆ ਗਿਆ ਹੈ। ਗਿਆਨ ਸਿੰਘ ਨੇ ਪਾਣੀ ਵਾਲੀ ਢਾਬ ਪਿੰਡ ਹਠੂਰ, ਜਿਲ੍ਹਾ ਲੁਧਿਆਣਾ ਵਿੱਖੇ ਦੱਸੀ ਹੈ। ਪਿੰਡ ਹਠੂਰ ਕੁਤਬਾ-ਬਾਹਮਣੀਆ ਤੋਂ ਅੱਗੇ ਪਰ ਇੱਕ ਪਾਸੇ ਅੱਠ-ਦਸ ਕਿਲੋਮੀਟਰ ਦੀ ਵਿੱਥ 'ਤੇ ਹੈ।

ਜਦੋਂ ਅਫਗਾਨ ਸੈਨਿਕਾਂ ਨੇ ਮਾਲਵੇ ਵੱਲੋਂ ਸਿੱਖਾਂ ਦੇ ਜੱਥੇ ਜੈਕਾਰੇ ਬੁਲਾਉਂਦੇ ਹੋਏ ਤਾਂ ਉਹ ਡਰ ਗਏ ਤੇ ਪਿੱਛੇ ਨੂੰ ਹਟਣੇ ਸ਼ੁਰੂ ਹੋ ਗਏ। ਸਥਾਨਕ ਲੋਕਾਂ ਤੋਂ ਅਫ਼ਗਾਨਾਂ ਨੂੰ ਇਹ ਵੀ ਪਤਾ ਲੱਗ ਚੁੱਕਿਆ ਸੀ ਕਿ ਅੱਗੇ ਸਿੱਖਾਂ ਦੇ ਪਿੰਡ ਹਨ ਤੇ ਪਾਣੀ ਦੀਆਂ ਢਾਬਾਂ ਬਹੁਤ ਦੂਰ-ਦੂਰ ਹਨ। ਇਸ ਸਮੇਂ ਲੜਾਈ ਬੰਦ ਹੋ ਗਈ ਤੇ ਮੁੜ ਕਿਸੇ ਧਿਰ ਵੱਲੋਂ ਸ਼ੁਰੂ ਨਾ ਕੀਤੀ ਗਈ।


ਮਾਲਵੇ ਵੱਲੋਂ ਆਏ ਜੱਥੇ ਸਿੰਘਾਂ ਦੀ ਵਹੀਰ ਨੂੰ ਆਪਣੇ ਘੇਰੇ ਵਿੱਚ ਲੈ ਕੇ ਅੱਗੇ ਮਾਲਵੇ ਦੇ ਪਿੰਡਾਂ ਵਿੱਚ ਲੈ ਗਏ। ਜਦੋਂ ਤੱਕ ਪਰਵਾਰਾਂ ਦੀ ਵਹੀਰ ਦੂਰ ਤੱਕ ਨਹੀਂ ਨਿਕਲ ਗਈ ਦਲ ਖਾਲਸਾ ਦੁਸ਼ਮਣ ਦੇ ਅੱਗੇ ਹੀ ਡੱਟਿਆ ਰਿਹਾ। ਪਿੰਡ ਗਹਿਲ,ਜ਼ਿਲ੍ਹਾ ਬਰਨਾਲਾ ਜੋ ਕਿ ਮਾਲੇਰਕੋਟਲਾ ਵੱਲੋਂ ਕੁਤਬਾ-ਬਾਹਮਣੀਆ ਤੋਂ ਤਕਰੀਬਨ ਪੰਦਰਾਂ ਕਿਲੋਮੀਟਰ ਅੱਗੇ ਹੈ,ਵਿੱਚ ਵੀ ਦੋਹਾਂ ਫੌਜਾਂ ਦੀ ਲੜਾਈ ਚਾਲੂ ਰਹੀ। ਇਸ ਮਹਾਂ ਯੁੱਧ ਵਿੱਚ ਜੋ ਕਿ ਕਈ ਪਿੰਡਾਂ ਵਿੱਚ ਫੈਲਿਆ ਰਿਹਾ ਕਿਸੇ ਵੀ ਧਿਰ ਨੂੰ ਜੇਤੂ ਨਹੀਂ ਕਿਹਾ ਜਾ ਸਕਦਾ। ਲੜਾਈ ਵਿੱਚ ਅਫ਼ਗਾਨਾਂ ਨੂੰ ਵੀ ਬਹੁਤ ਮਾਰ ਪਈ ਪਰ ਹਮਲਾਵਰ ਹੋਣ ਕਰਕੇ ਉਨ੍ਹਾਂ ਦੇ ਨੁਕਸਾਨ ਨੂੰ ਉਭਾਰਿਆ ਨਹੀਂ ਗਿਆ ਤੇ ਇਸ ਗੱਲ ਦੀ ਸੰਭਾਵਨਾ ਵੀ ਹੈ ਕਿ ਸਿੰਘਾਂ ਨਾਲੋਂ ਜ਼ਿਆਦਾ ਅਫਗਾਨ ਸੈਨਿਕ ਮਾਰੇ ਗਏ ਹੋਣ।

ਮੁਸਲਮਾਨੀ ਅਬਾਦੀ ਹੋਣ ਕਰਕੇ ਕੁੱਪ-ਕਹੀੜੇ ਵਿੱਚ ਅਤੇ ਕੁਤਬਾ-ਬਾਹਮਣੀਆਂ ਵਿੱਚ ਵੱਡੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿੱਚ ਬਹੁਤ ਦੇਰ ਤੱਕ ਕੋਈ ਗੁਰੂਦੁਆਰਾ ਨਹੀਂ ਸੀ ਬਣਾਇਆ ਗਿਆ। ਹੁਣ ਪਿੰਡ ਰਹੀੜਾ ਵਿਖੇ ਵੱਡੇ ਘੱਲੂਘਾਰੇ ਵਿੱਚ ਸ਼ਹੀਦ ਹੋਏ ਸਿੰਘਾਂ,ਸਿੰਘਣੀਆਂ ਤੇ ਭੁਜੰਗੀਆਂ ਦੀ ਪਵਿੱਤਰ ਯਾਦ ਵਿੱਚ ਗੁਰੂਦੁਆਰਾ ਸ਼ਹੀਦ ਗੰਜ ਵੱਡਾ ਘੱਲੂਘਾਰਾ ਸਾਹਿਬ ਸੁਸ਼ੋਭਿਤ ਹੈ। ਇਸ ਤੋਂ ਇਲਾਵਾ ਇਸ ਗੁਰੂਦੁਆਰੇ ਦੇ ਨੇੜੇ ਹੀ ਇਸੇ ਨਾਂ ਦਾ ਇੱਕ ਹੋਰ ਗੁਰੂਦੁਆਰਾ ਸੁਸ਼ੋਭਿਤ ਸੀ ਜਿਸ ਦੀ ਥਾਂ 'ਤੇ ਹੁਣ ਸ਼ਹੀਦਾਂ ਦੀ ਯਾਦਗਾਰ ਉਸਾਰੀ ਗਈ ਹੈ। ਇੱਥੋਂ ਦੇ ਰੇਲਵੇ ਸਟੇਸ਼ਨ ਦਾ ਨਾਂ ਵੀ 'ਘੱਲੂਘਾਰਾ ਰਹੀੜਾ ਰੇਲਵੇ ਸਟੇਸ਼ਨ' ਰੱਖਿਆ ਗਿਆ। ਕੁਤਬਾ ਪਿੰਡ ਵਿਖੇ ਇਸ ਘੱਲੂਘਾਰੇ ਦੇ ਸ਼ਹੀਦਾ ਦੀ ਪਵਿੱਤਰ ਯਾਦ ਵਿੱਚ ਗੁਰੂਦੁਆਰਾ ਅਤਿ ਵੱਡਾ ਘੱਲੂਘਾਰਾ ਸਾਹਿਬ ਅਤੇ ਗੁਰੂਦੁਆਰਾ ਢਬਿ ਸਾਹਿਬ ਸੁਸ਼ੋਭਿਤ ਹਨ। ਜਦੋਂ ਸਿੱਖ ਮਾਲਵੇ ਦੇ ਪਿੰਡਾਂ ਵਿੱਚ ਪਹੁੰਚੇ ਤਾਂ ਪਿੰਡਾਂ ਦੇ ਪਿੰਡ ਉਨ੍ਹਾਂ ਲਈ ਭਾਂਤ- ਭਾਂਤ ਦੇ ਖਾਣੇ ਤੇ ਦੁੱਧ ਲੈ ਕੇ ਪਹੁੰਚ ਗਏ। ਹਰ ਸਿੱਖ ਪਰਵਾਰ ਅਤੇ ਹਰ ਘੋੜਾ ਜ਼ਖਮੀ ਸੀ। ਤੰਬੂ ਲਾ ਕੇ ਵੈਦਾਂ ਤੇ ਹਕੀਮਾਂ ਨੂੰ ਬੁਲਾ ਕੇ ਜ਼ਖਮੀ ਸਿੰਘ, ਸਿੰਘਣੀਆਂ ਤੇ ਭੁਜੰਗੀਆਂ ਦੀ ਮਲ੍ਹਮ ਪੱਟੀ ਕੀਤੀ ਗਈ। ਇਹ ਸਮੁੱਚਾ ਘੱਲੂਘਾਰਾ 5 ਫਰਵਰੀ, 1762 ਨੂੰ ਅਰਥਾਤ ਇੱਕੋ ਦਿਨ ਲਗਾਤਾਰ 45-50 ਕਿਲੋਮੀਟਰ ਦੇ ਲੰਮੇ ਖੇਤਰ ਵਿੱਚ ਵਾਪਰਿਆ। ਇਸ ਵਿੱਚ ਕੁੱਪ-ਰਹੀੜਾ, ਕੁਤਬਾ-ਬਾਹਮਣੀਆ, ਗਹਿਲ ਅਤੇ ਹਠੂਰ ਪਿੰਡਾਂ ਦੇ ਨਾਮ ਲਏ ਜਾਂਦੇ। ਗਹਿਲ ਨੂੰ ਛੱਡ ਕੇ ਬਾਕੀ ਸਾਰੇ ਪਿੰਡ ਉਸ ਸਮੇਂ ਮੁਸਲਮਾਨੀ ਅਬਾਦੀ ਵਾਲੇ ਸਨ। ਗਹਿਲ ਪਿੰਡ ਵਿੱਚ ਸੱਤਵੇਂ ਪਾਤਿਸ਼ਾਹ ਦੀ ਯਾਦ ਵਿੱਚ ਇੱਕ ਗੁਰਦੁਆਰਾ ਸਾਹਿਬ ਉਸਾਰਿਆ ਹੈ। ਇਹ ਅਫਗਾਨਾਂ ਵੱਲੋਂ ਇੱਕੋ ਇੱਕ ਦਿਨ ਵਿੱਚ ਕੀਤਾ ਗਿਆ ਬਹੁਤ ਭਿਅੰਕਰ ਕਤਲੇਆਮ ਸੀ ਜਿਸ ਵਿੱਚ ਸਿੱਖਾਂ ਨੂੰ ਕੁਚਲਣ ਦੀ ਕੋਸ਼ਸ ਕੀਤੀ ਗਈ ਸੀ। ਦੂਜੇ ਪਾਸੇ ਜਿਹੜੇ ਕੁਤਬਾ ਅਤੇ ਬਾਹਮਣੀਆ ਪਿੰਡਾਂ ਦੇ ਲੋਕ ਸਿੱਖਾਂ ਨਾਲ ਲੜੇ ਸਨ ਸਿੱਖ ਸੈਨਿਕਾਂ ਵੱਲੋਂ ਉਨ੍ਹਾਂ ਦਾ ਵੀ ਵੱਡੀ ਪੱਧਰ ਤੇ ਕਤਲੇਆਮ ਕੀਤਾ ਗਿਆ ਸੀ। ਇਸ ਘੱਲੂਘਾਰੇ ਵਿੱਚ ਅਫ਼ਗਾਨਾਂ ਦਾ ਵੀ ਬਹੁਤ ਭਾਰੀ ਨੁਕਸਾਨ ਹੋਇਆ। ਇਸ ਨੁਕਸਾਨ ਤੋਂ ਡਰਦੇ ਮਾਰੇ ਹੀ ਅਬਦਾਲੀ ਪਿੱਛੇ ਮੁੜਿਆ ਸੀ। ਅਬਦਾਲੀ ਦਿਲੋਂ ਸ਼ਰਮਿੰਦਾ ਸੀ ਕਿ ਜਨਵਰੀ,1761 ਵਿੱਚ ਉਹ ਲਗਭਗ ਤਿੰਨ ਲੱਖ ਦੀ ਗਿਣਤੀ ਵਿੱਚ ਇਕੱਠੀ ਹੋਈ ਮਰਾਠਾ ਸੈਨਾ ਨੂੰ ਪੂਰੀ ਤਰ੍ਹਾਂ ਕੁਚਲ ਸਕਿਆ ਸੀ ਪਰ ਇਸ ਘੱਲੂਘਾਰੇ ਵਿੱਚ 50-60 ਹਜ਼ਾਰ ਦੀ ਗਿਣਤੀ ਵਾਲੇ ਦਲ ਖਾਲਸਾ ਨੂੰ ਉਹ ਘੇਰ ਕੇ ਨਹੀਂ ਸੀ ਮਾਰ ਸਕਿਆ। ਅਬਦਾਲੀ ਸ਼ਾਮ ਹੋਣ 'ਤੇ ਕੁਤਬਾ-ਬਾਹਮਣੀਆਂ ਪਿੰਡਾਂ ਵਿੱਚ ਲੜਨੋ ਹਟ ਗਿਆ ਸੀ। ਲੜਨ ਤੋਂ ਹਟਣ ਦੀ ਪਹਿਲ ਅਬਦਾਲੀ ਨੇ ਕੀਤੀ ਸੀ। ਘੱਲੂਘਾਰੇ ਵਿੱਚ ਅਬਦਾਲੀ ਸਿੱਖਾਂ ਨੂੰ ਕੁਚਲਣ ਵਿੱਚ ਅਸਫਲ ਰਿਹਾ। ਦੋ ਕੁ ਮਹੀਨਿਆਂ ਤੋਂ ਪਿੱਛੋਂ 1762 ਈ. ਦੀ ਵਿਸਾਖੀ ਦੇ ਮੌਕੇ 'ਤੇ ਜਦੋਂ ਥੱਕਿਆ ਟੁੱਟਿਆ ਖਤਲਸਾ ਮੁੜ ਤੋਂ ਤਿਆਰ-ਬਰ-ਤਿਆਰ ਹੋਇਆ ਤਾਂ ਉਸ ਨੇ ਸਭ ਤੋਂ ਪਹਿਲਾਂ ਕੁੱਪ-ਰਹੀੜਾ ਅਤੇ ਕੁੱਪ-ਬਾਹਮਣੀਆਂ ਪਿੰਡਾਂ ਨੂੰ ਉਜਾੜਨ ਦਾ ਕੰਮ ਕੀਤਾ। ਰਹੀੜੇ ਦਾ ਥੇਹ ਜੋ ਕਿ ਗੁਰੂਦੁਆਰੇ ਕੋਲ ਹੀ ਹੈ ਇਸ ਉਜਾੜੇ ਦੀ ਗਵਾਹੀ ਪੇਸ਼ ਕਰਦਾ ਹੈ। ਇਸ ਸਮੇਂ ਇਸ ਥੇਹ ਦੇ ਉੱਪਰ 125 ਫੁੱਟ ਉੱਚਾ ਨਿਸ਼ਾਨ ਸਾਹਿਬ ਝੂਲ ਰਿਹਾ ਹੈ। ਇਸ ਘੱਲੂਘਾਰੇ ਵਿੱਚ ਸ਼ਹੀਦ ਹੋਏ 50-60 ਹਜ਼ਾਰ ਸਿੱਖਾਂ ਦੇ ਸਿਰਾਂ ਨਾਲ ਭਰੇ ਹੋਏ ਗੱਡੇ ਅਬਦਾਲੀ ਨੇ ਲਾਹੌਰ ਨੂੰ ਤੋਰ ਦਿੱਤੇ। ਇਸ ਤੋਂ ਇਲਾਵਾ ਉਹ ਸਰਹਿੰਦ ਤੋਂ ਲਾਹੌਰ ਵੱਲ ਜਾਂਦਾ ਹੋਇਆ ਸਾਰੇ ਪਿੰਡਾਂ ਵਿੱਚ ਵੜ ਕੇ ਸਾਰੇ ਸਿੱਖਾਂ ਨੂੰ ਕੈਦੀ ਬਣਾ ਕੇ ਵੀ ਆਪਣੇ ਨਾਲ ਲੈ ਗਿਆ। ਉਹ 3 ਮਾਰਚ,1762 ਨੂੰ ਲਾਹੌਰ ਪਹੁੰਚਿਆ। ਲਾਹੌਰ ਜਾ ਕੇ ਕਤਲ ਹੋਏ ਸਿੱਖਾਂ ਦੇ ਸਿਰਾਂ ਦੇ ਮਿਨਾਰ ਉਸਾਰੇ ਗਏ ਅਤੇ ਕਿਹਾ ਜਾਂਦਾ ਹੈ ਕਿ ਅਬਦਾਲੀ ਦੁਆਰਾ ਉਨ੍ਹਾਂ ਮਸਜਿਦਾਂ ਦੀਆਂ ਦਿਵਾਰਾਂ ਨੂੰ ਜਿਨ੍ਹਾਂ ਨੂੰ ਸਿੱਖਾਂ ਨੇਅਬਦਾਲੀ ਅਪਵਿੱਤਰ ਕੀਤਾ ਸੀ ਸਿੱਖਾਂ ਦੇ ਖੂਨ ਨਾਲ ਧੋਤਾ ਗਿਆ। ਅਬਦਾਲੀ ਨੇ ਸਿੱਖਾਂ ਤੇ ਜੋ ਤਸ਼ੱਦਦ ਢਾਹੇ ਉਹ ਬਿਆਨ ਤੋਂ ਬਾਹਰ ਹਨ। ਲਾਹੌਰ ਪਹੁੰਚ ਕੇ ਅਬਦਾਲੀ ਨੇ ਸਿੱਖਾਂ ਦਾ ਸਰਵਨਾਸ਼ ਕਰਨ ਦੀ ਯੋਜਨਾ ਬਣਾਈ। ਪੰਜਾਬ ਅਤੇ ਉੱਤਰੀ ਭਾਰਤ ਵਿੱਚ ਸਿੱਖਾਂ ਦੀ ਸ਼ਕਤੀ ਨੂੰ ਖਤਮ ਕਰਨ ਸੰਬੰਧੀ ਉਸ ਨੂੰ ਇਹ ਜਾਣਕਾਰੀ ਪਰਾਪਤ ਹੋਈ ਕਿ ਸਿੱਖ ਸ੍ਰੀ ਦਰਬਾਰ ਸਾਹਿਬ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕਰ ਕੇ ਨਿਡਰ ਹੋ ਜਾਂਦੇ ਹਨ ਤੇ ਲੜਾਈਆਂ ਵਿੱਚ ਜਿੱਤ ਜਾਂਦੇ ਹਨ। ਉਹ ਫਰਵਰੀ 1762 ਦੇ ਆਖਰੀ ਹਫਤੇ ਵਿੱਚ ਅੰਮ੍ਰਿਤਸਰ ਪਹੁੰਚਿਆ। ਸਿੱਖਾਂ ਨੂੰ ਹੋਰ ਤੰਗ ਕਰਨ ਲਈ ਉਸ ਨੇ 10 ਅਪ੍ਰੈਲ,1762 ਨੂੰ ਵਿਸਾਖੀ ਦੇ ਤਿਉਹਾਰ ਸਮੇਂ ਸਿੱਖਾਂ ਉੱਤੇ ਹਮਲਾ ਕੀਤਾ। ਸ੍ਰੀ ਦਰਬਾਰ ਸਾਹਿਬ ਨੂੰ ਬਾਰੂਦ ਨਾਲ ਉਡਵਾ ਦਿੱਤਾ ਤੇ ਪਵਿੱਤਰ ਸਰੋਵਰ ਨੂੰ ਗਊਆਂ ਦੇ ਖੂਨ ਨਾਲ ਅਪਵਿੱਤਰ ਕਰ ਕੇ ਇਸ ਵਿੱਚ ਕੂੜਾ ਕਰਕਟ ਅਤੇ ਮਲਵਾ ਭਰਵਾ ਦਿੱਤਾ। ਜੋ ਯਾਤਰੀਆਂ ਲਈ ਬੁੰਗੇ ਬਣੇ ਹੋਏ ਸਨ ਉਹ ਵੀ ਤਬਾਹ ਕਰਵਾ ਦਿੱਤੇ। ਜਿੰਨੇ ਸੇਵਾਦਾਰ ਖੜ੍ਹੇ ਸਨ,ਉਨ੍ਹਾਂ ਸਭ ਨੂੰ ਕਤਲ ਕਰਵਾ ਦਿੱਤਾ। ਇਤਿਹਾਸਕਾਰਾਂ ਅਨੁਸਾਰ ਜਦੋਂ ਦਰਬਾਰ ਸਾਹਿਬ ਨੂੰ ਬਾਰੂਦ ਨਾਲ ਉਡਾਇਆ ਜਾ ਰਿਹਾ ਤਾਂ ਇੱਕ ਉੜਦਾ ਹੋਇਆ ਰੋੜਾ ਅਬਦਾਲੀ ਦੇ ਨੱਕ ਤੇ ਵੱਜਿਆ ਅਤੇ ਉੱਥੇ ਅਜਿਹਾ ਜ਼ਖਮ ਹੋ ਗਿਆ ਜੋ ਕਦੇ ਠੀਕ ਨਾ ਹੋਇਆ। ਜਿਸ ਦਾ ਦੋ ਸਾਲ ਦੁੱਖ ਸਹਾਰਨ ਤੋਂ ਬਾਅਦ ਉਹ ਮਰ ਗਿਆ। ਜਦੋਂ 17 ਅਕਤੂਬਰ,1762 ਨੂੰ ਵੱਡੇ ਘੱਲੂਘਾਰੇ ਵਿੱਚ ਹੋਏ ਨੁਕਸਾਨ ਅਤੇ ਪਵਿੱਤਰ ਅਸਥਾਨ ਦੀ ਹੋਈ ਬੇਅਦਬੀ ਦਾ ਬਦਲਾ ਲੈਣ ਲਈ 60,000 ਖਾਲਸਾ ਅੰਮ੍ਰਿਤਸਰ ਦੀ ਖੰਡਰ ਹੋਈ ਧਰਤੀ 'ਤੇ ਦੀਵਾਲੀ ਦੇ ਸਮਾਗਮ ਲਈ ਇਕੱਠਾ ਹੋਇਆ ਤਾਂ ਅਬਦਾਲੀ ਵੀ ਆਪਣੀ ਸੈਨਾ ਲੈ ਕੇ ਪਹੁੰਚ ਗਿਆ। ਸਵੇਰ ਤੋਂ ਰਾਤ ਪੈਣ ਤੱਕ ਲੜਾਈ ਚੱਲਦੀ ਕਿ ਰਾਤ ਦੇ ਹਨੇਰੇ ਦੀ ਆੜ ਲੈ ਕੇ ਅੰਤ ਵਿੱਚ ਅਬਦਾਲੀ ਆਪਣੀਆਂ ਫੌਜਾਂ ਲੈ ਕੇ ਵਾਪਸ ਲਾਹੌਰ ਭੱਜ ਜਾਣ ਲਈ ਮਜਬੂਰ ਹੋ ਗਿਆ। ਅਗਲੇ ਦਿਨ ਅਬਦਾਲੀ ਦਾ ਇੱਕ ਵੀ ਸੇਨਿਕ ਲੜਾਈ ਵਾਲੀ ਥਾਂ 'ਤੇ ਨਾ ਪਹੁੰਚਿਆ। ਇਸ ਪਰਕਾਰ ਨਾਲ ਸਿੰਘਾਂ ਨੇ ਉਸ ਤੋਂ ਵੱਡੇ ਘੱਲੂਘਾਰੇ ਦਾ ਬਦਲਾ ਲੈ ਲਿਆ ਸੀ।

12 ਦਸੰਬਰ,1762 ਨੂੰ ਅਬਦਾਲੀ ਨੇ ਲਾਹੌਰ ਤੋਂ ਕਾਬਲ ਜਾਣ ਤੋਂ ਪਹਿਲਾਂ ਦੀਵਾਨ ਕਾਬੁਲੀਮੱਲ ਨੂੰ ਧੱਕੇ ਨਾਲ ਲਾਹੌਰ ਦੀ ਸੂਬੇਦਾਰੀ ਸੌਂਪ ਦਿੱਤੀ। ਅਬਦਾਲੀ ਦੇ ਜਾਣ ਤੋਂ ਇੱਕਦਮ ਬਾਅਦ ਕਾਬੁਲੀਮੱਲ ਨੇ ਸਿੱਖਾਂ ਨੂੰ ਸੁਨੇਹੇ ਭੇਜ ਦਿੱਤੇ ਕਿ ਉਹ ਆ ਕੇ ਲਾਹੌਰ ਦਾ ਪਰਬੰਧ ਆਪਣੇ ਹੱਥਾਂ ਵਿੱਚ ਲੈ ਲੈਣ। ਕਾਬੁਲੀਮੱਲ ਦੇ ਸਮੇਂ ਸਿੰਘ ਬਹੁਤ ਸਾਰੇ ਪਠਾਣਾਂ ਨੂੰ ਕੈਦ ਕਰ ਕੇ ਅੰਮ੍ਰਿਤਸਰ ਲੈ ਆਏ ਤੇ ਉਨ੍ਹਾਂ ਤੋਂ ਅੰਮ੍ਰਿਤਸਰ ਦੇ ਪਵਿੱਤਰ ਅਸਥਾਨ ਦੀ ਕਾਰ ਸੇਵਾ ਕਰਵਾਈ। ਇਸ ਪਰਕਾਰ 1763 ਈ.ਦੀ ਵਿਸਾਖੀ ਤੱਕ ਅੰਮ੍ਰਿਤਸਰ ਮੁੜ ਤੋਂ ਸਾਫ ਸੁਥਰਾ ਕਰ ਲਿਆ ਗਿਆ। ਮੁਤੱਸਵੀ ਅਬਦਾਲੀ ਨੇ ਜੋ ਸਿੱਖਾਂ ਨਾਲ ਪਾਪ ਕਮਾਏ ਉਨ੍ਹਾਂ ਨੂੰ ਸਿੱਖ ਕੌਮ ਕਦੇ ਨਹੀਂ ਭੁੱਲ ਸਕਦੀ। ਵੱਡਾ ਘੱਲੂਘਾਰਾ ਸਿੱਖ ਕੌਮ ਦੇ ਸੀਨੇ 'ਤੇ ਇੱਕ ਵੱਡਾ ਜ਼ਖ਼ਮ ਹੈ। ਰਹਿੰਦੀ ਦੁਨੀਆਂ ਤੱਕ ਸਿੱਖ ਕੌਮ ਵੱਡੇ ਘੱਲੂਘਾਰੇ ਵਿੱਚ ਸ਼ਹੀਦ ਹੋਏ ਸਿੰਘਾਂ,ਸਿੰਘਣੀਆਂ ਤੇ ਭੁਜੰਗੀਆਂ ਦੀ ਕੁਰਬਾਨੀ ਨੂੰ ਯਾਦ ਰੱਖੇਗੀ ਤੇ ਇਨ੍ਹਾਂ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਟ ਭੇਟ ਕਰਦੀ ਰਹੇਗੀ।

ਗੁਰਬਿੰਦਰ ਗੁਰੀ, 9198554 68092

CANADIAN TRUCK TRAINING CENTRE





ਹਰਪਾਲ ਸਿੰਘ ਮਾਨ

ਤਸੱਲੀਬਕਸ਼ ਸੇਵਾਵਾਂ ਲਈ
* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662



UNIVERSAL MORTGAGES
CALL MUNISH TEGI
Mortgage Agent Level1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

# ਅੰਮ੍ਰਿਤਸਰ 'ਚ ਪੁਲਿਸ ਚੌਂਕੀ ਦੇ ਬਾਹਰ ਧਮਾਕਾ

## ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਗ੍ਰਨੇਡ ਹਮਲੇ ਤੋਂ ਕੀਤਾ ਇਨਕਾਰ



ਅੰਮ੍ਰਿਤਸਰ: ਪੰਜਾਬ ਦੇ ਅੰਮ੍ਰਿਤਸਰ ਵਿੱਚ ਬੀਤੀ ਰਾਤ ਇੱਕ ਹੋਰ ਧਮਾਕਾ ਸੁਣਿਆ ਗਿਆ। ਸ਼ੁਰੂਆਤੀ ਜਾਣਕਾਰੀ ਮੁਤਾਬਕ ਇਹ ਧਮਾਕਾ ਅੰਮ੍ਰਿਤਸਰ ਬਾਈਪਾਸ 'ਤੇ ਸਥਿਤ ਫਤਿਹਗੜ੍ਹ ਚੂੜੀਆਂ ਪੁਲਸ ਚੌਕੀ 'ਤੇ ਹੋਇਆ। ਕਿਸੇ ਜਾਨੀ ਜਾਂ ਜ਼ਖਮੀ ਹੋਣ ਦੀ ਕੋਈ ਸੂਚਨਾ ਨਹੀਂ ਹੈ। ਹਾਲਾਂਕਿ ਇਹ ਧਮਾਕਾ ਕਿਸੇ ਅੱਤਵਾਦੀ ਨੇ ਕੀਤਾ ਜਾਂ ਕੋਈ ਹੋਰ ਕਾਰਨ ਸੀ ਇਸ ਦੀ ਅਜੇ ਪੁਸ਼ਟੀ ਨਹੀਂ ਹੋਈ ਹੈ। ਪੁਲਿਸ ਅਧਿਕਾਰੀ ਮੌਕੇ 'ਤੇ ਪਹੁੰਚ ਗਏ ਹਨ ਅਤੇ ਜਾਂਚ ਕਰ ਰਹੇ ਹਨ। ਜਾਣਕਾਰੀ ਇਹ ਵੀ ਹੈ ਕਿ ਵਿਦੇਸ਼ਾਂ 'ਚ ਬੈਠੇ ਅੱਤਵਾਦੀਆਂ ਨੇ ਪੁਲਿਸ ਨੂੰ ਸ਼ੀਸ਼ਾ ਦਿਖਾਉਣ ਲਈ ਇੱਕ ਵਾਰ ਫਿਰ ਤੋਂ ਚੌਕੀ 'ਤੇ ਗ੍ਰੇਨੇਡ ਹਮਲਾ ਕੀਤਾ ਹੈ ਪਰ ਅਜੇ ਤੱਕ ਪੁਲਿਸ ਵੱਲੋਂ ਅਜਿਹੀ ਕੋਈ ਵੀ ਜਾਣਕਾਰੀ ਸਾਹਮਣੇ ਨਹੀਂ ਆਈ ਹੈ। ਪੁਲਿਸ ਅਜੇ ਤੱਕ ਇਸ ਧਮਾਕੇ ਦੀ ਪੁਸ਼ਟੀ ਨਹੀਂ ਕਰ ਰਹੀ ਹੈ। ਇਸ ਹਮਲੇ ਤੋਂ ਬਾਅਦ ਪੰਜਾਬ ਭਰ ਵਿੱਚ ਸੁਰੱਖਿਆ ਪ੍ਰਬੰਧ ਸਖ਼ਤ ਕਰ ਦਿੱਤੇ ਗਏ ਹਨ। ਸਾਰੀਆਂ ਚੌਕੀਆਂ ਅਤੇ ਸੰਵੇਦਨਸ਼ੀਲ ਖੇਤਰਾਂ 'ਤੇ ਵਾਧੂ ਪੁਲਿਸ ਬਲ ਤਾਇਨਾਤ ਕੀਤੇ ਗਏ ਹਨ।

ਮੌਕੇ 'ਤੇ ਪਹੁੰਚੇ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ ਹੋਏ ਧਮਾਕੇ ਦੀ ਪੂਰੀ ਜਾਂਚ ਕੀਤੀ ਜਾ ਰਹੀ ਹੈ ਇਸ ਨੂੰ ਗ੍ਰਨੇਡ ਦਾ ਧਮਾਕਾ ਨਹੀਂ ਕਿਹਾ ਜਾ ਸਕਦਾ। ਉਨ੍ਹਾਂ ਕਿਹਾ ਕਿ ਫਿਰ ਵੀ ਫਰੈਂਸਿਕ ਟੀਮ ਧਮਾਕੇ ਦੀ ਜਾਂਚ ਕਰ ਰਹੀ ਹੈ ਜੋ ਵੀ ਤੱਥ ਸਾਹਮਣੇ ਆਉਣਗੇ ਉਹ ਦੱਸ ਦਿੱਤਾ ਜਾਵੇਗਾ। ਪੁਲਿਸ ਕਮਿਸ਼ਨਰ ਗੁਰਪ੍ਰੀਤ ਭੁੱਲਰ ਵੱਲੋਂ ਇਹ ਵੀ ਕਿਹਾ ਗਿਆ ਕਿ ਇਹ ਪੁਲਿਸ ਚੌਕੀ ਪਿਛਲੇ ਸਮੇਂ 'ਚ ਬੰਦ ਕਰ ਦਿੱਤੀ ਗਈ ਸੀ। ਉਨ੍ਹਾਂ ਕਿਹਾ ਕਿ ਸੜਕ ਉੱਤੇ ਹਲਕਾ ਜਿਹਾ ਖੱਡਾ ਬਣਿਆ ਹੈ। ਜਿਸਨੂੰ ਗ੍ਰਨੇਡ ਧਮਾਕਾ ਨਹੀਂ ਕਿਹਾ ਜਾ ਸਕਦਾ। ਇਸ ਦੇ ਨਾਲ ਹੀ ਪੁਲਿਸ ਕਮਿਸ਼ਨਰ ਗੁਰਪ੍ਰੀਤ ਭੁੱਲਰ ਵੱਲੋਂ ਗ੍ਰਨੇਡ ਬਲਾਸਟ ਵਾਲੀ ਇਸ ਸੂਚਨਾ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ। ਉਨ੍ਹਾਂ ਨੇ ਕਿਹਾ ਜੇਕਰ ਗ੍ਰੇਨਡ ਬਲਾਸਟ ਹੋਇਆ ਹੁੰਦਾ ਤਾਂ ਸ਼ਾਇਦ ਆਲੇ ਦੁਆਲੇ ਬਹੁਤ ਜ਼ਿਆਦਾ ਨੁਕਸਾਨ ਦੇਖਣ ਨੂੰ ਮਿਲ ਸਕਦਾ ਸੀ, ਜਦੋਂਕਿ ਅਜਿਹਾ ਕੁੱਝਵੀ ਦੇਖਣ ਨੂੰ ਨਹੀਂ ਮਿਲੀ। ਪੁਲਿਸ ਕਮਿਸ਼ਨਰ ਵੱਲੋਂ ਇਹ ਵੀ ਜਾਣਕਾਰੀ ਦਿੱਤੀ ਗਈ ਹੈ ਕਿ ਇਹ ਪੁਲਿਸ ਚੌਂਕੀ ਲੰਬੇ ਸਮੇਂ ਤੋਂ ਬੰਦ ਕਰ ਦਿੱਤੀ ਗਈ ਹੈ, ਇਸ ਵਿੱਚ ਕੋਈ ਵੀ ਪੁਲਿਸ ਮੁਲਜ਼ਮਾਂ ਜਾ ਕੋਈ ਵੀ ਹੋਰ ਵਿਅਕਤੀ ਨਹੀਂ ਰਹਿੰਦਾ।

# 'ਦਿਲ ਨੀਂ ਛੱਡਣਾ...', ਅਮਰੀਕਾ ਤੋਂ ਡਿਪੋਰਟ ਹੋਏ ਨੌਜਵਾਨਾਂ ਨੂੰ ਮਿਲੇ ਮੰਤਰੀ ਧਾਲੀਵਾਲ, ਦਿੱਤਾ ਹੌਸਲਾ



ਅਮਰੀਕਾ ਤੋਂ ਡਿਪੋਰਟ ਕੀਤੇ ਗਏ 104 ਭਾਰਤੀ ਅੱਜ ਪੰਜਾਬ ਦੇ ਅੰਮ੍ਰਿਤਸਰ ਏਅਰਪੋਰਟ 'ਤੇ ਲੈਂਡ ਹੋਏ, ਇਨ੍ਹਾਂ ਵਿਚ 30 ਪੰਜਾਬੀ ਵੀ ਸ਼ਾਮਲ ਹਨ। ਅਮਰੀਕਾ ਵੱਲੋਂ ਡਿਪੋਰਟ ਕਰਨ ਦੇ ਕਦਮ ਨਾਲ ਜਿਥੇ ਇਨ੍ਹਾਂ ਨੌਜਵਾਨਾਂ ਦੇ ਸੁਪਨੇ ਚੂਰ-ਚੂਰ ਹੋ ਗਏ ਉਥੇ ਹੀ ਪੁੱਤਾਂ ਨੂੰ ਵਿਦੇਸ਼ ਭੇਜਣ ਲਈ ਪਰਿਵਾਰ ਵੀ ਕਰਜ਼ੇ ਹੇਠ ਦਬ ਗਿਆ। ਇਸੇ ਵਿਚਾਲੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਇਨ੍ਹਾਂ ਨੌਜਵਾਨਾਂ ਨੂੰ ਮਿਲੇ। ਉਨ੍ਹਾਂ ਨੌਜਵਾਨਾਂ ਨੂੰ ਹੌਂਸਲਾ ਦਿੰਦਿਆਂ ਕਿਹਾ ਕਿ ਦਿਲ ਨਹੀਂ ਛੱਡਣਾ ਤੇ ਨੈਗੇਟਿਵ ਨਹੀਂ ਸੋਚਣਾ, ਹਮੇਸ਼ਾ ਪਾਜ਼ੀਟਿਵ ਰਹਿਣਾ, ਜ਼ਿੰਦਗੀ ਵਿਚ ਬੜਾ-ਬੜਾ ਨੁਕਸਾਨ ਹੋ ਜਾਂਦਾ। ਇਹ ਹੀ ਸੋਚੋ ਕਿ ਤੁਹਾਡਾ ਤਜਰਬਾ ਹੋ ਗਿਆ। ਨੌਜਵਾਨਾਂ ਨਾਲ ਮੁਲਾਕਾਤ ਤੋਂ ਬਾਅਦ ਮੰਤਰੀ ਧਾਲੀਵਾਲ ਨੇ ਮੀਡੀਆ ਨੂੰ ਸੰਬੋਧਨ ਕੀਤਾ ਤੇ ਉਨ੍ਹਾਂ ਦੀ ਸਥਿਤੀ ਬਾਰੇ ਅਪਡੇਟ ਦਿੱਤੀ। ਉਨ੍ਹਾਂ ਕਿਹਾ ਕਿ ਹਰ ਕੋਈ ਠੀਕ ਹੈ। ਉਨ੍ਹਾਂ ਦੀ ਕਾਗਜ਼ੀ ਕਾਰਵਾਈ ਚੱਲ ਰਹੀ ਹੈ। ਧਾਲੀਵਾਲ ਨੇ ਸਥਿਤੀ ਦੀ ਗੰਭੀਰਤਾ 'ਤੇ ਜ਼ੋਰ ਦਿੰਦੇ ਹੋਏ ਕਿਹਾ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਡਿਪੋਰਟ ਦੇ ਮੁੱਦੇ ਦਾ ਹੱਲ ਕੱਢਣ ਲਈ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਗੱਲਬਾਤ ਕਰਨ।

ਉਨ੍ਹਾਂ ਕਿਹਾ, "ਇਹ ਦੋਹਾਂ ਦੇਸ਼ਾਂ ਵਿਚਾਲੇ ਇਕ ਅਹਿਮ ਮਾਮਲਾ ਹੈ। ਪ੍ਰਧਾਨ ਮੰਤਰੀ ਮੋਦੀ ਡੋਨਾਲਡ ਟਰੰਪ ਨਾਲ ਦੋਸਤੀ ਹੋਣ ਦਾ ਦਾਅਵਾ ਕਰਦੇ ਹਨ, ਇੱਥੋਂ ਤੱਕ ਕਿ ਅਮਰੀਕੀ ਚੋਣਾਂ ਦੌਰਾਨ ਉਨ੍ਹਾਂ ਲਈ ਪ੍ਰਚਾਰ ਵੀ ਕੀਤਾ ਸੀ। ਇਹ ਇੱਕ ਅੰਤਰਰਾਸ਼ਟਰੀ ਮੁੱਦਾ ਹੈ ਜਿਸ ਨੂੰ ਗੱਲਬਾਤ ਦੀ ਮੇਜ਼ 'ਤੇ ਹੱਲ ਕਰਨ ਦੀ ਲੋੜ ਹੈ। ਧਾਲੀਵਾਲ ਨੇ ਭਾਰਤੀ ਨਾਗਰਿਕਾਂ ਨੂੰ ਡਿਪੋਰਟ ਕਰਨ ਅਤੇ ਕੈਦ ਦੇ ਵਧ ਰਹੇ ਖ਼ਤਰੇ ਬਾਰੇ ਚਿੰਤਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਦੇਸ਼ ਨਿਕਾਲੇ ਦੀ ਤਲਵਾਰ ਦੇ ਵਿਰੁੱਧ ਢਾਲ ਬਣਨਾ ਚਾਹੀਦਾ ਹੈ ਜੋ ਸਾਡੇ ਨਾਗਰਿਕਾਂ ਉੱਤੇ ਲਟਕ ਰਹੀ ਹੈ।

ਉਨ੍ਹਾਂ ਡਿਪੋਰਟ ਹੋ ਕੇ ਆਏ ਨੌਜਵਾਨਾਂ ਦੇ ਤਜ਼ਰਬਿਆਂ ਬਾਰੇ ਦੱਸਦਿਆਂ ਕਿਹਾ ਕਿ, ਸਾਰੇ ਭਾਰਤੀ ਨਾਗਰਿਕ ਠੀਕ ਅਤੇ ਸਿਹਤਮੰਦ ਹਨ। ਉਨ੍ਹਾਂ ਨੇ ਖਾਣਾ ਅਤੇ ਚਾਹ ਪੀਤੀ। ਵਾਪਸ ਪਰਤਣ ਵਾਲਿਆਂ ਨਾਲ ਗੱਲਬਾਤ ਦੌਰਾਨ ਧਾਲੀਵਾਲ ਨੂੰ ਪਤਾ ਲੱਗਾ ਕਿ ਕਈਆਂ ਨੇ ਦੁਬਈ ਸਥਿਤ ਏਜੰਟਾਂ ਰਾਹੀਂ ਅਮਰੀਕਾ ਦੀ ਯਾਤਰਾ ਕੀਤੀ ਸੀ, ਕਈਆਂ ਨੇ ਇੰਗਲੈਂਡ ਦੇ ਰਸਤੇ ਜਾਂ ਕੈਨੇਡਾ ਦੇ ਵੀਜ਼ੇ ਲਏ ਹੋਏ ਸਨ। ਇਸ ਵਿੱਚ ਸ਼ਾਮਲ ਜ਼ਿਆਦਾਤਰ ਏਜੰਟ ਦੁਬਈ ਤੋਂ ਹਨ। ਉਨ੍ਹਾਂ ਕਿਹਾ ਕਿ ਕਈਆਂ ਦੇ ਹਾਲਾਤ ਬਦਤਰ ਹੋ ਗਏ ਹਨ।

# ਬਾਜਵਾ ਨੇ 30 ਡਿਪੋਰਟ ਹੋਏ ਪੰਜਾਬੀਆਂ ਦੇ ਮੁੜ ਵਸੇਬੇ ਦੀ ਕੀਤੀ ਮੰਗ



ਚੰਡੀਗੜ੍ਹ: ਅਮਰੀਕਾ 'ਚ ਟਰੰਪ ਪ੍ਰਸ਼ਾਸਨ ਵੱਲੋਂ 30 ਪੰਜਾਬੀਆਂ ਸਣੇ 104 ਅਣਅਧਿਕਾਰਤ ਭਾਰਤੀ ਪ੍ਰਵਾਸੀਆਂ ਨੂੰ ਵਾਪਸ ਭੇਜੇ ਜਾਣ 'ਤੇ ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਜ਼ੋਰਦਾਰ ਵਕਾਲਤ ਕੀਤੀ ਹੈ ਕਿ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੂੰ ਡਿਪੋਰਟ ਹੋਏ ਪੰਜਾਬੀਆਂ ਲਈ ਮੁੜ ਵਸੇਬਾ ਪ੍ਰੋਗਰਾਮ ਤਿਆਰ ਕਰਨਾ ਚਾਹੀਦਾ ਹੈ।

"ਉਹ ਸਾਡੇ ਪੁੱਤਰ ਅਤੇ ਧੀਆਂ ਹਨ, ਅਤੇ ਸਾਨੂੰ ਉਨ੍ਹਾਂ ਨੂੰ ਸਵੀਕਾਰ ਕਰਨਾ ਚਾਹੀਦਾ ਹੈ। ਉਚਿੱਤ ਮੁੜ ਵਸੇਬਾ ਪ੍ਰੋਗਰਾਮ ਤੋਂ ਬਿਨਾਂ, ਉਹ ਨਿਰਾਸ਼ਾ ਅਤੇ ਉਦਾਸੀਨਤਾ ਵਿੱਚ ਡੁੱਬ ਸਕਦੇ ਹਨ ਜਾਂ ਨਸ਼ਿਆਂ ਦੀ ਆਦਤ ਅਤੇ ਅਪਰਾਧਿਕ ਗਤੀਵਿਧੀਆਂ ਦਾ ਸਹਾਰਾ ਲੈ ਸਕਦੇ ਹਨ। 'ਆਪ' ਸਰਕਾਰ ਨੂੰ ਉਨ੍ਹਾਂ ਨੂੰ ਗੁਮਰਾਹ ਨਹੀਂ ਹੋਣ ਦੇਣਾ ਚਾਹੀਦਾ। ਇਸ ਨੂੰ ਮਦਦ ਦਾ ਹੱਥ ਵਧਾਉਣਾ ਚਾਹੀਦਾ ਹੈ। ਉਨ੍ਹਾਂ ਦੀ ਯੋਗਤਾ ਵਜੋਂ ਰੁਜ਼ਗਾਰ ਅਤੇ ਵਿੱਤੀ ਸਹਾਇਤਾ ਉਨ੍ਹਾਂ ਨੂੰ ਦਿੱਤੀ ਜਾਣੀ ਚਾਹੀਦੀ ਹੈ।

ਸੀਨੀਅਰ ਕਾਂਗਰਸੀ ਆਗੂ ਬਾਜਵਾ ਨੇ ਕਿਹਾ ਕਿ ਅਜਿਹੀਆਂ ਉਦਾਹਰਨਾਂ ਹਨ ਜਿੱਥੇ ਅਮਰੀਕਾ ਵਰਗੇ ਦੇਸ਼ਾਂ ਵਿੱਚ ਗੈਰ-ਕਾਨੂੰਨੀ ਢੰਗ ਨਾਲ ਪਰਵਾਸ ਕਰਨ ਲਈ ਡੌਂਕੀ ਦੇ ਰਸਤੇ ਨੂੰ ਚੁਣਨ ਵਾਲੇ ਬਹੁਤ ਸਾਰੇ ਪੰਜਾਬੀ ਨੌਜਵਾਨਾਂ ਨੇ ਗੈਰ-ਕਾਨੂੰਨੀ ਟਰੈਵਲ ਏਜੰਟਾਂ ਨੂੰ ਬਹੁਤ ਜ਼ਿਆਦਾ ਫ਼ੀਸਾਂ ਅਦਾ ਕਰਨ ਲਈ ਆਪਣੀ ਖੇਤੀ ਵਾਲੀ ਜ਼ਮੀਨ ਵੇਚ ਦਿੱਤੀ ਹੈ। ਜਦੋਂ ਉਹ ਵਾਪਸ ਆਉਣਗੇ ਤਾਂ ਉਨ੍ਹਾਂ ਕੋਲ ਕੁਝ ਵੀ ਨਹੀਂ ਬਚੇਗਾ। ਸਰਕਾਰ ਨੂੰ ਗੈਰ-ਕਾਨੂੰਨੀ ਟਰੈਵਲ ਏਜੰਟਾਂ ਵਿਰੁੱਧ ਵੀ ਸਖ਼ਤ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਆਪਣੇ ਜੱਦੀ ਸੂਬੇ 'ਚ ਕੈਰੀਅਰ ਬਣਾਉਣ ਲਈ ਪ੍ਰੇਰਿਤ ਕਰਕੇ ਬ੍ਰੇਨ-ਡ੍ਰੇਨ ਨੂੰ ਰੋਕਣਾ 'ਆਪ' ਦਾ ਮੁੱਖ ਚੋਣ ਮੁੱਦਾ ਸੀ। ਹੁਣ ਸੱਤਾ 'ਚ ਆਉਣ ਦੇ ਤਿੰਨ ਸਾਲ ਬਾਅਦ ਵੀ 'ਆਪ' ਕੋਈ ਸਕਾਰਾਤਮਿਕ ਨਤੀਜਾ ਦੇਣ 'ਚ ਬੁਰੀ ਤਰ੍ਹਾਂ ਅਸਫਲ ਰਹੀ ਹੈ ਕਿਉਂਕਿ ਉਸ ਕੋਲ ਇਸ ਦਾ ਕੋਈ ਰੋਡਮੈਪ ਨਹੀਂ ਸੀ। ਬਾਜਵਾ ਨੇ ਕਿਹਾ ਕਿ 'ਆਪ' ਦਾ ਇਹ ਵਾਅਦਾ ਵੀ ਖੋਖਲਾ ਸਾਬਤ ਹੋਇਆ ਹੈ।

ਕਾਦੀਆਂ ਦੇ ਵਿਧਾਇਕ ਬਾਜਵਾ ਨੇ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਦੇ ਪੱਛਮੀ ਦੇਸ਼ਾਂ ਵਿੱਚ ਜਾਣ ਦਾ ਇੱਕ ਵੱਡਾ ਕਾਰਨ ਸੂਬੇ ਵਿੱਚ ਵਿਆਪਕ ਬੇਰੁਜ਼ਗਾਰੀ ਹੈ। ਆਮ ਆਦਮੀ ਪਾਰਟੀ ਬੇਰੁਜ਼ਗਾਰੀ ਦੇ ਮੁੱਦੇ ਨੂੰ ਹੱਲ ਕਰਨ ਵਿੱਚ ਵਿਅਰਥ ਰਹੀ ਅਤੇ ਇਸ ਦੇ ਬਜਾਏ ਇਸ ਨੇ ਬੇਬੁਨਿਆਦ ਇਸ਼ਤਿਹਾਰਾਂ 'ਤੇ ਪੰਜਾਬ ਦੇ ਖ਼ਜ਼ਾਨੇ ਨੂੰ ਬਰਬਾਦ ਕਰ ਦਿੱਤਾ।

# ਅਮਰੀਕਾ ਤੋਂ ਡਿਪੋਰਟ ਹੋ ਕੇ ਆਏ ਫ਼ਤਹਿਗੜ੍ਹ ਚੂੜੀਆਂ ਵਾਸੀ ਨੇ ਸੁਣਾਈ ਆਪਬੀਤੀ

## ਕਿਹਾ, 6 ਮਹੀਨੇ ਦੇ ਸਫ਼ਰ ਮਗਰੋਂ ਟੱਪੀ ਸੀ ਅਮਰੀਕੀ ਦੀ ਸਰਹੱਦ, 11 ਦਿਨਾਂ ਬਾਅਦ ਹੱਥਕੜੀਆਂ ਪਾ ਕੇ ਭੇਜਿਆ ਵਾਪਸ

### 30 ਲੱਖ ਰੁਪਏ ਉਧਾਰ ਲੈ ਕੇ ਦਿੱਤੇ ਸਨ ਏਜੰਟ ਨੂੰ



ਫ਼ਤਹਿਗੜ੍ਹ ਚੂੜੀਆਂ : ਅਮਰੀਕਾ ਤੋਂ ਡਿਪੋਰਟ ਹੋ ਕੇ ਬੁੱਧਵਾਰ ਨੂੰ ਵਾਪਸ ਪੰਜਾਬ ਆਏ ਫ਼ਤਹਿਗੜ੍ਹ ਚੂੜੀਆਂ ਦੇ ਜਸਪਾਲ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਏਜੰਟ ਨਾਲ 30 ਲੱਖ ਰੁਪਏ 'ਚ ਗੱਲ ਹੋਈ ਸੀ ਕਿ ਉਸ ਨੂੰ ਜਾਇਜ਼ ਤਰੀਕੇ ਨਾਲ ਵੀਜ਼ਾ ਲਗਵਾ ਕੇ ਅਮਰੀਕਾ ਭੇਜਿਆ ਜਾਵੇਗਾ, ਪਰ ਉਨ੍ਹਾਂ ਨਾਲ ਧੋਖਾ ਹੋਇਆ। ਉਨ੍ਹਾਂ ਕਿਹਾ, ''ਮੈਂ ਪਿਛਲੇ ਸਾਲ ਜੁਲਾਈ ਮਹੀਨੇ 'ਚ ਰਵਾਨਾ ਹੋਇਆ ਸੀ। ਬ੍ਰਾਜ਼ੀਲ ਤੱਕ ਹਵਾਈ ਜਹਾਜ਼ 'ਤੇ ਗਿਆ ਸੀ ਅਤੇ 24 ਜਨਵਰੀ ਨੂੰ ਹੀ ਅਮਰੀਕਾ ਦੀ ਸਰਹੱਦ ਟੱਪੀ ਸੀ ਪਰ ਸਰਹੱਦ 'ਤੇ ਗਸ਼ਤੀ ਟੁਕੜੀ ਨੇ ਗ੍ਰਿਫ਼ਤਾਰ ਕਰ ਲਿਆ।'' ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਜਦੋਂ ਭਾਰਤ ਜਾਣ ਵਾਲੇ ਅਮਰੀਕੀ ਹਵਾਈ ਫ਼ੌਜ ਦੇ ਜਹਾਜ਼ 'ਚ ਬਿਠਾਇਆ ਗਿਆ ਉਦੋਂ ਹੀ ਉਨ੍ਹਾਂ ਨੂੰ ਪਤਾ ਲੱਗਾ ਕਿ ਉਨ੍ਹਾਂ ਨੂੰ ਭਾਰਤ ਵਾਪਸ ਭੇਜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਹੱਥਾਂ 'ਚ ਹੱਥਕੜੀਆਂ ਬੰਨ੍ਹ ਕੇ ਅਤੇ ਪੈਰਾਂ 'ਚ ਬੇੜੀਆਂ ਪਾ ਕੇ ਜਹਾਜ਼ 'ਚ ਬਿਠਾਇਆ ਗਿਆ ਸੀ ਅਤੇ ਭਾਰਤ 'ਚ ਆ ਕੇ ਹੀ ਹੱਥ-ਪੈਰ ਖੋਲ੍ਹੇ ਗਏ। ਵਾਪਸ ਪਰਤਣ ਬਾਰੇ ਪੁੱਛਣ 'ਤੇ ਉਨ੍ਹਾਂ ਕਿਹਾ, "ਇਹ ਤਾਂ ਤੁਸੀਂ ਖ਼ੁਦ ਹੀ ਸੋਚ ਸਕਦੇ ਹੋ ਕਿ ਬੰਦਾ ਕਿਸ ਤਰ੍ਹਾਂ ਦਾ ਮਹਿਸੂਸ ਕਰ ਸਕਦਾ ਹੈ। ਬੰਦਾ ਟੁੱਟ ਜਾਂਦਾ ਹੈ ਇਕ ਵਾਰੀ ਤਾਂ। ਪੈਸਾ ਬਹੁਤ ਲੱਗਾ ਸੀ।" ਉਨ੍ਹਾਂ ਕਿਹਾ ਕਿ ਪੈਸੇ ਦਾ ਪ੍ਰਬੰਧ ਵੀ ਉਨ੍ਹਾਂ ਨੇ ਲੋਕਾਂ ਤੋਂ ਉਧਾਰ ਲੈ ਕੇ ਕੀਤਾ ਸੀ। ਉਨ੍ਹਾਂ ਨੇ ਅਪਣੇ ਇਸ ਤਰ੍ਹਾਂ ਵਾਪਸ ਪਰਤਣ ਦਾ ਦੋਸ਼ ਏਜੰਟ ਨੂੰ ਦਿੱਤਾ। ਮੈਂ ਸਰਕਾਰ ਤੋਂ ਇਹੀ ਮੰਗ ਕਰਦਾ ਹਾਂ ਕਿ ਜੋ ਅਸੀਂ ਉਧਾਰ ਚੁੱਕ ਕੇ ਅਪਣੇ ਭਰਾ ਨੂੰ ਪੈਸੇ ਦਿਤੇ ਸਨ, ਉਸ ਦਾ ਸਾਨੂੰ ਇਨਸਾਫ਼ ਮਿਲਣਾ ਚਾਹੀਦਾ ਹੈ। ਏਜੰਟ 'ਤੇ ਅਸੀਂ ਕਾਨੂੰਨ ਕਾਰਵਾਈ ਕਰਾਂਗੇ।" ਉਨ੍ਹਾਂ ਦੀ ਮਾਂ ਨੇ ਵੀ ਰੱਬ ਦਾ ਸ਼ੁਕਰ ਮਨਾਇਆ ਕਿ ਉਨ੍ਹਾਂ ਦਾ ਪੁੱਤਰ ਸਹੀ ਸਲਾਮਤ ਵਾਪਸ ਆ ਗਿਆ ਹੈ।

# 'ਮਹਾਪੰਚਾਇਤ 'ਚ ਸ਼ਾਮਲ ਹੋਵੋ'-72 ਦਿਨਾਂ ਤੋਂ ਮਰਨ ਵਰਤ 'ਤੇ ਬੈਠੇ ਡੱਲੇਵਾਲ ਨੇ ਕਿਸਾਨਾਂ ਨੂੰ ਦਿੱਤਾ ਸੱਦਾ



ਸ਼ੰਭੂ ਤੇ ਖਨੌਰੀ ਸਰਹੱਦ 'ਤੇ ਚੱਲ ਰਹੇ ਕਿਸਾਨ ਅੰਦੋਲਨ ਨੂੰ 13 ਫਰਵਰੀ ਨੂੰ ਇੱਕ ਸਾਲ ਪੂਰਾ ਹੋਣ ਜਾ ਰਿਹਾ ਹੈ। ਅਜਿਹੇ 'ਚ ਹੁਣ ਕਿਸਾਨਾਂ ਨੇ 11 ਤੋਂ 13 ਫਰਵਰੀ ਤੱਕ ਹੋਣ ਵਾਲੀ ਕਿਸਾਨ ਮਹਾਪੰਚਾਇਤ ਨੂੰ ਸਫਲ ਬਣਾਉਣ ਲਈ ਆਪਣੀ ਪੂਰੀ ਤਾਕਤ ਲਗਾ ਦਿੱਤੀ ਹੈ ਕਿਉਂਕਿ 14 ਫਰਵਰੀ ਨੂੰ ਚੰਡੀਗੜ੍ਹ 'ਚ ਕੇਂਦਰ ਸਰਕਾਰ ਨਾਲ ਕਿਸਾਨਾਂ ਦੀ ਮੀਟਿੰਗ ਹੈ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੇ ਮਰਨ ਵਰਤ ਨੂੰ ਅੱਜ 72ਵੇਂ ਦਿਨ ਹੋ ਗਏ ਹਨ। ਇਸ ਦੇ ਨਾਲ ਹੀ ਅੱਜ ਉਨ੍ਹਾਂ ਨੇ 2.19 ਮਿੰਟ ਦਾ ਵੀਡੀਓ ਸੰਦੇਸ਼ ਜਾਰੀ ਕਰਕੇ ਲੋਕਾਂ ਨੂੰ ਮਹਾਪੰਚਾਇਤ 'ਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ।

ਡੱਲੇਵਾਲ ਨੇ ਕਿਹਾ ਕਿਸਾਨ ਭਰਾਵੋ, ਕੱਲ੍ਹ ਹਰਿਆਣਾ ਦੇ ਕਿਸਾਨ ਭਰਾ ਹਰਿਆਣਾ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਖੇਤਾਂ ਵਿੱਚੋਂ ਪਾਣੀ ਲੈ ਕੇ ਖਨੌਰੀ ਆਏ ਸਨ। ਇਹ ਬਹੁਤ ਵੱਡਾ ਉਪਰਾਲਾ ਹੈ। ਜੋ ਸਾਡੇ ਪੀਣ ਲਈ ਪਾਣੀ ਲਿਆਏ ਹਨ। ਅਸੀਂ ਇਸ ਦੇ ਲਈ ਹਰਿਆਣਾ ਦੇ ਕਿਸਾਨਾਂ ਦੇ ਅਹਿਸਾਨਮੰਦ ਹਾਂ ਅਤੇ ਉਨ੍ਹਾਂ ਦਾ ਧੰਨਵਾਦ ਕਰਦੇ ਹਾਂ। 12 ਫਰਵਰੀ ਨੂੰ ਕਿਸਾਨ ਮਹਾਪੰਚਾਇਤ ਦਾ ਪ੍ਰੋਗਰਾਮ ਦਿੱਤਾ ਹੈ। ਹੱਥ ਜੋੜ ਤੇ ਤੁਹਾਨੂੰ ਬੇਨਤੀ ਹੈ ਕਿ ਪੂਰੇ ਦੇਸ਼ ਤੋਂ ਕਿਸਾਨ ਇੱਥੇ ਆਉਣ। ਤੁਹਾਡੇ ਇੱਥੇ ਪਹੁੰਚਣ ਨਾਲ ਸਾਨੂੰ ਸਕਤੀ ਤੇ ਤਾਕਤ ਮਿਲਦੀ ਹੈ। ਭਾਵੇਂ ਸਾਡਾ ਸਰੀਰ ਬੈਠਕ ਵਿਚ ਜਾਣ ਲਈ ਤਿਆਰ ਨਹੀਂ ਹੈ ਪਰ ਹੋ ਸਕਦਾ ਹੈ ਕਿ ਉਸ ਊਰਜਾ ਕਰਕੇ ਅਸੀਂ ਉਸ ਬੈਠਕ ਵਿਚ ਸ਼ਾਮਲ ਹੋ ਸਕੀਏ ਅਤੇ ਉਥੇ ਜਾ ਕੇ ਤੁਹਾਡੀ ਗੱਲ ਮਜ਼ਬੂਤੀ ਨਾਲ ਰੱਖ ਸਕੀਏ। ਸਾਡੀ ਤੁਹਾਨੂੰ ਬੇਨਤੀ ਹੈ ਕਿ ਤੁਸੀਂ ਇਸ ਮਹਾਪੰਚਾਇਤ 'ਚ ਸ਼ਾਮਲ ਹੋਵੋ। ਪਾਣੀ ਲਿਆਉਣ ਲਈ ਹਰਿਆਣਾ ਦੇ ਕਿਸਾਨਾਂ ਦਾ ਇੱਕ ਵਾਰ ਫਿਰ ਧੰਨਵਾਦ ਕਰਦਾ ਹਾਂ।

**6 ਫਰਵਰੀ ਤੋਂ ਪਾਣੀ ਲੈ ਕੇ ਆਉਣਗੇ ਖਨੌਰੀ**

ਜਗਜੀਤ ਸਿੰਘ ਡੱਲੇਵਾਲ ਹੁਣ ਕਿਸਾਨਾਂ ਵੱਲੋਂ ਆਪਣੇ ਖੇਤਾਂ ਵਿੱਚੋਂ ਲਿਆਂਦਾ ਪਾਣੀ ਹੀ ਪੀ ਰਹੇ ਹਨ। ਮੰਗਲਵਾਰ ਨੂੰ ਹਰਿਆਣਾ ਦੇ 50 ਪਿੰਡਾਂ ਦੇ ਕਿਸਾਨ ਆਪਣੇ ਖੇਤਾਂ 'ਚੋਂ ਟਿਊਬਵੈੱਲ ਦਾ ਪਾਣੀ ਲੈ ਕੇ ਖਨੌਰੀ ਸਰਹੱਦ 'ਤੇ ਪਹੁੰਚੇ। ਜਦਕਿ 6, 8 ਅਤੇ 10 ਫਰਵਰੀ ਨੂੰ ਹਰਿਆਣਾ ਤੋਂ ਕਿਸਾਨਾਂ ਦੇ ਵੱਡੇ ਜਥੇ ਪਾਣੀ ਲੈ ਕੇ ਖਨੌਰੀ ਮੋਰਚੇ 'ਤੇ ਪਹੁੰਚਣਗੇ। ਸਰਹੱਦ 'ਤੇ ਪੁੱਜੇ ਕਿਸਾਨ ਆਗੂਆਂ ਨੇ ਦੱਸਿਆ ਕਿ ਡੱਲੇਵਾਲ 71 ਦਿਨਾਂ ਤੋਂ ਸਿਰਫ਼ ਪਾਣੀ ਪੀ ਕੇ ਆਪਣੇ ਸਰੀਰ 'ਤੇ ਕਸ਼ਟ ਝੱਲ ਰਹੇ ਹਨ ਤਾਂਕਿ ਕਿਸਾਨਾਂ ਦੀ ਜ਼ਮੀਨ ਤੇ ਕਿਸਾਨਾਂ ਦੀ ਅਗਲੀ ਪੀੜ੍ਹੀ ਨੂੰ ਬਚਾਇਆ ਜਾ ਸਕੇ।

# ਅਮਰੀਕਾ ਤੋਂ ਡਿਪੋਰਟ ਕੀਤੇ ਨੌਜਵਾਨਾਂ ਨੂੰ ਲੈ ਕੇ ਬੋਲੇ ਭਾਜਪਾ ਆਗੂ ਹਰਜੀਤ ਗਰੇਵਾਲ

## ਸਰਕਾਰ ਨੂੰ ਅਮਰੀਕਾ ਨਾਲ ਗੱਲਬਾਤ ਕਰਨੀ ਚਾਹੀਦੀ



ਚੰਡੀਗੜ੍ਹ: ਅਮਰੀਕਾ ਤੋਂ ਡਿਪੋਰਟ ਕੀਤੇ ਨੌਜਵਾਨਾਂ ਨੂੰ ਲੈ ਕੇ ਭਾਜਪਾ ਆਗੂ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਹੈ ਕਿ ਭਾਰਤੀ ਲੋਕ ਵਾਪਸ ਆਏ ਹਨ। ਉਨ੍ਹਾਂ ਨੇਕਿਹਾ ਹੈ ਕਿ ਮਜ਼ਬੂਰੀਆਂ ਦੇ ਵਸ ਇੰਨ੍ਹਾਂ ਲੋਕਾਂ ਨੂੰ ਵਿਦੇਸ਼ਾਂ ਵਿੱਚ ਜਾਣਾ ਪਿਆ। ਉਨ੍ਹਾਂ ਨੇ ਕਿਹਾ ਹੈ ਕਿ ਸਰਕਾਰ ਨੂੰ ਅਮਰੀਕਾ ਨਾਲ ਗੱਲਬਾਤ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਨੌਜਵਾਨਾਂ ਦੀ ਮਦਦ ਕੀਤੀ ਜਾਵੇ। ਗਰੇਵਾਲ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਡਿਪੋਰਟ ਹੋ ਕੇ ਆਏ ਨੌਜਵਾਨਾਂ ਨੂੰ ਰੁਜ਼ਗਾਰ ਦੇਵੇ।

ਉਨ੍ਹਾਂ ਨੇ ਕਿਹਾ ਹੈ ਕਿ ਕੋਈ ਪੰਜਾਬੀ, ਗੁਜਰਾਤੀ ਜਾ ਕੁਝ ਹੋਰ ਨਹੀ ਇਹ ਸਾਰੇ ਹਿੰਦੋਸਤਾਨੀ ਹਨ। ਉਨ੍ਹਾਂ ਨੇ ਕਿਹਾ ਹੈਕਿ ਅਸੀਂ ਸਾਰੇ ਹਿੰਦੋਸਤਾਨੀ ਹਾਂ। ਇਸ ਲਈ ਸਰਕਾਰ ਨੂੰ ਸਾਰੇ ਨੌਜਵਾਨਾਂ ਦੀ ਮਦਦ ਕਰਨੀ ਚਾਹੀਦੀ ਹੈ।









ਪੰਜਾਬ ਸਟਾਰ
www.punjabstar.com

# ਹਾਰਮੋਨਜ਼ ਨੂੰ ਨੈਚਰੂਲੀ ਬੈਲੇਂਸ ਕਰਨ ਲਈ ਅਪਣਾਓ 8 ਆਸਾਨ ਉਪਾਅ




### ਔਰਤਾਂ ਜ਼ਰੂਰ ਕਰਨ ਨੋਟ

ਹਾਰਮੋਨ ਸਾਡੇ ਸਰੀਰ ਲਈ ਸੰਦੇਸ਼ਵਾਹਕ ਵਜੋਂ ਕੰਮ ਕਰਦੇ ਹਨ। ਇਹ ਸਰੀਰ ਦੇ ਵੱਖ-ਵੱਖ ਕਾਰਜਾਂ ਨੂੰ ਕੰਟਰੋਲ ਕਰਦੇ ਹਨ, ਜਿਵੇਂ ਕਿ ਮੈਟਾਬੋਲਿਜ਼ਮ, ਮੂਡ, ਉਪਜਾਊ ਸ਼ਕਤੀ, ਨੀਂਦ ਅਤੇ ਭਾਰ। ਔਰਤਾਂ ਨੂੰ ਹਾਰਮੋਨਲ ਅਸੰਤੁਲਨ ਦਾ ਖ਼ਤਰਾ ਵਧੇਰੇ ਹੁੰਦਾ ਹੈ, ਜਿਸ ਦੇ ਕਈ ਕਾਰਨ ਹਨ।

ਹਾਰਮੋਨਲ ਅਸੰਤੁਲਨ ਥਕਾਵਟ, ਤਣਾਅ, ਭਾਰ ਵਧਣਾ, ਮੁਹਾਸੇ ਅਤੇ ਹੋਰ ਸਿਹਤ ਸਮੱਸਿਆਵਾਂ ਦਾ ਕਾਰਨ ਬਣ ਸਕਦਾ ਹੈ, ਪਰ ਕੁਝ ਕੁਦਰਤੀ ਤਰੀਕਿਆਂ ਨਾਲ ਹਾਰਮੋਨਜ਼ ਨੂੰ ਸੰਤੁਲਿਤ ਕੀਤਾ ਜਾ ਸਕਦਾ ਹੈ। ਆਓ ਜਾਣਦੇ ਹਾਂ ਇਨ੍ਹਾਂ 8 ਆਸਾਨ ਤਰੀਕਿਆਂ ਬਾਰੇ।

### ਸਿਹਤਮੰਦ ਖੁਰਾਕ ਖਾਓ

ਹਾਰਮੋਨਲ ਸੰਤੁਲਨ ਲਈ ਪੋਸ਼ਣ ਸਭ ਤੋਂ ਮਹੱਤਵਪੂਰਨ ਹੈ। ਪ੍ਰੋਟੀਨ, ਸਿਹਤਮੰਦ ਚਰਬੀ, ਫਾਈਬਰ ਅਤੇ ਐਂਟੀਆਕਸੀਡੈਂਟਸ ਨਾਲ ਭਰਪੂਰ ਖੁਰਾਕ ਲੈਣੀ ਚਾਹੀਦੀ ਹੈ। ਓਮੇਗਾ-3 ਫੈਟੀ ਐਸਿਡ (ਜਿਵੇਂ ਕਿ ਮੱਛੀ, ਅਲਸੀ ਦੇ ਬੀਜ) ਅਤੇ ਵਿਟਾਮਿਨ ਡੀ ਹਾਰਮੋਨਸ ਨੂੰ ਨਿਯਮਤ ਕਰਨ ਵਿੱਚ ਮਦਦ ਕਰਦੇ ਹਨ। ਪ੍ਰੋਸੈਸਡ ਭੋਜਨ ਅਤੇ ਖੰਡ ਤੋਂ ਦੂਰ ਰਹੋ, ਕਿਉਂਕਿ ਇਹ ਇਨਸੁਲਿਨ ਦੇ ਪੱਧਰ ਨੂੰ ਵਿਗੜ ਸਕਦਾ ਹੈ।

### ਤਣਾਅ ਘਟਾਓ

ਤਣਾਅ ਕੋਰਟੀਸੋਲ ਹਾਰਮੋਨ ਦੇ ਪੱਧਰ ਨੂੰ ਵਧਾਉਂਦਾ ਹੈ, ਜਿਸ ਕਾਰਨ ਹੋਰ ਹਾਰਮੋਨ ਅਸੰਤੁਲਿਤ ਹੋ ਜਾਂਦੇ ਹਨ। ਯੋਗਾ, ਧਿਆਨ, ਡੂੰਘੇ ਸਾਹ ਲੈਣ ਦੀਆਂ ਕਸਰਤਾਂ ਅਤੇ ਲੋੜੀਂਦੀ ਨੀਂਦ ਲੈ ਕੇ ਤਣਾਅ ਨੂੰ ਘਟਾਇਆ ਜਾ ਸਕਦਾ ਹੈ। ਇਹ ਸਰੀਰ ਨੂੰ ਹਾਰਮੋਨਲ ਸੰਤੁਲਨ ਬਣਾਈ ਰੱਖਣ ਵਿੱਚ ਮਦਦ ਕਰਦਾ ਹੈ।

### ਨਿਯਮਿਤ ਤੌਰ 'ਤੇ ਕਸਰਤ ਕਰੋ

ਸਰੀਰਕ ਗਤੀਵਿਧੀ ਹਾਰਮੋਨਜ਼ ਨੂੰ ਸੰਤੁਲਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਸੈਰ, ਜਾਗਿੰਗ, ਯੋਗਾ ਵਰਗੀਆਂ ਕਸਰਤਾਂ ਇਨਸੁਲਿਨ ਸੰਵੇਦਨਸ਼ੀਲਤਾ ਨੂੰ ਵਧਾਉਂਦੀਆਂ ਹਨ ਤੇ ਤਣਾਅ ਦੇ ਹਾਰਮੋਨ ਕੋਰਟੀਸੋਲ ਨੂੰ ਘਟਾਉਂਦੀਆਂ ਹਨ। ਹਾਲਾਂਕਿ ਬਹੁਤ ਜ਼ਿਆਦਾ ਕਸਰਤ ਵੀ ਹਾਰਮੋਨਲ ਅਸੰਤੁਲਨ ਦਾ ਕਾਰਨ ਬਣ ਸਕਦੀ ਹੈ, ਇਸ ਲਈ ਸੰਤੁਲਨ ਬਣਾਈ ਰੱਖੋ।

### ਭਰਪੂਰ ਨੀਂਦ ਲਓ

ਨੀਂਦ ਦੀ ਘਾਟ ਹਾਰਮੋਨਲ ਅਸੰਤੁਲਨ ਦਾ ਇੱਕ ਵੱਡਾ ਕਾਰਨ ਹੈ। ਨੀਂਦ ਦੌਰਾਨ ਸਰੀਰ ਹਾਰਮੋਨਸ ਦੀ ਮੁਰੰਮਤ ਅਤੇ ਨਿਯੰਤ੍ਰਿਤ ਕਰਦਾ ਹੈ। 7-8 ਘੰਟੇ ਦੀ ਡੂੰਘੀ ਨੀਂਦ ਲੈਣਾ ਬਹੁਤ ਜ਼ਰੂਰੀ ਹੈ। ਸੌਣ ਤੋਂ ਪਹਿਲਾਂ ਮੋਬਾਈਲ ਅਤੇ ਲੈਪਟਾਪ ਦੀ ਵਰਤੋਂ ਘੱਟ ਕਰੋ, ਕਿਉਂਕਿ ਇਹ ਮੇਲਾਟੋਨਿਨ ਹਾਰਮੋਨ ਨੂੰ ਪ੍ਰਭਾਵਿਤ ਕਰਦਾ ਹੈ।

### ਸਿਹਤਮੰਦ ਚਰਬੀ ਖਾਓ

ਆਵੋਕਾਡੋ, ਗਿਰੀਦਾਰ, ਜੈਤੂਨ ਦਾ ਤੇਲ ਤੇ ਨਾਰੀਅਲ ਤੇਲ ਵਰਗੇ ਸਿਹਤਮੰਦ ਚਰਬੀ ਹਾਰਮੋਨ ਦੇ ਉਤਪਾਦਨ ਵਿੱਚ ਮਦਦ ਕਰਦੇ ਹਨ। ਇਹ ਚਰਬੀ ਕੋਲੈਸਟ੍ਰੋਲ ਨੂੰ ਸੰਤੁਲਿਤ ਕਰਦੀਆਂ ਹਨ, ਜੋ ਹਾਰਮੋਨ ਪੈਦਾ ਕਰਨ ਵਿੱਚ ਮਦਦ ਕਰਦਾ ਹੈ। ਇਸ ਤੋਂ ਇਲਾਵਾ, ਇਹ ਇਨਸੁਲਿਨ ਸੰਵੇਦਨਸ਼ੀਲਤਾ ਨੂੰ ਵੀ ਵਧਾਉਂਦੇ ਹਨ।

### ਖੰਡ ਅਤੇ ਰਿਫਾਇੰਡ ਕਾਰਬੋਹਾਈਡਰੇਟ ਤੋਂ ਬਚੋ

ਬਹੁਤ ਜ਼ਿਆਦਾ ਖੰਡ ਅਤੇ ਰਿਫਾਇੰਡ ਕਾਰਬੋਹਾਈਡਰੇਟ ਖਾਣ ਨਾਲ ਇਨਸੁਲਿਨ ਦਾ ਪੱਧਰ ਵਧ ਜਾਂਦਾ ਹੈ, ਜਿਸ ਨਾਲ ਹਾਰਮੋਨਲ ਅਸੰਤੁਲਨ ਹੋ ਸਕਦਾ ਹੈ। ਇਸ ਦੀ ਬਜਾਏ, ਘੱਟ ਗਲਾਈਸੈਮਿਕ ਇੰਡੈਕਸ ਵਾਲੀਆਂ ਚੀਜ਼ਾਂ ਖਾਓ, ਜਿਵੇਂ ਕਿ ਸਾਬਤ ਅਨਾਜ, ਦਾਲਾਂ ਅਤੇ ਹਰੀਆਂ ਸਬਜ਼ੀਆਂ।


### ਹਰਬਲ ਚਾਹ


ਕੁਝ ਹਰਬਲ ਚਾਹ ਜਿਵੇਂ ਕਿ ਹਰੀ ਚਾਹ ਅਤੇ ਅਸ਼ਵਗੰਧਾ ਚਾਹ ਹਾਰਮੋਨਲ ਸੰਤੁਲਨ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦੀਆਂ ਹਨ। ਜੜ੍ਹੀ-ਬੂਟੀਆਂ ਦੇ ਪੂਰਕ ਵੀ ਹਾਰਮੋਨਸ ਨੂੰ ਸੰਤੁਲਿਤ ਕਰਨ ਵਿੱਚ ਮਦਦ ਕਰਦੇ ਹਨ। ਹਾਲਾਂਕਿ, ਇਹਨਾਂ ਦੀ ਵਰਤੋਂ ਡਾਕਟਰ ਦੀ ਸਲਾਹ ਤੋਂ ਬਾਅਦ ਹੀ ਕਰੋ।

### ਰਸਾਇਣਾਂ ਤੋਂ ਬਚੋ

ਰੋਜ਼ਾਨਾ ਜ਼ਿੰਦਗੀ ਵਿੱਚ ਅਸੀਂ ਬਹੁਤ ਸਾਰੇ ਰਸਾਇਣਾਂ ਦੇ ਸੰਪਰਕ ਵਿੱਚ ਆਉਂਦੇ ਹਾਂ, ਜਿਵੇਂ ਕਿ ਪਲਾਸਟਿਕ, ਕੀਟਨਾਸ਼ਕ ਅਤੇ ਸੁੰਦਰਤਾ ਉਤਪਾਦ। ਇਹ ਰਸਾਇਣ ਐਂਡੋਕਰੀਨ ਪ੍ਰਣਾਲੀ ਨੂੰ ਪ੍ਰਭਾਵਿਤ ਕਰ ਸਕਦੇ ਹਨ। ਇਨ੍ਹਾਂ ਤੋਂ ਭਫਅ-ਮੁਕਤ ਪਲਾਸਟਿਕ ਅਤੇ ਕੁਦਰਤੀ ਉਤਪਾਦਾਂ ਦੀ ਵਰਤੋਂ ਕਰਕੇ ਬਚਿਆ ਜਾ ਸਕਦਾ ਹੈ।

# ਮਨੋਵਿਗਿਆਨ ਮਹੀਨਾ ਫਰਵਰੀ 2025 ਬੇਰੋਜ਼ਗਾਰੀ- ਨੇ ਵਧਾਏ ਮਾਨਸਿਕ ਰੋਗੀ



Anil Dheer
Columnist. Alternative Therapist, Social Activist.
Health Educator Award winner;
Certified in:
GNT Diseases 2023 (W.H.O) Air Pollution n Health 2023 (W.H.O)
Monkey-pox Virus: Health Emergencies programme (W.H.O) PHR-UNICEF
Covid Variants-Vaccine-specific resources & IPC (W.H.O)

"ਮਾਨਸਿਕ ਪ੍ਰੇਸ਼ਾਨੀਆਂ ਪ੍ਰਤੀ ਜਾਗਰੂਕਤਾ ਲਈ ਮਾਨਸਿਕ ਮਹੀਨਾ ਸਾਲ 2025 ਦਾ ਥੀਮ ਹੈ - ਸਟੂਡੈਂਟ ਲਾਈਫ ਤੋਂ ਰਿਟਾਇਰ ਹੋਣ ਤੱਕ ਸਾਈਂਸ ਨਾਲ ਜੁੜੀਆਂ ਔਰਤਾਂ ਨੂੰ ਅਨੁਸਰਣ ਕਰਨ ਬਾਰੇ ਹੇ। ਅੱਜ ਬੇਰੋਜ਼ਗਾਰੀ ਮਾਨਸਿਕ ਰੋਗਾਂ ਦੀ ਜੜ ਬਣਦੀ ਜਾ ਰਹੀ ਹੈ। ਮਾਨਸਿਕ ਬਿਮਾਰੀਆਂ ਤੋਂ ਬਚਣ ਲਈ ਵਿਸ਼ਵ ਸਿਹਤ ਸੰਗਠਨ ਵੱਲੋਂ ਚਲਾਈ ਗਈ ਗਲੋਬਲ ਮੁਹਿਮ ਦਾ ਹਿੱਸਾ ਬਣਨ ਦੀ ਲੋੜ ਹੈ" ਅਨਿਲ ਧੀਰ ਕਾਲਮਨਿਸਟ, ਥੈਰਾਪਿਸਟ, ਹੈਲਥ ਐਜੂਕੇਟਰ ਅਵਾਰਡ ਵਿਜੇਤਾ, ਸੋਸ਼ਲ ਐਕਟੀਵਿਸਟ

**ਹੈਲਥ ਮੀਡੀਆ ਕੈਨੇਡਾ:** ਮਨੋਵਿਗਿਆਨ ਮਹੀਨਾ 2025 ਦਾ ਥੀਮ ਹੈ-ਸਟੂਡੈਂਟ ਲਾਈਫ ਤੋਂ ਰਿਟਾਇਰ ਹੋਣ ਤੱਕ ਸਾਈਂਸ ਨਾਲ ਜੁੜੀਆਂ ਔਰਤਾਂ ਨੂੰ ਅਨੁਸਰਣ ਕਰਨ ਬਾਰੇ ਹੇ। ਵਿਸ਼ਵ ਭਰ 'ਚ ਮੌਜੂਦਾ ਹਾਲਾਤ ਯਾਨਿ ਬੇਰੋਜ਼ਗਾਰੀ ਨੇ ਹਰ ਦੂਜੇ ਵਿਅਕਤੀ ਨੂੰ ਮਾਨਸਿਕ ਰੋਗੀ ਬਣਾ ਦਿੱਤਾ ਹੈ। ਬੱਚਿਆਂ ਤੋਂ ਲ਼ੇ ਕੇ ਹਰ ਉਮਰ ਵਿੱਚ ਮਾਨਸਿਕ ਬਿਮਾਰੀਆਂ ਦਾ ਅੰਕੜਾ ਵੀ ਵੱਧਦਾ ਜਾ ਰਿਹਾ ਹੈ, ਜੋ ਕਿਸੇ ਵੀ ਰਾਸ਼ਟਰ ਦੇ ਵਿਕਾਸ ਲਈ ਖਤਰੇ ਤੋਂ ਘੱਟ ਨਹੀਂ ਹੈ। ਮਨੋਵਿਗਿਆਨ ਮਹੀਨੇ ਦੇ ਤੌਰ 'ਤੇ ਮਾਨਸਿਕ ਸਿਹਤ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਮਾਨਸਿਕ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਲੋਕਾਂ ਦੀ ਮਦਦ ਲਈ ਯਤਨਾਂ ਨੂੰ ਜੁਟਾਉਣ ਲਈ ਮਨਾਇਆ ਜਾ ਰਿਹਾ ਹੈ। ਅੱਜ ਹਰ ਤੀਸਰਾ ਆਦਮੀ ਮਾਨਸਿਕ ਸਮੱਸਿਆ ਤਣਾਅ ਯਾਨਿ ਸਟ੍ਰੈਸ ਦਾ ਸ਼ਿਕਾਰ ਹੋ ਚੱਕਾ ਹੈ। ਵਰਕ-ਪਲੇਸ ਸਟ੍ਰੈਸ 79%, ਆਰਥਿਕ ਤੰਗੀ 84%, ਸਿਹਤ-ਸੰਬੰਧੀ 78%, ਵਾਤਾਵਰਣ ਤਬਦੀਲੀ 59% ਦਾ ਆਂਕੜਾ ਦੇਖਣ ਨੂੰ ਮਿਲ ਰਿਹਾ ਹੈ। ਸਟ੍ਰੈਸ ਕਿਸੇ ਵੀ ਤਬਦੀਲੀ ਪ੍ਰਤੀ ਸਰੀਰ ਦੀ ਪ੍ਰਤੀਕ੍ਰਿਆ ਹੈ ਜਿਸ ਲਈ ਵਿਵਸਥਾ ਦੀ ਜ਼ਰੂਰਤ ਹੁੰਦੀ ਹੈ। ਸਰੀਰ ਇਹ ਬਦਲਾਅ, 'ਤੇ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਪ੍ਰਤੀਕ੍ਰਿਆਵਾਂ ਨਾਲ ਪ੍ਰਤੀਕ੍ਰਿਆਂ ਕਰਦਾ ਹੈ। ਤਣਾਅ ਜ਼ਿੰਦਗੀ ਦਾ ਇੱਕ ਆਮ ਹਿੱਸਾ ਹੁੰਦਾ ਹੈ। ਕੋਈ ਵੀ ਘਟਨਾ, ਦੁਰਘਟਨਾ, ਜਾਂ ਵਿਚਾਰ, ਗੁੱਸਾ, ਘਬਰਾਹਟ ਅਤੇ ਨਿਰਾਸ਼ਾ, ਸਟ੍ਰੈਸ ਦੇ ਸਕਦੀ ਹੈ। ਤੁਸੀਂ ਆਪਣੇ ਮਾਹੌਲ, ਆਪਣੇ ਸਰੀਰ ਅਤੇ ਵਿਚਾਰਾਂ ਦੁਆਰਾ ਸਟ੍ਰੈਸ ਮਹਿਸੂਸ ਕਰਦੇ ਹੋ। ਇੱਥੋਂ ਤੱਕ ਕਿ ਸਕਾਰਾਤਮਕ ਜ਼ਿੰਦਗੀ ਵੀ ਬਦਲ ਜਾਂਦੀ ਹੈ। ਜਿਵੇਂ ਤਰੱਕੀ ਅਤੇ ਬੱਚੇ ਦਾ ਜਨਮ ਵੀ ਤਨਾਅ ਪੈਦਾ ਕਰ ਦਿੰਦਾ ਹੈ। ਲੰਬੇ ਸਮੇਂ ਤੱਕ ਰਹਿਣ ਵਾਲਾ ਸਟ੍ਰੈਸ ਬਿਮਾਰੀਆਂ ਵੀ ਪੈਦਾ ਕਰ ਸਕਦਾ ਹੈ। ਜੀਵ-ਵਿਗਿਆਨ ਵਿੱਚ ਤਣਾਅ ਸਰੀਰਕ ਜਾਂ ਮਾਨਸਿਕ ਸਿਹਤ ਲਈ ਖਤਰਿਆਂ ਦੇ ਪ੍ਰਤੀ ਸਰੀਰ ਦੀ ਪ੍ਰਤੀਕ੍ਰਿਆ ਹੈ। ਗੰਭੀਰ ਤਣਾਅ ਕਾਰਡੀਓਵੈਸਕੁਲਰ ਬਿਮਾਰੀ, ਚਿੰਤਾ ਅਤੇ ਉਦਾਸੀ ਨਾਲ ਜੁੜ ਜਾਂਦੀ ਹੈ। ਘਰੇਲੂ ਹਿੰਸਾ 'ਤੇ ਲੜਾਈ ਨਾਲ ਜੁੜੀ ਘਟਨਾਵਾਂ ਦਾ ਸਟ੍ਰੈਸ ਅਤੇ ਸਦਮੇ ਤੋਂ ਬਾਅਦ ਪੀਟੀਐਸਡੀ ਦਾ ਕਾਰਨ ਬਣਦੇ ਹਨ। ਵਿਸ਼ਵ ਭਰ ਵਿਚ ਕਈ ਮਿਲੀਅਨ ਲੋਕ ਇਸ ਨਾਲ ਪ੍ਰਭਾਵਿਤ ਹਨ। ਵੱਧ ਤਣਾਅ ਦੀ ਹਾਲਤ ਵਿਚ ਵਿਅਕਤੀ ਦਾ ਵਿਵਹਾਰ ਸੰਵੇਦਨਸ਼ੀਲ ਹੋ ਜਾਣ ਨਾਲ ਨਸ਼ੀਲੇ ਪਦਾਰਥਾਂ ਦੀ ਲੱਤ ਲੱਗਣ ਦੀ ਸੰਭਾਵਨਾ ਵੀ ਵੱਧ ਜਾਂਦੀ ਹੈ। ਇਨਸਾਨ ਦੇ ਨਾਲ-ਨਾਲ ਪਾਲਤੂ ਜਾਨਵਰ ਕੁੱਤੇ-ਬਿੱਲੀਆਂ ਵਿਚ ਵੀ ਤਣਾਅ ਦੇ ਲੱਛਣ ਦੇਖੇ ਜਾਂਦੇ ਹਨ। ਸਟ੍ਰੈਸ ਦੀ ਹਾਲਤ ਵਿਚ ਜਾਨਵਰਾਂ ਦਾ ਵਿਵਹਾਰ ਬਦਲ ਜਾਂਦਾ ਹੈ।

ਸਟ੍ਰੈਸ ਦੇ ਆਮ ਕਾਰਨ, ਪੈਸਾ, ਕੰਮ, ਆਰਥਿਕਤਾ, ਪਰਿਵਾਰਕ ਜ਼ਿੰਵਾਰੀਆਂ, ਰਿਸ਼ਤੇ, ਨਿੱਜੀ ਸਿਹਤ ਦੇ ਮੁੱਦੇ, ਮਕਾਨ ਦੇ ਖਰਚੇ, ਜੌਬ ਦੀ ਚਿੰਤਾ, ਨਿੱਜੀ ਸੁਰੱਖਿਆ, ਪਰਿਵਾਰਕਸਿਹਤ ਸਮੱਸਿਆਵਾਂ, ਨੂੰ ਮੰਨਿਆ ਗਿਆ ਹੈ। ਸੋਚਣ ਦਾ ਨੇਗੇਟਿਵ ਤਰੀਕਾ ਅਤੇ ਵੱਖ ਹੁਨਰ ਚਿੰਤਾ ਵਧਾ ਰਿਹਾ ਹੈ। ਮਾਡਰਨ ਲਾਈਫ ਸਟਾਇਲ ਵਿਚ ਇਨਸਾਨ ਸਰੀਰਕ ਤਣਾਅ- ਜਿਵੇਂ ਸੱਟ, ਇਨਫੈਕਸ਼ਨ, ਸਰਜਰੀ, ਦੂਸ਼ਿਤ ਵਾਤਾਵਰਣ, ਰੇਡੀਏਸ਼ਨ, ਵੱਧ ਰਿਹਾ ਸ਼ੋਰ, ਵਾਇਰਲ ਇਨਫੈਕਸ਼ਨ, ਥਕਾਵਟ, ਡਾਇਬਟੀਜ਼, ਹਾਰਮੋਨਲ ਬਦਲਾਅ, ਐਲਰਜੀ, ਸੰਵੇਦਨਸ਼ੀਲਤਾ, ਅਣਚਾਹੇ ਸਿਗਰੇਟ-ਇੰਡਸਟਰੀਅਲ ਧੂੰਏ ਦਾ ਅਸਰ, ਸਰੀਰ ਅੰਦਰ ਖੁਰਾਕੀ ਤੱਤਾਂ ਦੀ ਕਮੀ ਕਾਰਨ ਘੇਰੇ ਵਿਚ ਆ ਰਿਹਾ ਹੈ। ਮਨੋ- ਵਿਗਿਆਨਕ ਤਣਾਅ ਨਾਰਾਜ਼ਗੀ, ਡਰ, ਨਿਰਾਸ਼ਾ, ਉਦਾਸੀ, ਗੁੱਸਾ, ਬੋਧਿਕ ਤਣਾਅ, ਸਮੇਂ ਦੀ ਤੇਜ਼ ਰਫਤਾਰ, ਚਿੰਤਾ, ਸ਼ਰਮ, ਈਰਖਾ, ਵਿਰੋਧ, ਸਵੈ-ਆਲੋਚਨਾ, ਘਬਰਾਹਟ, ਕੰਟ੍ਰੋਲ ਤੋਂ ਬਾਹਰ ਹੋਣਾ, ਧੋਖਾਧੜੀ, ਹੋ ਜਾਣ ਨਾਲ ਦੇਖਿਆ ਜਾ ਰਿਹਾ ਹੈ। ਸਟ੍ਰੈਸ ਸਕਾਰਾਤਮਕ ਵੀ ਹੋ ਸਕਦਾ ਹੈ, ਜਿਵੇਂ ਕਿ ਡੈੱਡਲਾਈਨ ਨੂੰ ਪੂਰਾ ਕਰਨ ਅਤੇ ਸੰਭਾਵਿਤ ਖਤਰੇ ਤੋਂ ਬਚਣ ਲਈ ਮਦਦ ਵੀ ਕਰਦਾ ਹੈ।


**ਜ਼ਰੂਰੀ ਹੋ ਗਿਆ ਹੈ ਮਨ ਨੂੰ ਫਿੱਟ ਰੱਖਣਾ:**

* ਬੇਰੋਜ਼ਗਾਰੀ ਤੋਂ ਪ੍ਰੇਸ਼ਾਨ ਵਿਅਕਤੀ ਨੂੰ ਆਪਣਾ ਕਾਂਨਫੀਡੈਂਸ ਬਰਕਾਰਾਰ ਰੱਖਣ ਦੀ ਲੋੜ ਹੁੰਦੀ ਹੈ। ਕਿਉਂਕਿ ਸਰੀਰਕ-ਮਾਨਸਿਕ ਬਿਮਾਰੀਆਂ ਬਿਨ ਬੁਲਾਏ ਆ ਰਹੀਆਂ ਹਨ।
* ਅੱਜ ਵਿਦਿਆਰਥੀ ਨੂੰ ਆਪਣੇ ਅੰਦਰ ਹੈਂਡੀ ਸਕਿਲ ਪੈਦਾ ਕਰਨ ਦੀ ਲੋੜ ਹੈ। ਤਾਕਿ ਮੁਸ਼ਕਲ ਸਮੇਂ 'ਚ ਰੋਜ਼ੀ-ਰੋਟੀ ਚਲਦੀ ਰਹੇ।
* ਆਮ ਤਣਾਅ ਦੀ ਹਾਲਤ ਵਿਚ ਮਨ-ਪਸੰਦ ਸੰਗੀਤ ਯਾਨਿ ਨਵੇਂ-ਪਰਾਣੇ ਗੀਤ, ਗਜ਼ਲਾਂ, ਕਵਾਲੀਆਂ, ਇੰਸਟਰੂਮੇਂਟਲ ਸੰਗੀਤ ਸੁਣੋ। ਸਟ੍ਰੈਸ ਹਾਰਮੋਨ ਕੋਰਟੀਸੋਲ ਨੂੰ ਘਟਾ ਕੇ ਬਲੱਡ-ਪ੍ਰੈਸ਼ਰ ਨੂੰ ਘੱਟ ਕਰਕੇ ਸਰੀਰ ਨੂੰ ਰੀਲੈਕਸ ਕਰਦਾ ਹੈ। ਸਰੀਰ ਅਤੇ ਮਨ 'ਤੇ ਸਕਾਰਾਤਮਕ ਅਸਰ ਪਾਉਂਦਾ ਹੈ।
* ਸਟ੍ਰੈਸ ਰਹਿਣ ਦੀ ਹਾਲਤ ਵਿਚ ਆਪਣੇ ਚੰਗੇ ਦੋਸਤ-ਮਿੱਤਰਾਂ ਨਾਲ ਗੱਲਬਾਤ ਕਰੋ। ਜ਼ਿੰਦਗੀ ਵਿਚ ਚੰਗੇ ਦੋਸਤ ਬੜੇ ਮਹੱਤਵਪੂਰਣ ਹੁੰਦੇ ਹਨ ਜੋ ਸਮੱਸਿਆ ਦੂਰ ਕਰਨ ਵਿਚ ਮਦਦ ਵੀ ਕਰਦੇ ਹਨ। ਘਰ ਵਿਚ ਪਰਿਵਾਰ ਦੇ ਮੈਂਬਰਾਂ ਨਾਲ ਆਪਣੀ ਟੈਨਸ਼ਨ ਬਾਰੇ ਮਸ਼ਵਰਾ ਕਰਨ ਨਾਲ ਰੀਲੈਕਸ ਮਹਿਸੂਸ ਕਰੋ।
* ਰੂਟੀਨ ਦੀ ਟੈਨਸ਼ਨ ਵਿਚ ਆਪਣੇ-ਆਪ ਨੂੰ ਸ਼ਾਂਤਮਈ ਸਮਾਂ ਦੇ ਕੇ ਵਿਚਾਰ ਕਰੋ, ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਪਲੱਸ-ਮਾਈਨਸ ਬਾਰੇ ਗੌਰ ਕਰੋ। ਅਧੂਰੇ ਕੰਮ ਨੂੰ ਪੂਰਾ ਕਰਨ ਲਈ ਕੀ ਕਰਨਾ ਚਾਹੀਦਾ ਹੈ।
* ਮਾਨਸਿਕ ਅਤੇ ਸਰੀਰਕ ਤੰਦਰੁਸਤੀ ਲਈ ਪੌਸ਼ਟਿਕ ਖੁਰਾਕ ਲਵੋ। ਜੰਕ-ਫੂਡ, ਤੰਬਾਕੂ, ਸ਼ਰਾਬ ਤਣਾਅ ਵਧਾ ਸਕਦੀ ਹੈ। ਸ਼ੂਗਰ ਲੀਮਿਟ ਵਿਚ ਖਾਓ। ਤੰਦਰੁਸਤ ਦਿਮਾਗ ਲਈ ਭੋਜਨ ਵਿਚ ਓਮੇਗਾ 3-6-9 ਨੂੰ ਸ਼ਾਮਿਲ ਕਰੋ। ਵਿਟਾਮਿਨ ਸਪਲੀਮੈਂਟਸ, ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਸ਼ੁਰੂ ਕਰੋ।
* ਚੰਗੇ ਕਾਮੇਡੀ ਸੀਰੀਅਲ ਵਾਚ ਕਰੋ। ਹੱਸਣ ਨਾਲ ਸਰੀਰ ਅੰਦਰ ਐਂਡਰੋਫਿਨ ਰੀਲੀਜ਼ ਹੋਣ ਨਾਲ ਤਣਾਅ ਪੈਦਾ ਕਰਨ ਵਾਲੇ ਹਾਰਮੋਨਸ ਕੋਰਟੀਸੋਲ ਅਤੇ ਐਡਰਨਾਲੀਨ ਦੇ ਪੱਧਰ ਨੂੰ ਘੱਟ ਹੋ ਜਾਣ ਨਾਲ ਤੁਹਾਡਾ ਮਨ ਆਰਾਮ ਮਹਿਸੂਸ ਕਰਦਾ ਹੈ।
* ਅਨਰਜ਼ੀ ਡ੍ਰਿੰਕਸ, ਕਾਫੀ, ਬਲੈਕ ਚਾਹ ਦੀ ਥਾਂ ਗ੍ਰੀਨ-ਟੀ ਪੀਣ ਦੀ ਆਦਤ ਪਾ ਲਵੋ। ਕਿਉਂਕਿ ਜ਼ਿਆਦਾ ਕੈਫੀਨ ਕੁੱਝ ਸਮੇਂ ਲਈ ਸਪਾਈ ਪੈਦਾ ਕਰਦੀ ਹੈ ਜੋ ਹਾਈਪੋਥਲਮਿਕ - ਪੀਟੁਟਰੀ- ਐਡਰੀਨਲ ਧੁਰੇ ਨੂੰ ਓਵਰਡ੍ਰਾਈਵ ਵਿਚ ਜਾਣ ਦਾ ਕਾਰਨ ਵੀ ਬਣ ਸਕਦਾ ਹੈ। ਜਦਕਿ ਗ੍ਰੀਨ-ਟੀ ਅੰਦਰ ਮੌਜੂਦ ਐਂਟੀਆਕਸੀਡੈਂਟਸ 'ਤੇ ਅਮੀਨੋ ਐਸਿਡ ਤੰਤੂ ਪ੍ਰਣਾਲੀ ਨੂੰ ਰੀਲੈਕਸ ਕਰਦਾ ਹੈ।
* ਗਰਮ ਦੁੱਧ, ਤਾਜ਼ੇ ਫਲਾਂ ਦਾ ਰੱਸ, ਨਮਕੀਨ ਲੱਸੀ 'ਤੇ ਸ਼ਿਕੰਜੀ, ਮਿਕਸ ਵੈਜ਼ੀਟੇਬਲ, ਚਿਕਨ ਸੂਪ ਸਾਦਾ ਪਾਣੀ ਜਿਆਦਾ ਪੀ ਕੇ ਟੈਨਸ਼ਨ ਘਟਾਓ।
* ਡੇਲੀ ਰੂਟੀਨ ਵਿਚ ਵਰਕ-ਆਉਟ, ਯੋਗਾ, ਸੈਰ, ਦਿਮਾਗੀ ਕਸਰਤ, ਅਤੇ ਬਿਮਾਰੀ ਦੀ ਹਾਲਤ ਵਿਚ ਫਿਜੀਓ ਥੇਰਾਪਿਸਟ ਦੀ ਸਲਾਹ ਨਾਲ ਸ਼ੁਰੂ ਕਰੋ।
* ਕਾਂਟੀਨੇਂਟਲ ਸ਼ਿਫਟਾਂ ਨੇ ਵਰਕਰਾਂ ਦੀ ਨੀਂਦ ਖਰਾਬ ਕਰ ਦਿੱਤੀ ਹੈ। ਸਰੀਰ ਨੂੰ ਪੂਰੀ ਨੀਂਦ ਨਾ ਮਿਲਣ ਦੀ ਹਾਲਤ ਵਿਚ ਵਿਅਕਤੀ ਤਣਾਅ ਦੇ ਘੇਰੇ ਵਿਚ ਰਹਿੰਦਾ ਹੈ। ਦਿਮਾਗ ਨੂੰ ਪੂਰਾ ਆਰਾਮ ਨਹੀਂ ਮਿਲਦਾ। ਤੰਦਰੁਸਤ ਮਨ ਅਤੇ ਸਰੀਰ ਲਈ ਡੇਲੀ 8-10 ਘੰਟੇ ਦੀ ਨੀਂਦ ਲੈਣੀ ਜਰੂਰੀ ਹੈ।
* ਜੇ ਪਾਲਤੂ ਕੁੱਤੇ-ਬਿੱਲੀਆਂ ਦਾ ਵਿਵਹਾਰ ਬਦਲ ਜਾਵੇ ਤਾਂ ਉਨਾਂ ਦੀ ਖੁਰਾਕ ਦੇ ਨਾਲ-ਨਾਲ ਡੇਲੀ ਉਨਾਂ ਨਾਲ ਖੇਡੋ, ਪਿਆਰ ਕਰੋ ਅਤੇ ਸੈਰ ਕਰਾਓ। ਲੰਮੇ ਸਮੇਂ ਤੱਕ ਪਾਲਤੂ ਜਾਨਵਰਾਂ ਦੇ ਖਰਾਬ ਵਿਵਹਾਰ ਲਈ ਵੇਟਨਰੀ ਸਲਾਹ ਲਵੋ।

**ਨੋਟ:** ਮਾਨਸਿਕ ਤੰਦਰੁਸਤੀ ਲਈ ਟੈਨਸ਼ਨ ਦੇ ਸ਼ਿਕਾਰ ਬੱਚੇ, ਸੀਨੀਅਰਸ ਅਤੇ ਗਰਭਵਤੀ ਔਰਤਾਂ ਦਾ ਖਾਸ ਧਿਆਣ ਰੱਖੋ। ਮਨ ਅਤੇ ਸਰੀਰ ਦੀ ਬਿਮਾਰੀ ਦੀ ਹਾਲਤ ਵਿਚ ਡਾਕਟਰੀ ਇਲਾਜ਼ ਨਾਲ ਸਟ੍ਰੈਸ ਕੰਟ੍ਰੋਲ ਕਰਨਾ ਚਾਹੀਦਾ ਹੈ। ਦਿਲ ਦੀ ਆਮ ਸਮੱਸਿਆ ਦੇ ਲੱਛਣ ਸਾਹ ਚੜਨਾ, ਛਾਤੀ ਵਿਚ ਦਰਦ, ਅਨਿਯਮਿਤ ਧੜਕਨ ਅਤੇ ਚੱਕਰ ਆਉਣ ਦੀ ਸ਼ਿਕਾਇਤ ਵਿਚ ਤੁਹਾਡਾ ਫੈਮਿਲੀ ਡਾਕਟਰ ਸਟ੍ਰੈਸ ਟੈਸਟ ਦੇ ਨਾਲ ਕਈ ਹੋਰ ਜਾਂਚ ਲਈ ਵੀ ਕਹਿ ਸਕਦੇ ਹਨ।







TOPLINK LOAN & LEASING INC.

Services: Truck Finance, Trailer Finance, Heavy Equipment Finance, Pre-Owned Inventory
LOCATIONS:
#14 - 6965 Davand Drive Mississauga, ON L5T1Y6 Tel: (905) 565-866, Email: info@toplinkloanandleasing.com
#205 - 31549 South Fraser Way Abbotsford, BC V2T 4A3 Tel: (778) 716-8667
2040 Logan Avenue Winnipeg, MB R2R 0H9 Tel: (204) 480-9600

AZ DRIVERS & OWNER OPERATORS NEEDED
ਅਮਰੀਕਾ ਲਈ ਏ ਜ਼ੈਡ ਡਰਾਈਵਰ ਅਤੇ ਓਨਰ ਔਪਰੇਟਰ ਚਾਹੀਦੇ ਹਨ
Call: Balkar, Harry 905-791-3090

Hunter Express Ltd
1940 Steeles Ave., E.
Brampton, ON
Toll Free: 1-866-659-2300
www.hunterexpress.ca
* Competitive Pay Rates
* Steady Work
* Dedicated Run
* Satellite Dispatch
* Safety Bonus

RESIDENTIAL OR COMMERCIAL
REAL ESTATE NEEDS
ਕਿਸੇ ਤਰ੍ਹਾਂ ਦੀ ਵੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਭਾਵੇਂ ਘਰ ਹੋਵੇ, ਵਿਓਪਾਰ ਹੋਵੇ ਜਾਂ ਇਨਵੈਸਟਮੈਂਟ ਹੋਵੇ, ਕੁਲਵਿੰਦਰ ਨਿੱਜਰ ਨਾਲ ਸੰਪਰਕ ਕਰੋ

KULWINDER NIJJAR
Sales Representative
Dir#: 416-508-1340
Homelife Miracle Realty Ltd. Brokerage,
Independently owned & operated
HOMELIFE HIGHER STANDARDS
Ph: 905-454-4000

BRAMPTON TV & APPLIANCES
Ph.: (905) 450-2828

6 Months Financing Available
All collections : Audio Systems and Radios, Beverage Centers, Computer Monitors, Cooktops, Dishwashers, Dryers, Freezers, Home Audio, Home Speakers, Home Theater Projectors, Kitchen, Kitchen Sets, Laundry, Laundry Centers, Laundry Pedestals, LED TV, Microwave Ovens, Wall Ovens, Portable Speakers, Rangehoods, Ranges, Refrigerators, Small Home Appliances, Sound Bars, Warming Drawers, Washers, Wine Storage.
801 BOVAIRD DR W, BRAMPTON, ON L6X 0T9

# ਰਾਸ਼ੀਫਲ

**ਮੇਖ :** ਨਿਯਮਤ ਕਸਰਤ ਦੇ ਦੁਆਰਾ ਆਪਣੇ ਵਜ਼ਨ ਨੂੰ ਕਾਬੂ ਵਿਚ ਰੱਖਣ ਦੀ ਲੋੜ ਹੈ ਤਲੀ ਅਤੇ ਭੁੰਨੀ ਹੋਈ ਵਸਤਾਂ ਤੋਂ ਪਰਹੇਜ਼ ਕਰੋ। ਅੱਜ ਜੇਕਰ ਤੁਸੀ ਦੋਸਤਾਂ ਨਾਲ ਘੁੰਮਣ ਦੀ ਯੋਜਨਾ ਬਣਾ ਰਹੇ ਹੋ ਤਾਂ ਪੈਸਾ ਸੋਚ ਸਮਝ ਕੇ ਖਰਚ ਕਰੋ ਆਰਥਿਕ ਹਾਨੀ ਹੋ ਸਕਦੀ ਹੈ। ਪਰਿਵਾਰ ਦੇ ਨਾਲ ਸਮਾਜਿਕ ਗਤੀਵਿਧਿਆਂ ਵਿਚ ਵਾਧਾ ਕਾਫੀ ਮਾਨਸਿਕ ਦਬਾਅ ਪੈਦਾ ਕਰ ਸਕਦਾ ਹੈ। ਰੋਮਾਂਟਿਕ ਯਾਦਾਂ ਅੱਜ ਤੁਹਾਡੇ ਤੇ ਛਾਈਆਂ ਰਹਿਣਗੀਆਂ ਆਪਣੇ ਚਾਰੋ ਤਰਫ ਹੋਣ ਵਾਲੀਆਂ ਗਤੀਵਿਧਿਆਂ ਦਾ ਧਿਆਨ ਰੱਖੋ ਕਿਉਂ ਕਿ ਤੁਹਾਡੇ ਕੰਮ ਦਾ ਕਰੈਡਿਟ ਕੋਈ ਹੋਰ ਲੈ ਸਕਦਾ ਹੈ। ਵਪਾਰੀ ਅੱਦ ਵਪਾਰ ਤੋਂ ਜਿਆਦਾਂ ਆਪਣੇ ਪਰਿਵਾਰ ਦੇ ਲੋਕਾਂ ਦੇ ਵਿਚ ਸਮਾਂ ਬਿਤਾਉਣਾ ਪਸੰਦ ਕਰੋਂਗੇ ਇਸ ਨਾਲ ਤੁਹਾਡਾ ਪਰਿਵਾਰ ਵਿਚ ਇਕਮਿਕਤ ਬਣੇਗੀ। ਅੱਜ ਤੁਹਾਡਾ ਜੀਵਨਸਾਥੀ ਤੁਹਾਨੂੰ ਖੁਸ਼ ਕਰਨ ਦੇ ਲਈ ਕਾਫੀ ਯਤਨ ਕਰੇਗਾ।

**ਬ੍ਰਿਸ਼ਭ:** ਲੰਬੀ ਬਿਮਾਰੀ ਨੂੰ ਨਜ਼ਰਅੰਦਾਜ ਨਾ ਕਰੋ ਨਹੀਂ ਤਾਂ ਅੱਗੇ ਜਾ ਕੇ ਵੱਡੀ ਸਮੱਸਿਆ ਖੜੀ ਹੋ ਸਕਦਾ ਹੈ। ਜੇਕਰ ਤੁਸੀ ਸੂਝ ਨਾਲ ਕੰਮ ਲਵੋ ਤਾਂ ਅੱਜ ਜਿਆਦਾ ਪੈਸਾ ਕਮਾ ਸਕਦੇ ਹੋ। ਕਿਸੇ ਧਾਰਮਿਕ ਸਥੂਲ ਜਾਂ ਸਬੰਧੀ ਦੇ ਨਾਲ ਜਾਣ ਦੀ ਸੰਭਾਵਨਾ ਹੈ। ਪਿਆਰ ਦੇ ਸਾਕਾਰਤਕ ਸੰਕੇਤ ਤੁਹਾਨੂੰ ਮਿਲਣਗੇ। ਅੱਜ ਤੁਹਾਡੀ ਕਲਾਤਮਕ ਅਤੇ ਰਚਨਾਤਮਕ ਹੁੱਨਰ ਨੂੰ ਕਾਫੀ ਸਰਹਾਨਾ ਮਿਲੇਗੀ ਅਤੇ ਇਸਦੇ ਚਲਦੇ ਅਚਾਨਕ ਲਾਭ ਮਿਲਣ ਦੀ ਸੰਭਾਵਨਾ ਵੀ ਹੈ। ਜਦੋਂ ਤੁਹਾਨੂੰ ਲਗਦਾ ਹੈ ਕਿ ਤੁਸੀ ਆਪਣੇ ਪਰਿਵਾਰ ਜਾਂ ਦੋਸਤਾਂ ਲਈ ਸਮਾਂ ਨਹੀਂ ਕੱਢ ਸਕਦੇ ਤਾਂ ਤੁਸੀ ਪਰੇਸ਼ਾਨ ਹੋ ਸਕਦੇ ਹੋ ਅੱਜ ਵੀ ਤੁਹਾਡੇ ਮਨ ਦੀ ਸਥਿਤੀ ਇਸੇ ਤਰਾਂ ਦੀ ਰਹਿ ਸਕਦੀ ਹੈ। ਤੁਹਾਡੇ ਮਾਤਾ ਪਿਤਾ ਤੁਹਾਡੇ ਜੀਵਨਸਾਥੀ ਨੂੰ ਸੱਚਮੁਚ ਕੁਝ ਸ਼ਾਨਦਾਰ ਆਸ਼ੀਰਵਾਦ ਦੇਣ ਜਿਸ ਦੇ ਚਲਦੇ ਤੁਹਾਡੇ ਵਿਵਾਹਿਕ ਜੀਵਨ ਵਿਚ ਹੋਰ ਨਿਖਾਰ ਆਵੇਗਾ।

**ਮਿਥੁਨ :** ਕਿਸਮਤ ਦੇ ਭਰੋਸੇ ਨਾ ਬੈਠੋ ਅਤੇ ਆਪਣੀ ਸਿਹਤ ਸੁਧਾਰਨ ਦੇ ਲਈ ਖੁਦ ਮਿਹਨਤ ਕਰੋ ਕਿਉਂ ਕਿ ਹੱਥ ਤੇ ਹੱਥ ਧਰੇ ਬੈਠਿਆਂ ਕੁਝ ਨਹੀਂ ਹੋਣ ਵਾਲਾ। ਹੁਣ ਵਕਤ ਆ ਗਿਆ ਹੈ ਕਿ ਆਪਣਾ ਵਜ਼ਨ ਕਾਬੂ ਵਿਚ ਰੱਖੋ ਅਤੇ ਤਦੰਰੁਸਤ ਰਹਿਣ ਦੇ ਲਈ ਨਿਯਮਿਤ ਕਸਰਤ ਦਾ ਸਹਾਰਾ ਲਉ। ਅੱਜ ਤੁਸੀ ਚੰਗਾ ਪੈਸਾ ਕਮਾਉਗੇ ਪਰੰਤੂ ਖਰਚ ਵਿਚ ਵਾਧਾ ਤੁਹਾਡੇ ਲਈ ਬਚਟ ਨੂੰ ਹੋਰ ਜ਼ਿਆਦਾ ਮੁਸ਼ਕਿਲ ਬਣ ਦੇਵੇਗਾ। ਜੇਕਰ ਤੁਸੀ ਹਰ ਇਕ ਦੀ ਮੰਗ ਪੂਰੀ ਕਰਨ ਦਾ ਕੋਸ਼ਿਸ਼ ਕਰੋਂਗੇ ਤਾਂ ਤੁਹਾਨੂੰ ਵੱਖੋ ਵੱਖਰੀਆਂ ਦਿਸ਼ਾਵਾਂ ਵਿਚ ਪਾ ਦਿੱਤਾ ਜਾਵੇਗਾ। ਕੋਈ ਤੁਹਾਨੂੰ ਪਿਆਰ ਤੋਂ ਦੂਰ ਨਹੀਂ ਕਰ ਸਕਦਾ । ਅੱਜ ਤੁਹਾਨੂੰ ਮਹਿਸੂਸ ਹੋਵੇਗਾ ਕਿ ਤੁਹਾਡੇ ਪਰਿਵਾਰ ਦਾ ਸਹਿਯੋਗ ਹੀ ਕੰਮਕਾਰ ਵਿਚ ਤੁਹਾਡੇ ਚੰਗੇ ਪ੍ਰਦਸ਼ਨ ਦੇ ਲਈ ਜਿੰਮੇਦਾਰ ਹੈ। ਖੁਸ਼ਹਾਲੀ ਲਈ ਯਾਤਰਾ ਸੰਤੁਸ਼ਟੀ ਪੂਰਵਕ ਹੋਵੇਗੀ। ਤੁਹਾਡਾ ਜੀਵਨਸਾਥੀ ਬਿਨਾਂ ਕੁਝ ਜਾਣੇ ਕੁਝ ਅਜਿਹਾ ਖਾਸ ਕੰਮ ਕਰ ਸਕਦਾ ਹੈ ਜਿਸ ਨੂੰ ਸੱਚਮੁਚ ਕਦੇ ਭੁੱਲ ਨਹੀਂ ਸਕੋਂਗੇ।



**ਕਰਕ :** ਕਿਸੇ ਦੋਸਤ ਦੇ ਨਾਲ ਗਲਤਫਹਿਮੀ ਅਪ੍ਰਿਯ ਹਾਲਾਤ ਖੜੇ ਕਰ ਸਕਦੀ ਹੈ ਕਿਸੇ ਵੀ ਫੈਸਲੇਂ ਤੇ ਪਹੁੰਚਣ ਤੋਂ ਪਹਿਲਾਂ ਸੰਤੁਲਿਤ ਨਜ਼ਰੀਏ ਨਾਲ ਦੋਨਾਂ ਪੱਖਾਂ ਨੂੰ ਪਰਖੋ। ਅੱਜ ਤੁਸੀ ਆਪਣੇ ਘਰ ਦੇ ਸੀਨੀਅਰਾਂ ਨਾਲ ਪੈਸੇ ਦੀ ਬਚਤ ਕਰਨ ਨੂੰ ਲੈ ਕੇ ਕੋਈ ਸਲਾਹ ਲੈ ਸਕਦੇ ਹੋ ਅਤੇ ਉਸ ਸਲਾਹ ਨੂੰ ਜ਼ਿੰਦਗੀ ਵਿਚ ਜਗ੍ਹਾ ਵੀ ਦੇ ਸਕਦੇ ਹੋ। ਉਸ ਰਿਸ਼ਤੇਦਾਰ ਨੂੰ ਮਿਲੋ ਜਿਸ ਦੀ ਸਿਹਤ ਕਾਫੀ ਸਮੇਂ ਤੋਂ ਖਰਾਬ ਹੈ। ਤੁਹਾਨੂੰ ਬਿੱਤੇ ਦਿਨਾਂ ਦੀਆਂ ਮਿਠੀਆਂ ਯਾਦਾਂ ਵਿਅਸਤ ਰੱਖਣਗੀਆਂ। ਕੰਮਕਾਰ ਦੇ ਸਥਾਨ ਤੇ ਤੁਹਾਡੇ ਸਾਹਮਣੇ ਕਈਂ ਚਣੌਤੀਆਂ ਆਉਣਗੀਆਂ ਖਾਸ ਤੋਰ ਤੇ ਜੇਕਰ ਤੁਸੀ ਕੁਟਨੀਤਿਕ ਤਰੀਕੇ ਨਾਲ ਚੀਜਾਂ ਦਾ ਇਸਤੇਮਾਲ ਨਹੀਂ ਕਰੋਂਗੇ। ਜੇਕਰ ਤੁਸੀ ਅੱਜ ਖਰੀਦਦਾਰੀ ਲਈ ਜਾਂਦੇ ਹੋ ਤਾਂ ਆਪਣੇ ਲਈ ਕੋਈ ਵਧੀਆ ਕੱਪੜੇ ਦੀ ਸਮੱਗਰੀ ਲੈ ਕੇ ਆਵੋਂਗੇ। ਤੁਹਾਡੇ ਬਿਹਤਰ ਅੱਧ ਨਾਲ ਰੋਮਾਂਸ ਕਰਨ ਨਾਲ ਇਹ ਵਧੀਆ ਦਿਨ ਹੈ।

**ਸਿੰਘ:** ਬਾਹਰੀ ਗਤੀਵਿਧੀਆਂ ਤੁਹਾਡੇ ਲਈ ਲਾਭਦਾਇਕ ਹੋਣਗੀਆਂ ਕਿਲੇਬੰਦੀ ਵਾਲੀ ਜੀਵਨ ਸ਼ੈਲੀ ਵਿਚ ਬੰਨੇ ਰਹਿਣਾ ਅਤੇ ਹਮੇਸ਼ਾ ਆਪਣੀ ਸੁਰੱਖਿਆ ਦੀ ਚਿੰਤਾ ਕਰਨਾ ਤੁਹਾਡੇ ਲਈ ਸਰੀਰਕ ਅਤੇ ਮਾਨਸਿਕ ਵਿਕਾਸ ਨੂੰ ਰੋਕ ਦੇਣਗੇ। ਇਹ ਆਦਤ ਤੁਹਾਨੂੰ ਚਿੜਚਿੜਾ ਅਤੇ ਬੈਚੇਨ ਇਨਸਾਨ ਬਣਾ ਸਕਦੀ ਹੈ। ਜਲਦਬਾਜ਼ੀ ਵਿਚ ਫੈਂਸਲਾ ਨਾ ਲਵੋ ਖਾਸਤੋਰ ਤੇ ਅਹਿਮ ਆਰਥਿਕ ਸੋਦੇ ਵਿਚ ਮੇਲਭਾਵ ਕਰਦੇ ਸਮੇਂ। ਅਜਿਹੇ ਦੋਸਤਾਂ ਦੇ ਨਾਲ ਬਾਹਰ ਜਾਵੋ ਜੋ ਸਾਕਾਰਤਮਕ ਅਤੇ ਮਦਦਗਾਰ ਸੁਭਾਅ ਦੇ ਹੋਣ। ਜਿਹੜੇ ਲੋਕ ਹੁਣ ਤੱਕ ਛੜੇ ਹਨ ਉਨਾਂ ਦੀ ਮੁਲਾਕਾਤ ਅੱਜ ਕਿਸੇ ਖਾਸ ਨਾਲ ਹੋਣ ਦੀ ਸੰਭਾਵਨਾ ਹੈ ਪਰੰਤੂ ਗੱਲ ਨੂੰ ਅੱਗੇ ਵਧਾਉਣ ਤੋਂ ਪਹਿਲਾਂ ਇਹ ਜਰੂਰ ਜਾਣ ਲਵੋ ਕਿ ਕਿਤੇ ਉਹ ਸਖਸ਼ ਕਿਸੇ ਦੇ ਨਾਲ ਰਿਸ਼ਤੇ ਵਿਚ ਨਾ ਹੋ। ਆਪਣੇ ਆਪ ਨੂੰ ਕਿਸੇ ਛੋਟੇ ਪ੍ਰੋਗਰਾਮ ਵਿਚ ਦਾਖਿਲ ਕਰੋ ਜੋ ਤੁਹਾਨੂੰ ਨਵੀਂ ਤਕਨਾਲੋਜੀ ਅਤੇ ਹੁਨਰ ਸਿੱਖਣ ਵਿਚ ਸਹਾਇਤਾ ਕਰੇਗਾ। ਜੀਵਨ ਸਾਥੀ ਦੇ ਨਾਲ ਸਮਾਂ ਬਿਤਾਉਣ ਦੇ ਲਈ ਅੱਜ ਤੁਸੀ ਦਫਤਰ ਤੋਂ ਜਲਦੀ ਨਿਕਲ ਸਕਦੇ ਹੋ ਪਰੰਤੂ ਰਸਤੇ ਵਿਚ ਜਾਮ ਦੀ ਵਜਾਹ ਨਾਲ ਤੁਸੀ ਅਸਮਰਥ ਨਹੀਂ ਪਾਉਂਗੇ। ਅੱਜ ਤੁਹਾਡਾ ਜੀਵਨ ਸਾਥੀ ਕਾਫੀ ਰੁਮਾਂਟਿਕ ਲੱਗ ਰਿਹਾ ਹੈ।

**ਕੰਨਿਆ:** ਬੱਚੇ ਤੁਹਾਡੇ ਮੁਤਾਬਿਕ ਨਹੀਂ ਚੱਲਣਗੇ ਜੋ ਤੁਹਾਡੇ ਝੁਜ਼ਲਾਹਟ ਦੀ ਵਜਾਹ ਬਣ ਸਕਦੀ ਹੈ ਤੁਹਾਨੂੰ ਖੁਦ ਤੇ ਨਿਯੰਤਰਣ ਰੱਖਣਾ ਚਾਹੀਦਾ ਹੈ ਕਿਉਂ ਕਿ ਨਾਰਾਜ਼ਗੀ ਸਭ ਲਈ ਨੁਕਸਾਨਦੇਹ ਹੈ ਅਤੇ ਇਹ ਸੋਚਣ ਸਮਝਣ ਦੀ ਤਾਕਤ ਨੂੰ ਖਤਮ ਕਰ ਦਿੰਦਾ ਹੈ ਇਸ ਨਾਲ ਸਿਰਫ ਮੁਸ਼ਕਿਲ ਵਧਦੀ ਹੈ। ਅੱਜ ਪੈਸੇ ਦਾ ਆਉਣਾ ਤੁਹਾਨੂੰ ਕਈਂ ਮੁਸ਼ਕਿਲਾਂ ਤੋਂ ਦੂਰ ਕਰ ਸਕਦਾ ਹੈ। ਪਰਿਵਾਰ ਵਾਲਿਆਂ ਦਾ ਹਾਸਾ ਮਜ਼ਾਕ ਭਰਿਆ ਬਰਤਾਵ ਵਾਤਾਵਰਣ ਨੂੰ ਹਲਕਾ ਫੁਲਕਾ ਅਤੇ ਖੁਸ਼ੀ ਭਰਿਆ ਬਣਾ ਦਵੇਗੇ। ਅੱਖਾਂ ਕਦੇ ਝੂਠ ਨਹੀਂ ਬੋਲਦੀਆਂ ਅੱਜ ਤੁਹਾਡੇ ਪਿਆਰ ਦੀਆਂ ਅੱਖਾਂ ਕੁਝ ਖਾਸ ਦੱਸਣਗੀਆਂ। ਕੰਮਕਾਰ ਦੇ ਨਜ਼ਰੀਏ ਤੋਂ ਅੱਜ ਦਾ ਦਿਨ ਵਾਕਾਈ ਸੁਚਾਰੂ ਰੂਪ ਨਾਲ ਚੱਲੇਗਾ। ਅੱਜ ਤੁਸੀ ਆਪਣੀ ਸ਼ਾਮ ਦਫਤਰ ਦੇ ਸਹਿਕਰਮੀ ਨਾਲ ਬਿਤਾ ਸਕਦੇ ਹੋ ਹਾਲਾਂ ਕਿ ਅੰਤ ਵਿਚ ਤੁਸੀ ਉਸ ਸਮੇਂ ਦੀ ਜ਼ਿਆਦਾ ਸਲਾਘਾ ਨਹੀਂ ਕਰੋਂਗੇ ਜੋ ਤੁਸੀ ਇਕੱਠੇ ਬਿਤਾਇਆ ਉਸ ਨੂੰ ਤੁਸੀ ਵਿਅਰਥ ਸਮਝੋਂਗੇ। ਰਿਸ਼ਤੇ ਉੱਪਰ ਸਵਰਗ ਵਿਚ ਬਣਦੇ ਹਨ ਅੱਜ ਤੁਹਾਡਾ ਜੀਵਨਸਾਥੀ ਇਹ ਸਾਬਿਤ ਕਰੇਗਾ।

**ਤੁਲਾ:** ਧਿਆਨ ਰੱਖੋ ਕਿ ਤੁਸੀ ਕੀ ਖਾ ਰਹੇ ਹੋ ਬਾਹਰੀ ਸੜਕ ਦੇ ਖਾਣੇ ਤੋਂ ਬਚੋ। ਜਿਹੜੇ ਲੋਕਾਂ ਨੇ ਕਿਸੇ ਤੋਂ ਲਿਆ ਹੋਇਆ ਹੈ ਉਨਾਂ ਨੂੰ ਅੱਜ ਕਿਸੇ ਵੀ ਹਾਲਤ ਵਿਚ ਉਧਾਰ ਵਾਪਿਸ ਦੇਣਾ ਪੈ ਸਕਦਾ ਹੈ ਜਿਸ ਨਾਲ ਆਰਥਿਕ ਸਥਿਤੀ ਕਮਜ਼ੋਰ ਹੋ ਜਾਵੇਗੀ। ਅੱਜ ਦਾ ਦਿਨ ਖੁਸ਼ੀਆਂ ਨਾਲ ਭਰਿਆ ਰਹੇਗਾ ਕਿਉਂ ਕਿ ਤੁਹਾਡੀ ਜੀਵਨ ਸਾਥੀ ਤੁਹਾਨੂੰ ਖੁਸ਼ੀ ਦੇਣ ਦਾ ਹਰ ਪ੍ਰਯਾਸ ਕਰੇਗਾ। ਆਪਣੇ ਪਾਰਟਨਰ ਨੂੰ ਸਮਝਣ ਦੀ ਕੋਸ਼ਿਸ਼ ਕਰੋ ਨਹੀਂ ਤਾਂ ਮੁਸ਼ਕਿਲ ਵਿਚ ਫਸ ਸਕਦੇ ਹੋ। ਜੇਕਰ ਤੁਹਾਨੂੰ ਇਕ ਦਿਨ ਦੀ ਛੁੱਟੀ ਤੇ ਜਾਣਾ ਹੈ ਤਾਂ ਚਿੰਤਾ ਨਾ ਕਰੋ ਤੁਹਾਡੀ ਗੈਰਹਾਜ਼ਰੀ ਵਿਚ ਸਾਰੇ ਕੰਮ ਠੀਕ ਚਲਦੇ ਰਹਿਣਗੇ ਅਤੇ ਕਿਸੇ ਖਾਸ ਵਜਾਹ ਨਾਲ ਕੋਈ ਮੁਸ਼ਕਿਲ ਖੜੀ ਹੋ ਵੀ ਜਾਵੇ ਤਾਂ ਤੁਸੀ ਆ ਕੇ ਉਸ ਨੂੰ ਆਸਾਨੀ ਨਾਲ ਹੱਲ ਕਰ ਲਵੋਂਗੇ। ਇਸ ਰਾਸ਼ੀ ਵਾਲਿਆਂ ਨੂੰ ਅੱਜ ਖਾਲੀ ਸਮੇਂ ਵਿਚ ਅਧਿਆਤਮਕ ਪੁਸਤਕਾਂ ਦਾ ਅਧਿਐਨ ਕਰਨਾ ਚਾਹੀਦਾ ਹੈ ਅਜਿਹਾ ਕਰਕੇ ਤੁਸੀ ਕਈਂ ਮੁਸ਼ਕਿਲਾਂ ਦੂਰ ਕਰ ਸਕਦੇ ਹੋ। ਤੁਹਾਡਾ ਜੀਵਨ ਸਾਥੀ ਅੱਜ ਪਿਆਰ ਅਤੇ ਤਾਕਤ ਨਾਲ ਭਰਪੂਰ ਹੈ।

**ਬ੍ਰਿਸ਼ਚਕ :** ਧਿਆਨ ਰੱਖੋ ਕਿ ਤੁਸੀ ਕੀ ਖਾ ਰਹੇ ਹੋ ਬਾਹਰੀ ਸੜਕ ਦੇ ਖਾਣੇ ਤੋਂ ਬਚੋ। ਅੱਜ ਕਿਸੇ ਵਿਪਰਿਤ ਲਿੰਗ ਦੀ ਮਦਦ ਨਾਲ ਤੁਹਾਡੇ ਕਾਰੋਬਾਰ ਜਾਂ ਨੋਕਰੀ ਵਿਚ ਆਰਥਿਕ ਲਾਭ ਹੋਣ ਦੀ ਸੰਭਾਵਨਾ ਹੈ। ਤੁਹਾਡੇ ਮਾਤਾ ਪਿਤਾ ਦੀ ਸਿਹਤ ਤੇ ਜ਼ਿਆਦਾ ਧਿਆਨ ਦਿੱਤੇ ਜਾਣ ਦੀ ਲੋੜ ਹੈ। ਹਾਲਾਂ ਕਿ ਪਿਆਰ ਵਿਚ ਨਿਰਾਸ਼ਾ ਹੋ ਸਕਦੀ ਹੈ ਪਰੰਤੂ ਦਿਲ ਛੋਟਾ ਨਾ ਕਰੋ ਕਿਉਂ ਕਿ ਪ੍ਰੇਮੀ ਹਮੇਸ਼ਾ ਸਾਈਕੋਫੈਨਟਿਕ ਹੁੰਦੇ ਹਨ। ਕੰਮਕਾਰ ਵਿਚ ਤੁਹਾਨੂੰ ਕੁਝ ਵਧੀਆ ਚੀਜ ਜਾਂ ਖਬਰ ਦੇ ਸਕਦਾ ਹੈ। ਕਿਉਂ ਕਿ ਕੋਈ ਕੰਮ ਤੁਹਾਡੇ ਕੰਮ ਵਾਲੀ ਥਾਂ ਤੇ ਬਕਾਇਆ ਰਹਿੰਦਾ ਹੈ ਕਿਸੇ ਕਾਰਨ ਕਰਕੇ ਤੁਹਾਨੂੰ ਆਪਣਾ ਕੀਮਤੀ ਸਮਾਂ ਸ਼ਾਮ ਨੂੰ ਦੇਣਾ ਪਵੇਗਾ। ਹਾਸੇ ਮਜ਼ਾਕ ਦੇ ਚਲਦੇ ਤੁਹਾਡੇ ਅਤੇ ਤੁਹਾਡੇ ਜੀਵਨ ਸਾਥੀ ਵਿਚ ਕੋਈ ਪੁਰਾਣਾ ਮੁੱਦਾ ਉਠ ਸਕਦਾ ਹੈ ਜੋ ਫਿਰ ਵਾਦ ਵਿਵਾਦ ਦਾ ਰੂਪ ਵੀ ਲੈ ਸਕਦਾ ਹੈ।

**ਧਨੂੰ:** ਬਹੁਤ ਜ਼ਿਆਦਾ ਰੁਮਾਂਚ ਅਤੇ ਦਿਵਾਨਗੀ ਦੀ ਉਚਾਈ ਤੁਹਾਡੇ ਵਿਸਫੋਟਕ ਜਨੂੰਨ ਨੂੰ ਨੁਕਸਾਨ ਪਹੰਚਾ ਆ ਸਕਦੀ ਹੈ ਇਨਾਂ ਦਿੱਕਤਾਂ ਤੋਂ ਬਚਣ ਲਈ ਆਪਣੇ ਜ਼ਜਬਾਤ ਕਾਬੂ ਵਿਚ ਰੱਖੋ। ਵਾਧੂ ਪੈਸੇ ਨੂੰ ਰਿਅਲ ਅਸਟੇਟ ਵਿਚ ਨਿਵੇਸ਼ ਕੀਤਾ ਜਾ ਸਕਦਾ ਹੈ। ਆਪਣੀ ਉਪਯੋਗਿਤਾ ਦੀ ਸ਼ਕਤੀ ਨੂੰ ਸਾਕਾਰਤਮਕ ਸੋਚ ਅਤੇ ਗੱਲਬਾਤ ਦੇ ਜ਼ਰੀਏ ਵਿਕਸਿਤ ਕਰੋ ਤਾਂ ਕਿ ਪਰਿਵਾਰ ਨੂੰ ਸਲਾਹ ਤੇ ਲੋਕਾਂ ਤੋਂ ਲਾਭ ਹੋਵੇ। ਇਕ ਪਿਆਰੀ ਜਿਹੀ ਮੁਸਕਰਾਹਟ ਨਾਲ ਆਪਣੇ ਪ੍ਰੇਮੀ ਦਾ ਦਿਨ ਰੋਸ਼ਨ ਕਰੋ। ਕੰਮ ਕਾਰ ਵਿਚ ਤੁਹਾਡੇ ਦੁਸ਼ਮਨ ਵੀ ਅੱਜ ਤੁਹਾਡੇ ਦੋਸਤ ਬਣ ਸਕਦੇ ਹਨ। ਆਪਣੇ ਜਿਗਰੀ ਯਾਰਾਂ ਦੇ ਨਾਲ ਅੱਜ ਤੁਸੀ ਖਾਲੀ ਸਮੇਂ ਦਾ ਆਨੰਦ ਲੈਣ ਦਾ ਵਿਚਾਰ ਬਣ ਸਕਦੇ ਹੋ। ਅੱਜ ਤੁਹਾਡਾ ਜੀਵਨਸਾਥੀ ਤੁਹਾਡੇ ਸਾਰੇ ਚੰਗੇ ਗੁਣਾ ਦੀ ਪ੍ਰਸੰਸਾ ਕਰਨ ਅਤੇ ਤੁਹਾਡੇ ਦੁਬਾਰਾ ਡਿੱਗੇ ਦੀ ਕਦਰ ਕਰੇਗਾ।

**ਮਕਰ :** ਆਪਣੇ ਖਾਣ ਪੀਣ ਦਾ ਧਿਆਨ ਰੱਖੋ ਖਾਸ ਤੋਰ ਮਾਈਗ੍ਰੇਨ ਦੇ ਮਰੀਜ਼ਾ ਨੂੰ ਸਮੇਂ ਤੇ ਖਾਣਾ ਨਹੀਂ ਛੱਡਣਾ ਚਾਹੀਦਾ ਨਹੀਂ ਤਾਂ ਉਹਨਾਂ ਨੂੰ ਵਿਅਰਥ ਵਿਚ ਭਾਵਨਾਤਮਕ ਤਣਾਅ ਵਿਚੋਂ ਗੁਜ਼ਰਨਾ ਪੈ ਸਕਦਾ ਹੈ। ਅੱਜ ਤੁਹਾਨੂੰ ਖੇਤੀ, ਰਿਅਲ ਅਸਟੇਟ ਜਾਂ ਸਭਿਆਚਾਰਕ ਪਰਿਯੋਜਨਾਵਾਂ ਉੱਪਰ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ। ਸ਼ਾਮ ਦੇ ਸਮੇਂ ਆਪਣੇ ਜੀਵਨਸਾਥੀ ਦੇ ਨਾਲ ਬਾਹਰ ਖਾਣਾ ਜਾਂ ਫਿਲਮ ਦੇਖਣਾ ਤੁਹਾਨੂੰ ਸਕੂਨ ਦੇਵੇਗਾ ਅਤੇ ਖੁਸ਼ਮਿਜ਼ਾਜ ਬਣਾ ਕੇ ਰੱਖਗਾ। ਤੁਹਾਡਾ ਪਿਆਰ ਤੁਹਾਡੇ ਤੋਂ ਕਿਸੇ ਚੀਜ ਦੀ ਮੰਗ ਕਰ ਸਕਦਾ ਹੈ ਪਰ ਤੁਸੀ ਉਹ ਸਾਰੀਆਂ ਇਛਾਵਾਂ ਨੂੰ ਪੂਰੀਆਂ ਨਹੀਂ ਕਰ ਸਕੋਂਗੇ ਇਸ ਨਾਲ ਤੁਹਾਡਾ ਸਾਥੀ ਨਾਰਾਜ਼ ਹੋ ਸਕਦਾ ਹੈ। ਮੁਸ਼ਕਿਲ ਮਾਮਲਿਆਂ ਦੇ ਚਾਰੋ ਤਰਫ ਤੋਂ ਬਚਣ ਦੇ ਲਈ ਤੁਹਾਨੂੰ ਆਪਣੇ ਸੰਪਰਕ ਉਪਯੋਗ ਕਰਨ ਦੀ ਲੋੜ ਹੈ। ਇਸ ਰਾਸ਼ੀ ਚਿੰਨ੍ਹ ਵਾਲਿਆਂ ਨੂੰ ਅੱਜ ਖੁਦ ਦੇ ਲਈ ਕਾਫੀ ਸਮਾਂ ਮਿਲੇਗਾ ਇਸ ਸਮੇਂ ਦਾ ਉਪਯੋਗ ਤੁਸੀ ਆਪਣੇ ਸ਼ੋਂਕ ਨੂੰ ਪੂਰਾ ਕਰਨ ਦੇ ਲਈ ਜਿਵੇਂ ਕਿਤਾਬ ਪੜ੍ਹਨੀ ਜਾਂ ਪਸੰਦੀਦਾ ਸੰਗੀਤ ਸੁਣਨਾ। ਆਪਣੇ ਜੀਵਨਸਾਥੀ ਨੂੰ ਕਿਸੇ ਚੀਜ ਵੱਲ ਜ਼ੋਰ ਨਾ ਪਾਉ ਇਹ ਤੁਹਾਨੂੰ ਦੋਨਾਂ ਨੂੰ ਦਿਲ ਤੋਂ ਦੂਰ ਕਰ ਦੇਵੇਗਾ।

**ਕੁੰਭ:** ਅੱਜ ਸਵਾਰਥੀ ਆਦਮੀ ਤੋਂ ਬਚਣ ਦੀ ਕੋਸ਼ਿਸ਼ ਕਰੋ ਉਹ ਤੁਹਾਨੂੰ ਤਨਾਵ ਦੇ ਸਕਦਾ ਹੈ। ਹੋਸ਼ਿਆਰੀ ਨਾਲ ਨਿਵੇਸ਼ ਕਰੋ। ਜਦੋਂ ਤੁਸੀ ਸਮੂਹ ਵਿਚ ਹੋਵੋ ਤਾਂ ਧਿਆਨ ਰੱਖੋ ਕਿ ਤੁਸੀ ਕੀ ਕਰ ਰਹੇ ਹੋ ਅਚਾਨਕ ਕਹੇ ਗਏ ਸ਼ਬਦਾਂ ਦੇ ਚਲਦੇ ਤੁਸੀ ਕੜੀ ਆਲੋਚਨਾ ਦਾ ਸ਼ਿਕਾਰ ਹੋ ਸਕਦੇ ਹੋ। ਤੁਹਾਡੇ ਸਮਰਪਿਤ ਅਤੇ ਨਿਰਸੰਦੇਹ ਪਿਆਰ ਵਿਚ ਜਾਦੂ ਕਰਨ ਦੀ ਤਾਕਤ ਹੈ। ਕੰਮ ਕਾਰ ਵਿਚ ਤੁਹਾਡੇ ਦੁਸ਼ਮਨ ਵੀ ਅੱਜ ਤੁਹਾਡੇ ਦੋਸਤ ਬਣ ਸਕਦੇ ਹਨ। ਦੂਸਰਿਆਂ ਦੀ ਰਾਏ ਨੂੰ ਧਿਆਨ ਨਾਲ ਸੁਣੋ ਜੇਕਰ ਤੁਸੀ ਸੱਚਮੁਚ ਹੀ ਅੱਜ ਲਾਭ ਚਾਹੁੰਦੇ ਹੋ।. ਅੱਜ ਤੁਹਾਡੇ ਜੀਵਨ ਦੀ ਤੁਹਾਡੇ ਜੀਵਨਸਾਥੀ ਨਾਲ ਬੇਹਤਰੀਨ ਸ਼ਾਮ ਹੋਵੇਗੀ।

**ਮੀਨ:** ਲੰਬੀ ਬਿਮਾਰੀ ਨੂੰ ਨਜ਼ਰਅੰਦਾਜ ਨਾ ਕਰੋ ਨਹੀਂ ਤਾਂ ਅੱਗੇ ਜਾ ਕੇ ਵੱਡੀ ਸਮੱਸਿਆ ਖੜੀ ਹੋ ਸਕਦਾ ਹੈ। ਅੱਜ ਯਾਰਾਂ ਦੋਸਤਾਂ ਦੇ ਨਾਲ ਪਾਰਟੀ ਵਿਚ ਤੁਸੀ ਖੂਬ ਪੈਸਾ ਲੁਟਾ ਸਕਦੇ ਹੋ ਪਰੰਤੂ ਇਸ ਦੇ ਬਾਵਜੂਦ ਤੁਹਾਡੀ ਆਰਥਿਕ ਪੱਖ ਅੱਜ ਮਜ਼ਬੂਤ ਰਹੇਗਾ। ਪਰਿਵਾਰ ਦੀ ਕਿਸੇ ਮਹਿਲਾ ਮੈਂਬਰ ਦੀ ਸਿਹਤ ਚਿੰਤਾ ਦੀ ਵਜਾਹ ਬਣ ਸਕਦੀ ਹੈ। ਅੱਜ ਤੁਸੀ ਹਰ ਤਰਫ ਪਿਆਰ ਹੀ ਪਿਆਰ ਫੈਲੈਉਂਗੇ। ਦਿਨੀਸੁਪਨਿਆਂ ਵਿਚ ਸਮਾਂ ਖਪਾਨਾ ਨੁਕਸਾਨਦੇਹ ਰਹੇਗਾ ਇਸ ਭੱਬਲਭੁੱਸੇ ਵਿਚ ਨਾ ਰਹੋ ਕਿ ਦੂਜੇ ਤੁਹਾਡਾ ਕੰਮ ਕਰਨਗੇ। ਤੁਸੀ ਨਿੱਜੀ ਜਗ੍ਹਾਂ ਦੀ ਮਹੱਤਤਾ ਤੋਂ ਜਾਣੂ ਹੋ ਤੁਹਾਨੂੰ ਅੱਜ ਬਹੁਤ ਖਾਲੀ ਸਮਾਂ ਮਿਲਣ ਦੀ ਸੰਭਵਨਾ ਹੈ ਇਸ ਸਮੇਂ ਵਿਚ ਤੁਸੀ ਕੋਈ ਗੇਮ ਖੇਡ ਸਕਦੇ ਹੋ ਜਾਂ ਜਿੰਮ੍ਹ ਵਿਚ ਜਾ ਸਕਦੇ ਹੋ। ਅੱਜ ਤੁਹਾਨੂੰ ਮਹਿਸੂਸ ਹੋਵੇਗਾ ਕਿ ਤੁਹਾਡਾ ਜੀਵਨਸਾਥੀ ਇਸ ਤੋਂ ਪਹਿਲਾਂ ਖੂਬਸੂਰਤ ਕਦੇ ਨਹੀਂ ਹੋਇਆ।

# ਸ਼ਬਦਾਂ ਦੀ ਤਾਕਤ



ਹਰਪ੍ਰੀਤ ਕੌਰ ਸੰਧੂ
9041073310

ਸ਼ਬਦਾਂ ਵਿੱਚ ਬੜੀ ਤਾਕਤ ਹੁੰਦੀ ਹੈ। ਇਹ ਵਾਕ ਕਾਫੀ ਹੱਦ ਤੱਕ ਸਹੀ ਹੈ। ਪਰ ਸ਼ਬਦਾਂ ਵਿੱਚ ਹੀ ਅਸਲ ਤਾਕਤ ਹੁੰਦੀ ਹੈ। ਕਿਸੇ ਦੀ ਸ਼ਖਸੀਅਤ ਦੀ ਬਿਆਨੀ ਉਸ ਦੇ ਸ਼ਬਦ ਕਰਦੇ ਹਨ। ਕਿਸੇ ਨੂੰ ਜਾਨਣ ਲਈ ਉਸਦੇ ਸ਼ਬਦਾਂ ਨੂੰ ਜਾਣਨਾ ਪੈਂਦਾ ਹੈ। ਕਿਸੇ ਨੂੰ ਸਮਝਣ ਦਾ ਰਾਹ ਉਸ ਦੇ ਸ਼ਬਦ ਹਨ। ਸ਼ਬਦ ਹੀ ਸੰਬੰਧ ਬਣਾਉਂਦੇ ਹਨ। ਸ਼ਬਦ ਹੀ ਸੰਬੰਧ ਤੋੜ ਦਿੰਦੇ ਹਨ।

ਕਹਿੰਦੇ ਨੇ ਕਿਸੇ ਵਿਅਕਤੀ ਦੀ ਪਛਾਣ ਉਸ ਦੀ ਬੋਲ ਬਾਣੀ ਤੋਂ ਹੁੰਦੀ ਹੈ। ਬੋਲ ਬਾਣੀ ਸ਼ਬਦ ਹੀ ਤਾਂ ਹਨ। ਅਸੀਂ ਪੰਜਾਬੀ ਇਸ ਗੱਲ ਨੂੰ ਬਖੂਬੀ ਸਮਝ ਸਕਦੇ ਹਾਂ ਕਿਉਂਕਿ ਸਾਡੇ ਗੁਰੂਆਂ ਨੇ ਸਾਨੂੰ ਸ਼ਬਦ ਨਾਲ ਜੋੜਿਆ ਹੈ। ਉਹਨਾਂ ਕਿਹਾ ਕਿ ਸ਼ਬਦ ਹੀ ਗੁਰੂ ਹੈ। ਜ਼ਿੰਦਗੀ ਦਾ ਤੱਤ ਸਾਰ ਜੇ ਕਿਤੋਂ ਪਾਉਣਾ ਹੈ ਤਾਂ ਉਹ ਸ਼ਬਦ ਵਿੱਚੋਂ ਹੀ ਮਿਲੇਗਾ। ਇਸੇ ਲਈ ਇਹ ਬਹੁਤ ਜਰੂਰੀ ਹੈ ਕਿ ਸ਼ਬਦਾਂ ਦੀ ਵਰਤੋਂ ਬਹੁਤ ਸੋਚ ਸਮਝ ਕੇ ਕੀਤੀ ਜਾਵੇ।

ਮੁਸ਼ਕਿਲ ਉੱਥੇ ਆਉਂਦੀ ਹੈ ਜਦੋਂ ਅਸੀਂ ਸ਼ਬਦਾਂ ਵੱਲ ਹੀ ਧਿਆਨ ਨਹੀਂ ਦਿੰਦੇ। ਜੋ ਮੂੰਹ ਵਿੱਚ ਆਉਂਦਾ ਹੈ ਉਹ ਕਹਿ ਦਿੰਦੇ ਹਾਂ ਬਿਨਾਂ ਇਸ ਗੱਲ ਨੂੰ ਸੋਚੇ ਕਿ ਇਸ ਦਾ ਅਸਰ ਸਾਹਮਣੇ ਵਾਲੇ ਤੇ ਕੀ ਪੈਂਦਾ ਹੈ।

ਸਾਡੇ ਸ਼ਬਦ ਕਿਸੇ ਦਾ ਹੌਸਲਾ ਤੋੜ ਸਕਦੇ ਹਨ। ਸਾਡੇ ਸ਼ਬਦ ਕਿਸੇ ਡਿੱਗੇ ਹੋਏ ਵਿੱਚ ਵੀ ਜਾਨ ਫੂਕ ਦਿੰਦੇ ਹਨ। ਸ਼ਬਦਾਂ ਦਾ ਹੀ ਕਮਾਲ ਹੈ ਕਿ ਮਾਂ ਬੱਚੇ ਨੂੰ ਸ਼ੇਰ ਬਣਾ ਦਿੰਦੀ ਹੈ ਹੱਲਾਸ਼ੇਰੀ ਨਾਲ। ਕਿਸੇ ਬਿਮਾਰ ਨੂੰ ਕਹੇ ਗਏ ਸਾਡੇ ਸ਼ਬਦ ਉਸ ਵਿੱਚ ਜਿਉਣ ਦੀ ਇੱਛਾ ਪੈਦਾ ਕਰ ਦਿੰਦੇ ਹਨ।

ਕਿਸੇ ਨੂੰ ਗੁੱਸੇ ਵਿੱਚ ਕਹੇ ਗਏ ਸ਼ਬਦ ਉਸ ਦੀ ਸ਼ਖਸੀਅਤ ਨੂੰ ਖਤਮ ਕਰ ਸਕਦੇ ਹਨ। ਸ਼ਬਦ ਹੀ ਅਸਲੀ ਤਾਕਤ ਹਨ।

ਅਸੀਂ ਅਕਸਰ ਜਦੋਂ ਦਸ਼ਮ ਪਾਤਸ਼ਾਹ ਦੀ ਗੱਲ ਕਰਦੇ ਹਾਂ ਤਾਂ ਇਹ ਕਹਿੰਦੇ ਹਾਂ ਕਿ ਉਹਨਾਂ ਨੇ ਸਾਨੂੰ ਦੱਸਿਆ ਹੈ ਕਿ ਜ਼ੁਲਮ ਕਰਨਾ ਤੇ ਜ਼ੁਲਮ ਸਹਿਣਾ ਪਾਪ ਹੈ। ਉਹਨਾਂ ਸਾਨੂੰ ਜ਼ੁਲਮ ਦਾ ਸਾਹਮਣਾ ਕਰਨ ਦੀ ਤਾਕਤ ਬਖਸ਼ੀ ਹੈ। ਅਸੀਂ ਇਹ ਅਣਗੌਲਿਆਂ ਕਰ ਜਾਂਦੇ ਹਾਂ ਕਿ ਉਹਨਾਂ ਸਾਨੂੰ ਸ਼ਬਦਾਂ ਦੀ ਮਹਿਮਾ ਵੀ ਦੱਸੀ ਹੈ। ਗੁਰੂ ਸਾਹਿਬ ਨੇ ਇੱਕ ਜ਼ਫਰਨਾਮਾ ਲਿਖ ਕੇ ਔਰੰਗਜ਼ੇਬ ਵਰਗੇ ਕੱਟੜ ਧਰਮੀ ਦੀ ਆਤਮਾ ਵਿੱਚੋਂ ਅਹੰਕਾਰ ਖੇਰੂੰ ਖੇਰੂੰ ਕਰ ਦਿੱਤਾ ਸੀ। ਜਫਰਨਾਮਾ ਇਸ ਗੱਲ ਦਾ ਗਵਾਹ ਹੈ ਕਿ ਕਿਵੇਂ ਸ਼ਬਦ ਦੀ ਤਾਕਤ ਕਿਸੇ ਨੂੰ ਹਰਾ ਸਕਦੀ ਹੈ।

ਕਹਿੰਦੇ ਨੇ ਜਦੋਂ ਮਹਾਂਭਾਰਤ ਦਾ ਯੁੱਧ ਹੋ ਰਿਹਾ ਸੀ ਤਾਂ ਕਰਨ ਦਾ ਸਾਰਥੀ ਹਰ ਵਾਰ ਜਦੋਂ ਅਰਜਨ ਵਾਰ ਕਰਦਾ ਤਾਂ ਹੌਲੀ ਜਿਹੀ ਅਰਜੁਨ ਦੀ ਤਾਰੀਫ ਕਰ ਦਿੰਦਾ। ਬਸ ਇਸ ਨਾਲ ਹੌਲੀ ਹੌਲੀ ਕਰਨ ਦਾ ਹੌਸਲਾ ਡਿੱਗਦਾ ਗਿਆ। ਇਹ ਸ਼ਬਦ ਹੀ ਸਨ ਜਿਨਾਂ ਨੇ ਉਸਨੂੰ ਕਮਜ਼ੋਰ ਕਰ ਦਿੱਤਾ। ਸ਼ਬਦ ਜੇ ਹੌਸਲਾ ਵਧਾਉਂਦੇ ਹਨ ਤਾਂ ਹੌਸਲਾ ਢਾਹ ਵੀ ਦਿੰਦੇ ਹਨ।

ਕੁਝ ਲੋਕ ਬਹੁਤ ਪ੍ਰਤਿਭਾਸ਼ਾਲੀ ਹੁੰਦੇ ਪਰ ਉਹਨਾਂ ਨੂੰ ਸ਼ਬਦਾਂ ਦੀ ਵਰਤੋਂ ਸਹੀ ਕਰਨੀ ਨਹੀਂ ਆਉਂਦੀ ਇਸੇ ਲਈ ਉਹ ਆਪਣੀ ਕਾਬਲੀਅਤ ਦਾ ਪੂਰਾ ਲਾਭ ਨਹੀਂ ਲੈ ਸਕਦੇ। ਉਹ ਲੋਕ ਜੋ ਆਪਣੇ ਸ਼ਬਦਾਂ ਨੂੰ ਸਹੀ ਢੰਗ ਨਾਲ ਇਸਤੇਮਾਲ ਕਰਨਾ ਜਾਣਦੇ ਹਨ ਜਿਨਾਂ ਨੂੰ ਗੱਲਬਾਤ ਕਰਨ ਦਾ ਹੁਨਰ ਹੁੰਦਾ ਹੈ ਜ਼ਿੰਦਗੀ ਵਿੱਚ ਕਾਮਯਾਬ ਹੋ ਜਾਂਦੇ ਹਨ। ਸ਼ਬਦਾਂ ਦਾ ਸਹੀ ਤੇ ਉਚਿਤ ਸਮੇਂ ਤੇ ਇਸਤੇਮਾਲ ਬੰਦੇ ਦੀ ਗੱਲ ਬਾਤ ਨੂੰ ਅਸਰਦਾਰ ਬਣਾਉਂਦਾ ਹੈ।

ਸ਼ਬਦਾਂ ਦੀ ਸਲੀਕੇ ਨਾਲ ਵਰਤੋਂ ਲਈ ਮਨੁੱਖ ਕੋਲ ਸ਼ਬਦ ਵੀ ਹੋਣੇ ਚਾਹੀਦੇ ਹਨ। ਆਪਣਾ ਸ਼ਬਦ ਭੰਡਾਰ ਵਧਾਉਣ ਲਈ ਸਾਨੂੰ ਸਾਹਿਤ ਦੇ ਨਾਲ ਨਾਲ ਅਖ਼ਬਾਰ ਵੀ ਪੜਨੇ ਚਾਹੀਦੇ ਹਨ। ਵੱਖ ਵੱਖ ਭਾਸ਼ਾਵਾਂ ਦੀ ਜਾਣਕਾਰੀ ਵੀ ਸ਼ਬਦ ਭੰਡਾਰ ਨੂੰ ਵਧਾਉਂਦੀ ਹੈ। ਮਨੁੱਖ ਨੂੰ ਆਪਣੀ ਬੋਲ ਚਾਲ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ।



# ਨਵੇਂ ਆ ਰਹੇ ਇਮੀਗਰੈਂਟਸ ਤੇ ਵਿੱਦਿਆਰਥੀਆਂ ਨੂੰ ਕਨੇਡਾ ਦੇ ਤੌਰ ਤਰੀਕੇ ਸਿੱਖਣ ਦੀ ਲੋੜ?



ਅੱਜ ਇਕ ਐਕਸੀਡੈਂਟ ਦੇਖ ਕੇ ਮਨ ਬਹੁਤ ਖ਼ਰਾਬ ਹੋਇਆ। ਗੱਲ ਇਸ ਤਰ੍ਹਾਂ ਹੋਈ ਕਿ ਸਟਾਪ ਤੇ ਖੜ੍ਹੀ ਮੇਰੀ ਬੱਸ ਵਿਚ ਚੜ੍ਹਨ ਲਈ, ਸੜਕ ਦੇ ਦੂਜੇ ਪਾਸਿਓਂ ਇਕ ਪੰਜਾਬੀ ਸਟੂਡੈਂਟ ਕੁੜੀ ਦੌੜੀ। ਕਮਲ਼ੀ ਨੇ ਇਹ ਵੀ ਨਹੀਂ ਸੋਚਿਆ ਕਿ ਬੱਸ ਤੱਕ ਪਹੁੰਚਣ ਲਈ ਟਰੈਫ਼ਿਕ ਦੀਆਂ ਤਿੰਨ ਲੇਨਾਂ ਪਾਰ ਕਰਨੀਆਂ ਪੈਣੀਆਂ। ਦੋ ਲੇਨਾਂ ਤਾਂ ਪਾਰ ਕਰ ਗਈ ਪਰ ਤੀਜੀ ਵਿੱਚ ਪਹੁੰਚਦਿਆਂ ਹੀ ਤੇਜ਼ ਆਉਂਦੀ ਕਾਰ ਨਾਲ ਟਕਰਾ ਗਈ। ਕਾਰ ਵਾਲ਼ੇ ਨੇ ਬਥੇਰਾ ਜ਼ੋਰ ਨਾਲ ਬਰੇਕਾਂ ਮਾਰੀਆਂ ਪਰ ਫੇਰ ਵੀ ਹਾਦਸਾ ਵਾਪਰ ਹੀ ਗਿਆ।

ਰੱਬ ਦਾ ਸ਼ੁਕਰ ਸੀ ਕਿ ਉਸ ਦੀ ਜਾਨ ਬਚ ਗਈ। ਇਸ ਤੋਂ ਪਹਿਲਾਂ ਕਿ ਕਾਰ ਵਾਲਾ ਜਾਂ ਮੈਂ ਜਾ ਕੇ ਉਸ ਨੂੰ ਚੁੱਕਦੇ, ਉਹ ਉੱਠ ਕੇ ਲੰਙ ਮਾਰਦੀ-ਮਾਰਦੀ ਸਟਾਪ ਉੱਪਰਲੇ ਬੈਂਚ ਤੇ ਜਾ ਬੈਠੀ। ਜਦ ਮੈਂ ਉੱਤਰ ਕੇ ਗਿਆ ਤਾਂ ਡੌਰ ਭੌਰੀ ਜਿਹੀ ਆਲ਼ੇ ਦੁਆਲ਼ੇ ਝਾਕੀ ਜਾਵੇ। ਮੈਨੂੰ ਪਹਿਲਾਂ ਤਾਂ ਬਹੁਤ ਗ਼ੁੱਸਾ ਆਇਆ ਸੀ ਕਿ ਇਸ ਨੇ ਗ਼ਲਤ ਥਾਂ ਤੋਂ ਸੜਕ ਪਾਰ ਹੀ ਕਿਉਂ ਕੀਤੀ। ਪਰ ਉਸ ਦੀ ਸ਼ਕਲ ਵੱਲ ਦੇਖ ਕੇ ਤਰਸ ਆ ਗਿਆ। ਬਹੁਤ ਹੀ ਕਮਜ਼ੋਰ ਜਿਹੀ ਸਤਾਰਾਂ-ਅਠਾਰਾਂ ਸਾਲਾਂ ਦੀ ਕੁੜੀ ਸੀ। ਮੈਂ ਜਾ ਕੇ ਪੁੱਛਿਆ ਬੇਟਾ ਜੀ ਤੁਸੀਂ ਠੀਕ ਓ ਤਾਂ ਉਸ ਨੇ ਸਿਰ ਹਿਲਾ ਕੇ ਹਾਮੀ ਭਰ ਦਿੱਤੀ। ਭਾਵੇਂ ਉਹ ਖ਼ੁਦ ਨੂੰ ਠੀਕ ਦੱਸ ਰਹੀ ਸੀ ਪਰ ਮੈਂ ਜਾਣਦਾ ਸੀ ਕਿ ਸੱਟ ਤਾਂ ਵਿਚਾਰੀ ਦੇ ਜ਼ਰੂਰ ਲੱਗੀ ਹੈ। ਓਧਰ ਕਾਰ ਵਾਲੇ ਦੇ ਭਾਅ ਦੀ ਬਣੀ ਹੋਈ ਸੀ। ਉਹ ਵੀ ਘਬਰਾਇਆ ਜਿਹਾ ਐਂਬੂਲੈਂਸ ਨੂੰ ਫ਼ੋਨ ਕਰਦਾ-ਕਰਦਾ, ਕੁੜੀ ਤੋਂ ਵੀ ਉਸ ਦਾ ਹਾਲ ਪੁੱਛਣ ਲੱਗਾ ਹੋਇਆ ਸੀ। ਇਹ ਐਕਸੀਡੈਂਟ ਮੇਰੀ ਬੱਸ ਦੇ ਕੈਮਰੇ ਵਿਚ ਕੈਦ ਹੋ ਗਿਆ ਸੀ ਇਸ ਲਈ ਮੈਂ ਆਪਣੀ ਜਾਣਕਾਰੀ ਦੇ ਕੇ ਉੱਥੇ ਛੇਤੀ ਹੀ ਰਵਾਨਾ ਹੋ ਗਿਆ।

ਅਜਿਹੇ ਹਾਦਸੇ ਸਰੀ ਦੀਆਂ ਸੜਕਾਂ ਤੇ ਹੁਣ ਆਮ ਹੀ ਵਾਪਰਦੇ ਰਹਿੰਦੇ ਹਨ। ਗੋਰੇ ਡਰਾਈਵਰ ਤਾਂ ਕਹਿ ਦਿੰਦੇ ਹਨ ਕਿ ਸਰੀ ਸ਼ਹਿਰ ਅੱਜਕੱਲ੍ਹ ਜੰਗਲ ਬਣਿਆ ਹੋਇਆ ਹੈ। ਜਿਵੇਂ ਜੰਗਲ ਵਿਚ ਦੀ ਜਾਂਦਿਆਂ ਕੁਝ ਪਤਾ ਨਹੀਂ ਲਗਦਾ ਕਿਹੜੇ ਵੇਲੇ ਕੋਈ ਜਾਨਵਰ ਤੁਹਾਡੇ ਅੱਗੇ ਛਾਲ਼ ਮਾਰ ਦਿੰਦਾ ਹੈ ਏਦਾਂ ਹੀ ਸਰੀ ਵਿਚ ਵੀ ਲੋਕ ਸੜਕ ਪਾਰ ਕਰਨ ਲੱਗਿਆਂ ਟਰੈਫ਼ਿਕ ਦੇ ਅਸੂਲਾਂ ਦਾ ਕੋਈ ਧਿਆਨ ਨਹੀਂ ਰੱਖਦੇ। ਮੈਂ ਜਦ ਸੋਚਣ ਲੱਗਾ ਤਾਂ ਮੇਰੇ ਸਾਹਮਣੇ ਕਈ ਕਾਰਨ ਆਏ। ਪਹਿਲਾ ਤਾਂ ਇਹ ਕਿ ਸਰੀ ਵਿਚ ਨਵੇਂ ਇੰਮੀਗਰਾਂਟਾਂ ਦਾ ਜਿਵੇਂ ਹੜ੍ਹ ਜਿਹਾ ਆ ਗਿਆ ਹੈ। ਇੰਝ ਲਗਦਾ ਹੈ ਜਿਵੇਂ ਕੀੜੀਆਂ ਦੇ ਇਕ ਵੱਡੇ ਭੌਣ ਉੱਤੇ ਕੋਈ ਕੀੜੀਆਂ ਦੀ ਇਕ ਹੋਰ ਬਾਲਟੀ ਡੋਲ੍ਹ ਗਿਆ ਹੋਵੇ। ਇੱਥੇ ਤਾਂ ਪਹਿਲੀਆਂ ਕੀੜੀਆਂ ਹੀ ਬੌਂਦਲ਼ੀਆਂ ਫਿਰਦੀਆਂ ਸਨ ਉੱਪਰੋਂ ਨਵੀਂਆਂ ਦੇ ਆਉਣ ਕਰ ਕੇ ਬਹੁਤਾ ਹੀ ਘਮਸਾਣ ਪੈ ਗਿਐ। ਪਹਿਲਾਂ ਲੋਕ ਥੋੜ੍ਹੇ-ਥੋੜ੍ਹੇ ਕਰ ਕੇ ਆਉਂਦੇ ਸਨ ਅਤੇ ਹੌਲ਼ੀ-ਹੌਲ਼ੀ ਦੂਜਿਆਂ ਵੱਲ ਦੇਖ ਕੇ ਇੱਥੇ ਵਿਚਰਨ ਦੇ ਢੰਗ ਤਰੀਕ ਸਿੱਖ ਜਾਂਦੇ ਸਨ।

ਸਿੱਖਦੇ ਤਾਂ ਹੁਣ ਵੀ ਦੂਜਿਆਂ ਵੱਲ ਦੇਖ ਕੇ ਹੀ ਹਨ ਪਰ ਹੁਣ ਜਿਸ ਵੱਲ ਦੇਖ ਕੇ ਸਿੱਖਦੇ ਹਨ ਉਹਨੂੰ ਆਪ ਨੂੰ ਖ਼ਾਸ ਪਤਾ ਨਹੀਂ ਹੁੰਦਾ। ਗੱਲ ਕਾਹਦੀ ਸੜਕਾਂ ਤੇ ਲੋਕ ਅੱਜਕੱਲ੍ਹ ਇੰਡੀਆ ਵਾਲੇ ਅਸੂਲਾਂ ਦੇ ਹਿਸਾਬ ਨਾਲ ਹੀ ਵਿਚਰਦੇ ਹਨ। ਬਗ਼ੈਰ ਸਿਗਨਲ ਦਿੱਤਿਆਂ ਠਾਹ ਦੇਣੀ ਗੱਡੀ ਮੂਹਰੇ ਪਾ ਦੇਣੀ, ਬੱਸ ਨੂੰ ਰਾਹ ਨਾ ਦੇਣਾ, ਲਾਲ ਬੱਤੀ ਥਾਣੀ ਕੱਢ ਕੇ ਲੈ ਜਾਣੀ, ਸਟਾਪ ਸਾਈਨਾਂ ਤੇ ਨਾ ਰੁਕਣਾ ਵਗ਼ੈਰਾ ਹੁਣ ਆਮ ਜਿਹੀਆਂ ਗੱਲਾਂ ਬਣਦੀਆਂ ਜਾ ਰਹੀਆਂ ਹਨ। ਇਸ ਦਾ ਇਕ ਹੋਰ ਕਾਰਨ ਇਹ ਵੀ ਹੈ ਕਿ ਬਹੁਤੇ ਸਟੂਡੈਂਟ ਛੋਟੀ ਉਮਰ ਦੇ ਹਨ। ਉਨ੍ਹਾਂ ਦੇ ਸੁਭਾਅ ਵਿਚ ਜੋਸ਼ ਤੇ ਕਾਹਲ਼ ਹੈ। ਉੱਪਰੋਂ ਘਰ ਵਿਚ ਸਮਝਾਉਣ ਵਾਲਾ ਕੋਈ ਨਹੀਂ। ਹਾਲਾਂ ਕਿ ਸਰੀ ਵਿਚ ਬਿਜ਼ੀ ਰੂਟਾਂ ਉੱਤੇ ਪੰਜ-ਛੇ ਮਿੰਟ ਬਾਅਦ ਬੱਸ ਆਉਂਦੀ ਰਹਿੰਦੀ ਹੈ, ਫਿਰ ਵੀ ਦੂਰ ਖੜ੍ਹੀ ਬੱਸ ਵੱਲ ਦੇਖ ਕੇ ਇਹ ਲੋਕ ਇੰਝ ਸ਼ੂਟ ਵੱਟਦੇ ਹਨ ਜਿਵੇਂ ਇਸ ਤੋਂ ਬਾਦ ਕੋਈ ਬੱਸ ਹੀ ਨਾ ਆਉਣੀ ਹੋਵੇ।

ਇਕ ਹੋਰ ਬਹੁਤ ਵੱਡਾ ਕਾਰਨ ਮਹਿੰਗਾਈ ਕਾਰਨ ਸਟਰੈੱਸ ਦਾ ਵਧ ਜਾਣਾ ਵੀ ਹੈ। ਰਹਿਣ-ਸਹਿਣ, ਖਾਣ-ਪੀਣ, ਫ਼ੀਸਾਂ ਦੇ ਖ਼ਰਚੇ ਏਨੇ ਵਧ ਗਏ ਹਨ ਕਿ ਇਨ੍ਹਾਂ ਫੁੱਲ ਭਰ ਨਿਆਣਿਆਂ ਦੀ ਭੂਤਨੀ ਭੁੱਲੀ ਰਹਿੰਦੀ ਹੈ।

ਜੋ ਵੀ ਹੋਵੇ, ਜ਼ਿੰਦਗੀ ਬਹੁਤ ਕੀਮਤੀ ਹੈ। ਤੁਸੀਂ ਏਥੇ ਆਪਣੀ ਤੇ ਮਾਪਿਆਂ ਦੀ ਜ਼ਿੰਦਗੀ ਬਿਹਤਰ ਬਣਾਉਣ ਲਈ ਆਏ ਹੋ, ਜ਼ਿੰਦਗੀ ਖ਼ਤਮ ਕਰਨ ਨਹੀਂ। ਤੁਹਾਡੇ ਮਾਪਿਆਂ ਨੂੰ ਤੁਹਾਡੇ 'ਤੇ ਬਹੁਤ ਆਸਾਂ ਨੇ। ਇਸ ਲਈ ਭਾਈ, ਜ਼ਰਾ ਬਚ ਕੇ ਮੋੜ ਤੋਂ..

Rajwant Raj

## ਬੁੱਧ ਬਾਣ

# ਰਹੀ ਵਾਸਤੇ ਘੱਤ ਸਮੇਂ ਨੇ ਇੱਕ ਨਾ ਮੰਨੀ!

ਅਖਾਣ ਹੈ ਕਿ ਸਮਾਂ ਕਿਸੇ ਦਾ ਮਿੱਤ ਨਹੀਂ, ਪਰ ਜੇ ਗੰਭੀਰਤਾ ਨਾਲ਼ ਘੋਖਿਆ ਜਾਏ ਤਾਂ ਇਸ ਪਦਾਰਥਵਾਦੀ ਦੌਰ ਵਿੱਚ ਜੇ ਕੋਈ ਸੱਚਾ ਦੋਸਤ, ਮਿੱਤਰ ਤੇ ਯਾਰ ਹੈ ਤਾਂ ਉਹ ਸਮਾਂ ਹੀ ਹੈ। ਅਜੋਕੇ ਪਦਾਰਥਵਾਦੀ ਯੁੱਗ ਵਿੱਚ ਸੱਚਾ ਦੋਸਤ ਢੂੰਢਣਾ ਬਹੁਤ ਮੁਸ਼ਕਲ ਹੈ। ਸਭ ਦਾ ਮੋਹ ਪਿਆਰ ਪਦਾਰਥ ਦੇ ਨਾਲ਼ ਹੈ।

ਰਿਸ਼ਤੇਦਾਰ, ਨਾਤੀ, ਮਿੱਤਰ ਪਿਆਰੇ ਉਦੋਂ ਤੱਕ ਤੁਹਾਡੇ ਨਾਲ਼ ਹਨ ਜਦੋਂ ਤੱਕ ਗਰਜ਼ ਪੂਰੀ ਹੁੰਦੀ ਰਹਿੰਦੀ ਹੈ ਜਾਂ ਕਾਨੂੰਨੀ ਖ਼ਾਨਾਪੂਰਤੀ ਲਈ ਉਨ੍ਹਾਂ ਨੂੰ ਤੁਹਾਡੀ ਲੋੜ ਹੈ। ਜਦੋਂ ਲੋੜ ਪੂਰੀ ਹੋ ਗਈ ਜਾਂ ਕਿਸੇ ਮਜਬੂਰੀ ਵੱਸ ਨਾਂਹ ਹੋ ਗਈ ਤਾਂ ਫਿਰ ਤੂੰ ਕੌਣ ਤੇ ਮੈਂ ਕੌਣ, ਕੋਈ ਰਿਸ਼ਤਾ ਨਹੀਂ, ਕੋਈ ਸਾਂਝ ਭਿਆਲ਼ੀ ਨਹੀਂ। ਮਨੁੱਖ ਨੂੰ ਇਸ ਪਾਸਿਓਂ ਗੁਰਬਾਣੀ ਸੁਚੇਤ ਕਰਦੀ ਆ ਰਹੀ ਹੈ।

ਸਮਾਜ ਵਿੱਚ ਵਾਪਰਦੀਆਂ ਘਟਨਾਵਾਂ ਤੇ ਦੁਰਘਟਨਾਵਾਂ ਸਾਨੂੰ ਸੁਚੇਤ ਕਰਦੀਆਂ ਹਨ ਪਰ ਅਸੀਂ ਓਹਨਾਂ ਨੂੰ ਰੱਬ/ਕੁਦਰਤ ਨਾਲ ਜੋੜ ਕੇ ਖੁਦ ਜੁੰਮੇਵਾਰੀ ਲੈਣ ਤੋਂ ਕਿਨਾਰਾ ਕਰ ਲੈਂਦੇ ਹਾਂ। ਕੁਦਰਤ ਦਾ ਇਹ ਚੱਕਰਵਿਊ ਮਨੁੱਖ ਨੂੰ ਜੋੜਦਾ ਵੀ ਹੈ ਤੇ ਤੋੜਦਾ ਵੀ ਹੈ।

ਅਸੀਂ ਜੁੜਨ ਦੀ ਬਜਾਏ ਟੁੱਟਣ ਦਾ ਕੁੱਝ ਅਜਿਹਾ ਮਾਹੌਲ ਸਿਰਜਦੇ ਹਾਂ ਕਿ ਜਦੋਂ ਤੜੱਕ ਕਰਕੇ ਕੋਈ ਟੁੱਟਦਾ ਹੈ ਜਾਂ ਕੋਈ ਕੁਦਰਤੀ ਭਾਣਾ ਵਰਤਦਾ ਹੈ ਤਾਂ ਅਸੀਂ ਸੰਵਾਦ ਕਰਨ ਦੀ ਬਜਾਏ ਚੁੱਪ ਕਰ ਜਾਂਦੇ ਹਾਂ ਜਾਂ ਬਹਿਸ ਕਰਨ ਲਗਦੇ ਹਾਂ । ਬਹਿਸ ਤੇ ਸੰਵਾਦ ਵਿਚਲੇ ਅੰਤਰ ਨੂੰ ਸਮਝੇ ਬਗੈਰ ਅਸੀਂ ਪਾਣੀ ਵਿੱਚ ਮਧਾਣੀ ਪਾ ਕੇ ਰਿੜਕਦੇ ਰਹਿੰਦੇ ਹਾਂ।

ਅਸੀਂ ਅਕਸਰ ਬੇਲੋੜੇ ਮੁੱਦਿਆਂ ਨੂੰ ਫੋਕਸ ਕਰਦੇ ਹਾਂ। ਕਿਸੇ ਮਸਲੇ ਦੀਆਂ ਜੜ੍ਹਾਂ ਤੇ ਉਸਦੀਆਂ ਗੁੰਝਲ਼ਾਂ ਨੂੰ ਸਮਝੇ ਬਗੈਰ ਸ਼ਬਦ ਜਾਲ਼ ਬੁਣਦੇ ਹਾਂ। ਇਸ ਸ਼ਬਦ ਜਾਲ਼ ਵਿੱਚ ਫਸ ਕੇ ਅਸੀਂ ਪਾਣੀ ਬਿਨਾਂ ਤੜਫਦੀ ਮੱਛੀ ਵਾਂਗੂੰ ਸਹਿਕਦੇ ਹਾਂ, ਛਟਪਟਾਉਂਦੇ ਹਾਂ ਤੇ ਕਿਸੇ ਹੋਰ ਦੇ ਸਿਰ ਦੋਸ਼ ਮੜ੍ਹਕੇ ਖੁੱਦ ਨੂੰ ਬਰੀ ਕਰ ਲੈਂਦੇ ਹਾਂ। ਇਹ 'ਵਖਤੁ' ਕਿਸੇ ਦੇ ਪਿਓ ਦੀ ਜਾਗੀਰ ਨਹੀਂ, ਕੀ ਪਤਾ ਪਰਛਾਵਾਂ ਕਦੋਂ ਢਲ਼ ਜਾਵੇ।

ਵਖਤੁ ਵੀਚਾਰੇ ਸੁ ਬੰਦਾ ਹੋਇ।

ਹੁਣ ਗੱਲ ਕਰਦੇ ਵਰਤਮਾਨ ਦੇ ਵਿੱਚ ਵਾਪਰਦੇ ਵਰਤਾਰਿਆਂ ਦੀ ! ਅੱਤ ਖੁਦਾ ਦਾ ਵੈਰ ਹੁੰਦਾ ਹੈ। ਅੱਤ ਦਾ ਅੰਤ ਨੇੜੇ ਹੁੰਦਾ ਹੈ। ਆਤਸ਼ਬਾਜ਼ੀ ਇਕ ਵਾਰ ਪੂਰੀ ਤਾਕਤ ਦੇ ਨਾਲ਼ ਅਸਮਾਨ ਵੱਲ ਚੜ੍ਹਦੀ ਹੈ ਤੇ ਕੁਝ ਹੀ ਪਲਾਂ ਬਾਅਦ ਸਿਰ ਪਰਨੇ ਧਰਤੀ ਤੇ ਆ ਡਿੱਗਦੀ ਹੈ।

ਇਕ ਵਾਰ ਚੱਲਿਆ ਤੀਰ ਭਾਂਵੇਂ ਵਾਪਸ ਕਮਾਨ ਵੱਲ ਨਹੀਂ ਮੁੜਦਾ ਪਰ ਨਵਾਂ ਤੀਰ ਚਲਾਉਣ ਤੋਂ ਪਹਿਲਾਂ ਕੁਝ ਸੋਚ ਵਿਚਾਰ ਤੇ ਦੂਜੇ ਨਾਲ਼ ਨਾ ਸਹੀ ਖੁਦ ਨਾਲ ਸੰਵਾਦ ਕਰ ਲੈਣਾ ਚਾਹੀਦਾ ਹੈ। ਸਮਾਜ ਵਿੱਚ ਰਹਿੰਦਿਆਂ ਮਨੁੱਖ ਨੂੰ ਚਾਹੀਦਾ ਬਹੁਤ ਕੁੱਝ ਹੈ ਪਰ ਮਿਲ਼ਦਾ ਓਹੀ ਕੁਝ ਹੈ ਜੋ ਉਸਨੇ ਬੀਜਿਆ ਹੁੰਦਾ ਹੈ।

ਸਮਾਜ ਵਿੱਚ ਡਿਗਰੀਆਂ ਦਾ ਨਹੀਂ ਕਲਾ ਦਾ ਮੁੱਲ ਪੈਂਦਾ ਹੈ ਪਰ ਸ਼ਰਤ ਹੈ ਕਿ ਕਲਾ ਦਾ ਕੋਈ ਪਾਰਖੂ ਹੋਵੇ। ਜੌਹਰੀ ਹੀ ਹੀਰਾ ਪਰਖਦਾ ਹੈ ਤੇ ਗਿਆਨਹੀਣ ਹੀਰੇ ਨੂੰ ਗਧੇ ਦੇ ਗਲ਼ ਵਿੱਚ ਪਾ ਕੇ ਬਜ਼ਾਰ ਵਿੱਚ ਬੇਗਾਨਾ ਭਾਰ ਢੋਂਦਾ ਹੈ । ਸਮਾਜ ਵਿੱਚ ਹੁਣ ਕਲਾ ਦੀ ਨਹੀਂ ਸਗੋਂ ਡਿਗਰੀਆਂ ਤੇ ਮਾਇਆ ਦਾ ਬੋਲਬਾਲਾ ਹੈ। ਮਨੁੱਖ ਅਤੇ ਸੋਚ ਵਿਕਾਊ ਹੈ।

ਘਰ ਤੇ ਸਮਾਜ ਹੁਣ ਬਾਜ਼ਾਰ ਤੇ ਮੰਡੀ ਵਿੱਚ ਬਦਲ ਗਿਆ ਹੈ। ਹੁਣ ਮਨੁੱਖ ਵਸਤੂਆਂ ਨਹੀਂ, ਵਸਤੂਆਂ ਮਨੁੱਖ ਨੂੰ ਖਰੀਦਦੀਆਂ ਹਨ । ਸਮਾਜ ਵਿੱਚ ਹਰ ਕੁਝ ਵਿਕਾਊ ਹੈ। ਇਸੇ ਕਰਕੇ ਸ਼ਾਤਰ ਮਨੁੱਖ ਲਹਿਰਾਂ ਦਾ ਵੀ ਮੁੱਲ ਵੱਟ ਜਾਂਦੇ ਹਨ । ਇਹ ਕੌੜਾ ਸੱਚ ਹੈ ਕਿ ਵੱਟਿਆ ਤੇ ਖੱਟਿਆ ਨਾਲ਼ ਨਹੀਂ ਜਾਂਦਾ। ਇਸੇ ਕਰਕੇ ਹੁਣ ਮਨੁੱਖ ਨਹੀਂ ਜਿਉਂਦਾ, ਵਸਤੂਆਂ ਜਿਉਂਦੀਆਂ ਹਨ।

ਮਨੁੱਖ ਤਾਂ ਉਸੇ ਦਿਨ ਮਰ ਜਾਂਦਾ ਹੈ, ਜਿਸ ਦਿਨ ਉਸਦੇ ਮਨ ਵਿੱਚੋਂ ਮਨੁੱਖਤਾ ਮਰ ਜਾਂਦੀ ਹੈ । ਤਾਂਹੀਂ ਇਸ ਸਮੇਂ ਮਰ ਚੁੱਕੇ ਮਨੁੱਖਾਂ ਦੀ ਅਬਾਦੀ ਵਧ ਰਹੀ ਹੈ। ਜਿਉਂਦੇ ਤੇ ਜਾਗਦੇ ਮਨੁੱਖ ਘਟ ਰਹੇ ਹਨ। ਸਰਮਾਇਆ ਤੇ ਜਾਇਦਾਦ ਵਧਾਉਣ ਦੀ ਲਾਲਸਾ ਵਿੱਚ ਮਨੁੱਖ ਸਭ ਕੁਝ ਭੁੱਲ ਗਿਆ ਹੈ। ਉਸਦੇ ਅੰਦਰੋਂ ਸਬਰ, ਸੰਤੋਖ, ਰਹਿਮ, ਦਇਆ ਸਭ ਮਨਫ਼ੀ ਹੋ ਗਏ ਹਨ।

ਗਿਆਨ ਦੇ ਬੇਹਿਸਾਬੇ ਪਸਾਰੇ ਨੇ ਮਨੁੱਖ ਨੂੰ ਮਨੁੱਖ ਨਾਲੋਂ ਹੀ ਨਹੀਂ ਸਗੋਂ ਆਪਣੇ ਆਪ ਨਾਲੋਂ ਵੀ ਤੋੜ ਦਿੱਤਾ ਹੈ । ਮਨੁੱਖ ਆਪਣੀ ਲਾਸ਼ ਖੁਦ ਮੋਢਿਆਂ ਉਤੇ ਚੁੱਕੀ ਦੌੜ ਰਿਹਾ ਹੈ ਤੇ ਉਡ ਵੀ ਰਿਹਾ ਹੈ। ਮਨੁੱਖ ਦੀ ਹਾਲਤ ਤਿਤਲੀ ਦੀ ਭਟਕਣ ਤੇ ਪਾਣੀ ਦੇ ਬੁਲਬਲੇ ਵਰਗੀ ਹੋ ਗਈ ਹੈ।

ਕੋਈ ਵੱਡਾ ਤੇ ਛੋਟਾ ਹੋ ਸਕਦਾ ਹੈ ਪਰ ਅੰਤ ਸਭ ਦਾ ਇਕੋ ਜਿਹਾ ਹੀ ਹੈ। ਵਖਤੁ ਦੀ ਚਾਲ ਤੇ ਵਖਤੁ ਦੀ ਕਦਰ ਕਰਨ ਵਾਲੇ ਸਦਾ ਟਿਕਾਅ ਵਿੱਚ ਰਹਿੰਦੇ ਹਨ । ਵਖਤੁ ਨੂੰ ਹੱਥਾਂ ਵਿੱਚ ਫੜ੍ਹਨ ਦੀ ਕੋਸ਼ਿਸ਼ ਕਰਨ ਵਾਲ਼ੇ ਖੁਦ ਨੂੰ ਹੀ ਨਹੀਂ ਸਗੋਂ ਆਲ਼ਾ ਦੁਆਲ਼ਾ ਵੀ ਸਾੜ ਲੈਂਦੇ ਹਨ।

ਹੁਣ ਉਹ ਹੱਥ, ਜਿਹਨਾਂ ਨੇ ਆਪਣਾ ਵਖਤੁ ਬਿਗਾਨੇ ਹੱਥਾਂ ਵਿੱਚ ਫੜਾਇਆ ਹੈ , ਸਵਾਲ ਕਰਦੇ ਹਨ, ਪਰ ਉਹਨਾਂ ਦੇ ਸਵਾਲਾਂ ਦਾ ਕੋਈ ਜਵਾਬ ਨਹੀਂ ਦੇਂਦਾ। ਨਵ ਰਹੱਸਵਾਦੀ ਕਵੀ ਭਾਈ ਵੀਰ ਸਿੰਘ ਲਿਖਦੇ ਹਨ :-

"ਰਹੀ ਵਾਸਤੇ ਘੱਤ
'ਸਮੇਂ' ਨੇ ਇਕ ਨਾ ਮੰਨੀ,
ਫੜ ਫੜ ਰਹੀ ਧਰੀਕ
'ਸਮੇਂ' ਖਿਸਕਾਈ ਕੰਨੀ !"

ਵਚਨਬੱਧਤਾ ਤੇ ਪ੍ਰਤੀਬੱਧਤਾ ਤੋਂ ਦੂਰ ਹੋ ਰਹੀ ਲੋਕਾਈ ਖੁਦ ਨੂੰ ਤੇ ਮਗਰ ਆ ਰਹੀ ਭੀੜ ਨੂੰ ਖੂਹ ਵਿੱਚ ਡੇਗਣ ਲਈ ਜਾ ਰਹੀ ਹੈ । ਬਹੁਗਿਣਤੀ ਮਨੁੱਖ ਦਿਮਾਗ਼ੋਂ ਪੈਦਲ ਯਾਤਰਾਵਾਂ ਕਰ ਰਹੇ ਹਨ । ਉਹ ਦਿਮਾਗ਼ ਤੋਂ ਨਹੀਂ ਸਗੋਂ ਕੰਨਾਂ ਤੋਂ ਕੰਮ ਲੈਂਦੇ ਹਨ । ਸੁਣੀਆਂ ਤੇ ਸੁਣਾਈਆਂ ਮਨਘੜਤ ਗੱਲਾਂ ਉਤੇ ਅੱਖਾਂ ਮੀਚ ਕੇ ਭਰੋਸਾ ਕਰਦੇ ਹਨ ਪਰ ਉਨ੍ਹਾਂ ਦੀ ਨਰਕ ਬਣੀ ਜ਼ਿੰਦਗੀ ਨਹੀਂ ਬਦਲਦੀ ।

ਸਾਧਾਂ ਦੇ ਡੇਰੇ ਤੇ ਹੋਰ ਧਾਰਮਿਕ ਅਸਥਾਨਾਂ ਦੇ ਪੁਜਾਰੀ ਤੇ ਬਾਬੇ ਬਿਨਾਂ ਕੋਈ ਸਾਰਥਕ ਕੰਮ ਕੀਤਿਆਂ ਪਲ਼ੀ ਜਾਂਦੇ ਹਨ । 'ਬਾਬਿਆਂ ਦੇ ਕਿਹੜੇ ਨੇ ਟਰਾਲੇ ਚੱਲਦੇ' ਵਾਲੀ ਗੱਲ ਸਹੀ ਹੈ । ਦੁਨੀਆਂ ਵਿੱਚ ਅੰਧ ਵਿਸ਼ਵਾਸ਼ੀ ਲੋਕਾਂ ਦੀ ਕਿਰਪਾ ਦੇ ਨਾਲ਼ ਇਹਨਾਂ ਦੀਆਂ ਵੱਡੀਆਂ ਵੱਡੀਆਂ ਆਲੀਸ਼ਾਨ ਇਮਾਰਤਾਂ ਬਣ ਜਾਂਦੀਆਂ ਹਨ ਪਰ ਬਾਬਿਆਂ ਦੇ ਚਰਨ ਸੇਵਕਾਂ ਦੀ ਜੂਨ ਨਹੀਂ ਸੌਰਦੀ। ਜੇ ਕੋਈ ਉਨ੍ਹਾਂ ਨੂੰ ਕੋਈ ਅਕਲ ਦੀ ਗੱਲ ਦੱਸੇ ਤਾਂ ਉਹ ਗਲ਼ ਪੈਣ ਨੂੰ ਆਉਂਦੇ ਹਨ।

ਵਖਤੁ ਦੀ ਕਦਰ ਕਰਨ ਵਾਲ਼ਿਆਂ ਦੀ ਗਿਣਤੀ ਸੁੰਗੜ ਰਹੀ ਹੈ। ਇਸੇ ਕਰਕੇ ਬੰਦੇ ਦੀਆਂ ਭਾਵਨਾਵਾਂ ਬਹੁਤ ਛੇਤੀ ਭੜਕ ਜਾਂਦੀਆਂ ਹਨ। ਜਦੋਂ ਬੰਦੇ ਦੀਆਂ ਭਾਵਨਾਵਾਂ ਛੇਤੀ ਛੇਤੀ ਭੜਕਣ ਲੱਗ ਜਾਣ ਤਾਂ ਧਰਮ ਤੇ ਸਿਆਸਤ ਦੇ ਠੇਕੇਦਾਰਾਂ ਦੀ ਆਮਦਨ ਵਿੱਚ ਚੋਖਾ ਵਾਧਾ ਹੁੰਦਾ ਹੈ।

ਵਖਤੁ ਵੀਚਾਰਨ ਵਾਲ਼ੇ ਸਦਾ ਸਬਰ ਸੰਤੋਖ ਦੀ ਜ਼ਿੰਦਗੀ ਜਿਉਂਦੇ ਹਨ। ਉਹ ਸਦਾ ਖੁਸ਼ ਰਹਿੰਦੇ ਹਨ। ਉਹ ਆਪਣੇ ਘਰ ਵਿੱਚ ਚੁਪ ਰਹਿੰਦੇ ਹਨ। ਖਾ ਪੀ ਕੇ ਸੌਂਦੇ ਹਨ। ਆਜ਼ਾਦ ਦੀਆਂ ਗੱਲਾਂ ਕਰਦੇ ਹਨ।

ਗੁਲਾਮ ਮਨੁੱਖ ਆਜ਼ਾਦੀ ਦਾ ਨਾਅਰਾ ਲਗਾ ਕੇ, ਵਕਤ ਤੇ ਅਸਲ ਮੁੱਦਿਆਂ ਨੂੰ ਠੰਡੇ ਬਸਤੇ ਵਿੱਚ ਪਾਉਣ ਦਾ ਧਰਮ ਦੀ ਆੜ ਵਿੱਚ ਲੋਕਾਈ ਨੂੰ ਨਸ਼ਿਆਂ ਦੀ ਦਲਦਲ ਦੇ ਔਗੁਣ ਦੱਸਦਾ ਹੈ। ਵਕਤ ਕਿਸੇ ਦੇ ਬਾਪ ਦਾ ਨਹੀਂ, ਕੀ ਪਤਾ ਕਦ ਕਰਵਟ ਬਦਲ ਲਵੇ। ਅਰਸ਼ ਤੋਂ ਫਰਸ਼ ਉਤੇ ਲੈ ਆਵੇ। ਸਮੇਂ ਦੇ ਨਾਲ ਨਾਲ ਤੁਰਨਾ ਹੁਣ ਲੋੜ ਹੈ। ਵਕਤ ਨੂੰ ਪਛਾਣਨ ਦੀ ਜ਼ਰੂਰਤ ਹੈ।

ਬੁੱਧ ਸਿੰਘ ਨੀਲੋਂ, 94643-70823

## ਕਵਿਤਾ- ਕਸੂਰ ਸਾਰਾ

ਕਰ ਕਲਪਨਾਵਾਂ,ਕਲਪਦੇ,
ਕਲਪਾਉਂਦੇ ਰਹੇ।
ਕਰ ਕਲਪਨਾਵਾਂ,ਕਦੇ ਹੱਸਦੇ,
ਹੱਸਾਉਂਦੇ ਰਹੇ।
ਕਰ ਕਲਪਨਾਵਾਂ,ਕਦੇ
ਕੋਸ਼ਿਸ਼ ਕਰਦੇ,ਜੀਣ ਦੀ,
ਕਦੇ ਖ਼ੁਦ ਨੂੰ,ਸੁਣ ਸੰਗਰੂਰਵੀ,
ਮੁਕਾਉਂਦੇ ਰਹੇ।
ਮਾਰਦੇ ਰਹੇ ਕਿਸੇ ਨੂੰ, ਫ਼ਿਕਰਾਂ ਚ,
ਕਦੇ ਖ਼ੁਦ ਹੀ,ਮਰ ਜਾਂਦੇ ਰਹੇ।
ਕਦੇ ਕਦੇ,ਕਰ ਕਰ,ਯਾਦ ਕਿਸੇ ਨੂੰ,
ਪੀਂਦੇ ਹੰਝੂ,ਗ਼ਮ ਖਾਂਦੇ ਰਹੇ।
ਰਹਿੰਦੇ ਤੜਫਦੇ,ਕਦੇ ਖ਼ੁਦ,
ਕਦੇ ਕਿਸੇਨੂੰ,ਤੜਫਾਉਂਦੇ ਰਹੇ।
ਕਸੂਰ ਸਾਰਾ ਸੰਗਰੂਰਵੀ ਮੇਰਾ,
ਜੋ ਪਾਗ਼ਲ ਮੈਨੂੰ,ਬਣਾਉਂਦੇ ਰਹੇ।
ਅਖਵਾ ਪਾਗ਼ਲ ਕਿਸੇ ਤੋਂ,
ਹੱਸਦੇ ਰਹੇ,ਹਸਾਉਂਦੇ ਰਹੇ।
ਫਿਰ ਪਰਛਾਵਿਆਂ ਪਿੱਛੇ,
ਭੱਵਿਖ ਆਪਣਾ,ਗਵਾਉਂਦੇ ਰਹੇ।

ਸਰਬਜੀਤ ਸੰਗਰੂਰਵੀ
9463162463






# ਦਿਲਜੀਤ ਦੀ 'ਅਮਰ ਸਿੰਘ ਚਮਕੀਲਾ'

## ਦੀ ਆਈਫਾ ਐਵਾਰਡ 'ਚ ਬੱਲੇ-ਬੱਲੇ

### 5 ਖ਼ਾਸ ਕੈਟਾਗਰੀਜ਼ 'ਚ ਹੋਈ ਸ਼ਾਮਲ

ਆਈਫਾ ਡਿਜੀਟਲ ਐਵਾਰਡ 2025 ਲਈ ਨਾਮਜ਼ਦਗੀਆਂ ਦਾ ਐਲਾਨ ਕਰ ਦਿੱਤਾ ਗਿਆ ਹੈ, ਜਿਸ 'ਚ ਦਿਲਜੀਤ ਦੋਸਾਂਝ ਅਤੇ ਉਨ੍ਹਾਂ ਦੀ ਬਹੁ-ਚਰਚਿਤ ਓਟੀਟੀ ਫ਼ਿਲਮ 'ਅਮਰ ਸਿੰਘ ਚਮਕੀਲਾ' ਨੇ 5 ਵੱਖ-ਵੱਖ ਅਤੇ ਅਹਿਮ ਕੈਟਾਗਰੀਜ਼ 'ਚ ਆਪਣੀ ਮੌਜੂਦਗੀ ਦਰਜ ਕਰਵਾਈ ਹੈ। ਇੰਟਰਨੈਸ਼ਨਲ ਇੰਡੀਅਨ ਫਿਲਮ ਅਕੈਡਮੀ ਐਵਾਰਡ (IIFA) ਦਾ 25ਵਾਂ ਐਡੀਸ਼ਨ ਜੈਪੁਰ 'ਚ ਅਗਲੇ ਮਾਰਚ ਮਹੀਨੇ ਪੂਰਾ ਹੋਣ ਜਾ ਰਿਹਾ ਹੈ। ਇਸ ਸ਼ੋਅ ਨੂੰ ਇਸ ਸਾਲ ਬਾਲੀਵੁੱਡ ਦੇ ਕਿੰਗ ਸ਼ਾਹਰੁਖ਼ ਖ਼ਾਨ ਅਤੇ ਚਰਚਿਤ ਸਟਾਰ ਕਾਰਤਿਕ ਆਰੀਅਨ ਹੋਸਟ ਕਰਨ ਜਾ ਰਹੇ ਹਨ।



ਵਿਸ਼ਵ-ਭਰ ਦੇ ਸਿਨੇਮਾਂ ਗਲਿਆਰਿਆ 'ਚ ਖਿੱਚ ਦਾ ਕੇਂਦਰ ਬਣਨ ਜਾ ਰਹੇ IFFA ਐਵਾਰਡਜ਼ 2025 ਦੀਆਂ ਨਾਮਜ਼ਦਗੀਆਂ 'ਚ ਜਗ੍ਹਾ ਬਣਾਉਣ ਵਾਲੀਆਂ ਓਟੀਟੀ ਫ਼ਿਲਮਾਂ ਅਤੇ ਵੈੱਬ ਸੀਰੀਜ਼ ਫ਼ਿਲਮਾਂ 'ਚ ਅਪਣੀ ਮੌਜੂਦਗੀ ਦਰ ਕਰਵਾਉਣ ਜਾ ਰਹੀ ਫ਼ਿਲਮ 'ਅਮਰ ਸਿੰਘ ਚਮਕੀਲਾ' ਇੱਕ ਮਾਤਰ ਅਜਿਹੀ ਫ਼ਿਲਮ ਹੋਣ ਦਾ ਮਾਣ ਵੀ ਹਾਸਿਲ ਕਰਨ ਜਾ ਰਹੀ ਹੈ, ਜੋ ਪੂਰੀ ਤਰ੍ਹਾਂ ਪੰਜਾਬ ਦੇ ਬੈਕਡ੍ਰਾਪ 'ਤੇ ਅਧਾਰਿਤ ਹੈ।

ਬਾਲੀਵੁੱਡ ਦੀ ਉਚ ਪੱਧਰ ੀ





ਸਿਰਜਨਾਤਮਕ ਸ਼ੈਲੀ ਅਧੀਨ ਬਣਾਈ ਗਈ ਇਸ ਫ਼ਿਲਮ ਨੇ ਸਰਵੋਤਮ ਫ਼ਿਲਮ, ਸਰਵੋਤਮ ਨਿਰਦੇਸ਼ਕ (ਇਮਤਿਆਜ਼ ਅਲੀ), ਸਰਵੋਤਮ ਮੁੱਖ ਅਦਾਕਾਰਾ (ਪਰਿਣੀਤੀ ਚੋਪੜਾ), ਸਰਵੋਤਮ ਕਹਾਣੀ ( ਇਮਤਿਆਜ਼ ਅਲੀ-ਸਾਜਿਦ ਅਲੀ) ਤੋਂ ਇਲਾਵਾ ਸਰਵੋਤਮ ਮੁੱਖ ਅਦਾਕਾਰ (ਦਿਲਜੀਤ ਦੋਸਾਂਝ) ਕੈਟਾਗਰੀਜ਼ 'ਚ ਆਪਣੀ ਮੌਜੂਦਗੀ ਦਰਜ ਕਰਵਾਈ ਹੈ। ਇਨ੍ਹਾਂ ਵੱਲੋ ਵਿਕਰਾਂਤ ਮੇਸੀ, ਪੰਕਜ ਤ੍ਰਿਪਾਠੀ, ਨਵਾਜ਼ੁਦੀਨ ਸਿੱਦੀਕੀ, ਪ੍ਰਤੀਕ ਗਾਂਧੀ ਜਿਹੇ ਦਿੱਗਜ਼ ਨਾਵਾਂ ਵਿਚਕਾਰ ਅਪਣੀ ਮੌਜੂਦਗੀ ਦਰ ਕਰਵਾਈ ਗਈ ਹੈ, ਜੋ ਹਿੰਦੀ ਸਿਨੇਮਾਂ ਖੇਤਰ 'ਚ ਉਨ੍ਹਾਂ ਦੇ ਵਧਦੇ ਜਾ ਰਹੇ ਸਿਨੇਮਾਂ ਕੱਦ ਨੂੰ ਵੀ ਪ੍ਰਤੀਬਿੰਬਤ ਕਰ ਰਹੀ ਹੈ।

ਵਿੰਡੋ ਸੀਟ ਫਿਲਮਜ਼, ਮੀਡੀਆ ਹੋਲਡਿੰਗਜ਼ LLP ਅਤੇ ਸਾਰੇਗਾਮਾ ਵੱਲੋ ਨਿਰਮਿਤ ਕੀਤੀ ਗਈ ਅਤੇ ਇਮਤਿਆਜ਼ ਅਲੀ ਵੱਲੋ ਨਿਰਦੇਸ਼ਿਤ ਕੀਤੀ ਇਸ ਓਟੀਟੀ ਫ਼ਿਲਮ ਨੂੰ ਆਈਫਾ ਐਵਾਰਡ 'ਚ ਮਿਲੀ ਇਹ ਬਹੁ ਪ੍ਰਵਾਣਤਾ ਨੇ ਸਟਾਰ ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਨੂੰ ਮੁੜ ਸੁਰਖੀਆਂ 'ਚ ਲਿਆ ਖੜਾ ਕੀਤਾ ਹੈ, ਜੋ ਇੰਨੀ ਦਿਨੀ ਅਪਣੀ ਵਿਵਾਦਿਤ ਫ਼ਿਲਮ 'ਪੰਜਾਬ 95' ਨੂੰ ਲੈ ਕੇ ਵੀ ਖਾਸੀ ਚਰਚਾ ਦਾ ਵਿਸ਼ਾ ਬਣੇ ਹੋਏ ਹਨ।

# ਗਾਇਕ ਤਰਸੇਮ ਜੱਸੜ ਨੇ ਫੈਨਜ਼ ਨੂੰ ਦਿੱਤਾ ਸਰਪ੍ਰਾਈਜ਼

'ਰੱਬ ਦਾ ਰੇਡੀਓ' ਅਤੇ 'ਮਸਤਾਨੇ' ਵਰਗੀਆਂ ਫ਼ਿਲਮਾਂ ਨਾਲ ਪੰਜਾਬੀ ਸਿਨੇਮਾ ਨੂੰ ਵੱਖਰੀ ਪਛਾਣ ਦੇਣ ਵਾਲੇ ਪੰਜਾਬੀ ਅਦਾਕਾਰ ਤੇ ਗਾਇਕ ਤਰਸੇਮ ਜੱਸੜ ਹੁਣ ਇੱਕ ਵਾਰ ਫਿਰ ਆਪਣੇ ਪ੍ਰਸ਼ੰਸਕਾਂ ਲਈ ਤੋਹਫ਼ਾ ਲੈ ਕੇ ਆ ਰਹੇ ਹਨ। ਤਰਸੇਮ ਜੱਸੜ ਅਪਣੇ ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਟੂਰ ਲਈ ਤਿਆਰ ਹਨ। ਗਾਇਕ ਇੱਕ ਵਾਰ ਫਿਰ ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਦੀ ਧਰਤੀ 'ਤੇ ਧੁੰਮਾਂ ਪਾਉਣਗੇ। ਇਸ ਦਾ ਰਸਮੀ ਐਲਾਨ ਅੱਜ ਕਰ ਦਿੱਤਾ ਗਿਆ ਹੈ।

ਕਲਾਸਿਕ ਰਿਕਾਰਡਸ ਵੱਲੋ ਪ੍ਰਸਤੁੱਤ ਕੀਤੇ ਜਾ ਰਹੇ ਅਤੇ ਵਿਹਲੀ ਜੰਤਾ ਫ਼ਿਲਮਜ਼ ਵੱਲੋ ਸੰਚਾਲਿਤ ਕੀਤੇ ਜਾ ਰਹੇ ਇਸ ਵਿਸ਼ਾਲ ਸ਼ੋਅ ਦਾ ਆਯੋਜਨ ਜੁਲਾਈ ਅਤੇ ਅਗਸਤ ਵਿੱਚ ਹੋਣ ਜਾ ਰਿਹਾ ਹੈ, ਜਿਸ ਦੌਰਾਨ ਕਈ ਗ੍ਰੈਂਡ ਕੰਸਰਟ ਦਾ ਗਾਇਕ ਤਰਸੇਮ ਜੱਸੜ ਹਿੱਸਾ ਬਣਨਗੇ। ਇਸ ਸਬੰਧਿਤ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਲੰਮੇ ਸਮੇਂ ਬਾਅਦ ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਿਖੇ ਗਾਇਨ ਪ੍ਰਫੋਰਮੈਂਸ ਨੂੰ ਅੰਜ਼ਾਮ ਦੇਣ ਜਾ ਰਹੇ ਗਾਇਕ ਦੇ ਇਸ ਟੂਰ ਦੇ ਪ੍ਰਬੰਧਕੀ ਪੈਨਲ ਦੀ ਕਮਾਂਡ ਉੱਘੇ ਇੰਟਰਨੈਸ਼ਨਲ ਪ੍ਰਮੋਟਰ ਜਤਿੰਦਰ ਸਿੰਘ ਸੰਭਾਲ ਰਹੇ ਹਨ, ਜੋ ਇਸ ਤੋਂ ਪਹਿਲਾ ਵੀ ਕਈ ਵੱਡੇ ਸੇਲੀਬ੍ਰਿਟੀ ਸ਼ੋਅਜ਼ ਦਾ ਆਯੋਜਨ ਸਫਲਤਾਪੂਰਵਕ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾ ਚੁੱਕੇ ਹਨ।




# ਚਾਕੂ ਦੀ ਘਟਨਾ ਤੋਂ ਬਾਅਦ ਪਹਿਲੀ ਵਾਰ ਜਨਤਕ ਸਮਾਗਮ 'ਚ ਨਜ਼ਰ ਆਏ ਸੈਫ ਅਲੀ ਖਾਨ

ਮੁੰਬਈ : ਬੌਲੀਵੁੱਡ ਅਦਾਕਾਰ ਸੈਫ ਅਲੀ ਖਾਨ ਚਾਕੂ ਦੀ ਘਟਨਾ ਤੋਂ ਬਾਅਦ ਅੱਜ ਪਹਿਲੀ ਵਾਰ ਜਨਤਕ ਸਮਾਗਮ ਵਿਚ ਨਜ਼ਰ ਆਏ। ਇਸ ਅਦਾਕਾਰ ਨੇ ਮੁੰਬਈ ਵਿੱਚ ਨੈੱਟਫਲਿੱਕਸ ਦੇ ਇਕ ਸਮਾਗਮ ਵਿੱਚ ਪੱਤਰਕਾਰਾਂ ਤੇ ਹੋਰਾਂ ਲਈ ਫੋਟੋਆਂ ਖਿਚਵਾਈਆਂ। ਉਨ੍ਹਾਂ ਆਪਣੀ ਆਉਣ ਵਾਲੀ ਫਿਲਮ 'ਜਿਊਲ ਥੀਫ' ਦਾ ਪ੍ਰਚਾਰ ਕਰਦਿਆਂ ਕਿਹਾ ਕਿ ਉਹ ਇੱਥੇ ਖੜ੍ਹੇ ਹੋ ਕੇ ਬਹੁਤ ਖੁਸ਼ ਹੈ।

ਉਸ ਨੇ ਕਿਹਾ, 'ਇੱਥੇ ਤੁਹਾਡੇ ਸਾਹਮਣੇ ਖੜ੍ਹਾ ਹੋ ਕੇ ਬਹੁਤ ਵਧੀਆ ਲੱਗਿਆ। ਮੈਂ ਇਸ ਫਿਲਮ ਨੂੰ ਲੈ ਕੇ ਬਹੁਤ ਉਤਸ਼ਾਹਿਤ ਹਾਂ। ਮੈਂ ਅਤੇ ਸਿਧਾਰਥ ਇਸ ਬਾਰੇ ਲੰਬੇ ਸਮੇਂ ਤੋਂ ਗੱਲ ਕਰ ਰਹੇ ਸਾਂ। ਮੈਂ ਹਮੇਸ਼ਾਂ ਇੱਕ ਚੋਰੀ ਦੀ ਘਟਨਾ ਨਾਲ ਸਬੰਧਤ ਫਿਲਮ ਕਰਨਾ ਚਾਹੁੰਦਾ ਸੀ ਤੇ ਇਸ ਫਿਲਮ ਵਿਚ ਇੱਕ ਬਿਹਤਰ ਸਹਿ-ਅਦਾਕਾਰ ਨਾਲ ਕੰਮ ਕਰ ਕੇ ਤਸੱਲੀ ਹੋਈ ਹੈ। ਜ਼ਿਕਰਯੋਗ ਹੈ ਕਿ ਸੈਫ਼ 16 ਜਨਵਰੀ ਨੂੰ ਵੱਡੇ ਤੜਕੇ ਬਾਂਦਰਾ ਵਿਚਲੇ ਆਪਣੇ ਅਪਾਰਟਮੈਂਟ ਵਿਚ ਇਕ ਸ਼ਖ਼ਸ ਵੱਲੋਂ ਚਾਕੂ ਨਾਲ ਕੀਤੇ ਹਮਲੇ ਵਿਚ ਜ਼ਖ਼ਮੀ ਹੋ ਗਿਆ ਸੀ। ਚਾਕੂ ਦੇ ਵਾਰ ਇੰਨੇ ਡੂੰਘੇ ਸੀ ਕਿ ਡਾਕਟਰਾਂ ਨੂੰ ਅਦਾਕਾਰ ਦੀ ਐਮਰਜੈਂਸੀ ਸਰਜਰੀ ਕਰਨੀ ਪਈ। ਡਾਕਟਰਾਂ ਨੇ ਸੈਫ਼ ਨੂੰ 17 ਜਨਵਰੀ ਨੂੰ ਆਈਸੀਯੂ 'ਚੋਂ ਸਪੈਸ਼ਲ ਰੂਮ ਵਿਚ ਤਬਦੀਲ ਕਰ ਦਿੱਤਾ ਸੀ।



# ਵਿਆਹ ਮਗਰੋਂ ਮਾਲਾ-ਮਾਲ ਹੋਈ ਸੋਨਾਕਸ਼ੀ ਸਿਨਹਾ!

## 40 ਦੇਸ਼ ਘੁੰਮਣ ਦੀ ਬਣਾਈ ਯੋਜਨਾ

ਨਵੀਂ ਦਿੱਲੀ - ਬਾਲੀਵੁੱਡ ਅਦਾਕਾਰਾ ਸੋਨਾਕਸ਼ੀ ਸਿਨਹਾ ਇੱਕ ਵਾਰ ਫਿਰ ਤੋਂ ਸੋਸ਼ਲ ਮੀਡੀਆ 'ਤੇ ਮਸ਼ਹੂਰ ਹੋ ਗਈ ਹੈ। ਅਦਾਕਾਰਾ ਨੇ ਬਾਂਦਰਾ ਵੈਸਟ ਵਿੱਚ ਆਪਣਾ ਲਗਜ਼ਰੀ ਅਪਾਰਟਮੈਂਟ 22.50 ਕਰੋੜ ਰੁਪਏ ਵਿੱਚ ਵੇਚਿਆ ਹੈ। ਉਸਨੇ ਇਹ ਅਪਾਰਟਮੈਂਟ ਮਾਰਚ 2020 ਵਿੱਚ 14 ਕਰੋੜ ਰੁਪਏ ਵਿੱਚ ਖਰੀਦਿਆ ਸੀ। ਉਸਨੇ ਇਸ ਸੌਦੇ ਤੋਂ ਲਗਭਗ 61% ਦਾ ਮੁਨਾਫਾ ਕਮਾਇਆ।

ਬਾਂਦਰਾ ਵੈਸਟ 'ਚ ਸੋਨਾਕਸ਼ੀ ਸਿਨਹਾ ਦਾ ਲਗਜ਼ਰੀ ਅਪਾਰਟਮੈਂਟ ਦਿੱਲੀ ਦੇ ਪ੍ਰੀਤ ਵਿਹਾਰ 'ਚ ਰਹਿਣ ਵਾਲੀ ਰਿਚੀ ਬਾਂਸਲ ਨਾਂ ਦੀ ਔਰਤ ਨੇ ਖਰੀਦਿਆ ਹੈ। ਜਾਇਦਾਦ ਰਜਿਸਟ੍ਰੇਸ਼ਨ ਦਸਤਾਵੇਜ਼ ਦੀ ਜਾਂਚ ਕਰਨ ਤੋਂ ਬਾਅਦ, ਰਜਿਸਟਰੇਸ਼ਨ ਦੇ ਇੰਸਪੈਕਟਰ ਜਨਰਲ ਨੇ ਸਕੁਏਅਰ ਯਾਰਡ ਦੀ ਵੈੱਬਸਾਈਟ 'ਤੇ ਇਸ ਸਬੰਧ ਵਿਚ ਇਕ ਰਿਪੋਰਟ ਜਾਰੀ ਕੀਤੀ ਹੈ। ਤੁਹਾਨੂੰ ਦੱਸ ਦੇਈਏ ਕਿ ਇਸ ਅਪਾਰਟਮੇਂਟ ਦੀ ਰਜਿਸਟ੍ਰੇਸ਼ਨ ਜਨਵਰੀ 2025 ਵਿੱਚ ਹੋਈ ਸੀ।

ਸੋਨਾਕਸ਼ੀ ਸਿਨਹਾ ਸੋਸ਼ਲ ਮੀਡੀਆ 'ਤੇ ਆਏ ਦਿਨ ਸੁਰਖੀਆਂ 'ਚ ਰਹਿੰਦੀ ਹੈ। ਅਭਿਨੇਤਰੀ ਕਦੇ 'ਫਨੀ ਵੀਡੀਓ' ਜਾਂ ਵਿਦੇਸ਼ ਯਾਤਰਾ ਨੂੰ ਲੈ ਕੇ ਆਪਣੇ ਫੈਨਸ ਨਾਲ ਵੀਡੀਓ ਅਤੇ ਫੋਟੋ ਸਾਂਝੀ ਕਰਦੀ ਰਹਿੰਦੀ ਹੈ। ਹਾਲ ਹੀ 'ਚ ਅਦਾਕਾਰਾ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ ਇੰਸਟਾਗ੍ਰਾਮ 'ਤੇ ਪਤੀ ਜ਼ਹੀਰ ਇਕਬਾਲ ਨਾਲ ਸਿਡਨੀ ਦੀਆਂ ਕਈ ਤਸਵੀਰਾਂ ਸ਼ੇਅਰ ਕੀਤੀਆਂ ਸਨ, ਜੋ ਵਾਇਰਲ ਹੋਈਆਂ ਸਨ।

ਤੁਹਾਨੂੰ ਦੱਸ ਦੇਈਏ ਕਿ ਅਦਾਕਾਰਾ ਨੇ ਵਿਆਹ ਤੋਂ ਬਾਅਦ 40 ਦੇਸ਼ਾਂ ਦਾ ਦੌਰਾ ਕਰਨ ਦੀ ਯੋਜਨਾ ਬਣਾਈ ਹੈ। ਹੁਣ ਤੱਕ ਉਹ 18 ਤੋਂ ਵੱਧ ਦੇਸ਼ਾਂ ਦਾ ਦੌਰਾ ਕਰ ਚੁੱਕੀ ਹੈ। ਹਾਲਾਂਕਿ, ਅਭਿਨੇਤਰੀ ਨੂੰ ਆਪਣੀ ਯਾਤਰਾ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਕਈ ਵਾਰ ਟ੍ਰੋਲ ਕੀਤਾ ਗਿਆ ਹੈ।

ਸੋਨਾਕਸ਼ੀ ਅਤੇ ਜ਼ਹੀਰ ਨੇ ਸੱਤ ਸਾਲ ਦੀ ਡੇਟਿੰਗ ਤੋਂ ਬਾਅਦ 23 ਜੂਨ 2024 ਨੂੰ ਮੁੰਬਈ ਵਿੱਚ ਆਪਸੀ ਸਹਿਮਤੀ ਨਾਲ ਵਿਆਹ ਕਰਵਾ ਲਿਆ। ਦੋਵਾਂ ਦੀ ਪਹਿਲੀ ਮੁਲਾਕਾਤ ਬਾਲੀਵੁੱਡ ਸੁਪਰਸਟਾਰ ਸਲਮਾਨ ਖਾਨ ਦੁਆਰਾ ਆਯੋਜਿਤ ਇੱਕ ਪਾਰਟੀ ਵਿੱਚ ਹੋਈ ਸੀ।

ਵਰਕ ਫਰੰਟ ਦੀ ਗੱਲ ਕਰੀਏ ਤਾਂ ਸੋਨਾਕਸ਼ੀ ਸਿਨਹਾ ਨੇ ਸਲਮਾਨ ਖਾਨ ਨਾਲ ਸੁਪਰਹਿੱਟ ਫਿਲਮ "ਦਬੰਗ" (2010) ਨਾਲ ਬਾਲੀਵੁੱਡ ਵਿੱਚ ਡੈਬਿਊ ਕੀਤਾ ਸੀ। ਹਾਲ ਹੀ ਵਿੱਚ, ਉਸਨੇ ਸੰਜੇ ਲੀਲਾ ਭੰਸਾਲੀ ਦੀ ਪੀਰੀਅਡ ਡਰਾਮਾ ਵੈੱਬ ਸੀਰੀਜ਼ "ਹੀਰਾਮੰਡੀ" (2024) ਵਿੱਚ ਦੋਹਰੀ ਭੂਮਿਕਾ ਨਿਭਾਈ, ਜਿਸ ਵਿੱਚ ਉਸਦੇ ਪ੍ਰਦਰਸ਼ਨ ਦੀ ਬਹੁਤ ਪ੍ਰਸ਼ੰਸਾ ਕੀਤੀ ਗਈ ਸੀ।



# ਭਾਰਤੀ ਮੂਲ ਦੀ ਚੰਦਰਿਕਾ ਨੂੰ ਗ੍ਰੈਮੀ ਐਵਾਰਡ



ਲਾਸ ਏਂਜਲਸ: ਭਾਰਤੀ ਅਮਰੀਕੀ ਗਾਇਕਾ ਚੰਦਰਿਕਾ ਟੰਡਨ ਦੀ ਐਲਬਮ 'ਤ੍ਰਿਵੇਣੀ' ਨੂੰ 'ਬੈਸਟ ਨਿਊ ਏਜ, ਐਂਬੀਐਂਟ ਜਾਂ ਚੈਂਟ ਐਲਬਮ' ਵਰਗ ਵਿੱਚ ਗ੍ਰੈਮੀ ਐਵਾਰਡ ਮਿਲਿਆ ਹੈ। ਉਸ ਨੇ ਰਿੱਕੀ ਕੇਜ ਅਤੇ ਅਨੁਸ਼ਕਾ ਸ਼ੰਕਰ ਨੂੰ ਹਰਾ ਕੇ ਇਹ ਸਨਮਾਨ ਜਿੱਤਿਆ ਹੈ। ਰਿਕਾਰਡਿੰਗ ਅਕਾਦਮੀ ਵੱਲੋਂ 67ਵਾਂ ਗ੍ਰੈਮੀ ਐਵਾਰਡ ਸ਼ੋਅ ਲਾਸ ਏਂਜਲਸ ਦੇ ਕ੍ਰਿਪਟੋ ਡਾਟ ਕੌਮ ਵਿੱਚ ਐਤਵਾਰ ਨੂੰ ਕਰਵਾਇਆ ਗਿਆ। ਚੰਦਰਿਕਾ ਨੇ ਇਹ ਐਵਾਰਡ ਆਪਣੇ ਸਾਥੀਆਂ ਦੱਖਣੀ ਅਫਰੀਕਾ ਤੇ ਬੰਸਰੀ ਵਾਦਕ ਵਾਉਟਰ ਕੇਲਰਮੈਨ ਅਤੇ ਜਪਾਨੀ ਸੇਲੋ ਵਾਦਕ ਇਰੂ ਮਾਤਸੁਮੋਟੋ ਨਾਲ ਜਿੱਤਿਆ ਹੈ। ਇਸ ਵਰਗ ਵਿੱਚ ਚੰਦਰਿਕਾ ਨਾਲ ਬੈਸਟ ਨਿਊ ਏਜ ਐਂਬੀਐਂਟ ਜਾਂ ਚੈਂਟ ਐਲਬਮ ਵਰਗ 'ਚ ਜਿਹੜੇ ਕਲਾਕਾਰਾਂ ਦੇ ਨਾਂ ਸ਼ਾਮਲ ਸਨ ਉਨ੍ਹਾਂ ਵਿੱਚ 'ਬ੍ਰੇਕ ਆਫ ਡਾਅਨ' ਲਈ ਰਿੱਕੀ ਕੇਜ, 'ਓਪਸ' ਲਈ ਰਿਯੂਚੀ ਸਾਕਾਮੋਟੋ, 'ਚੈਪਟਰ 2: ਹਾਓ ਡਾਰਕ ਇਟ ਇਜ਼ ਬੀਫੋਰ ਡਾਅਨ' ਲਈ ਅਨੁਸ਼ਕਾ ਸ਼ੰਕਰ ਅਤੇ 'ਵਰੀਅਰਜ਼ ਆਫ ਲਾਈਟ' ਲਈ ਰਾਧਿਕਾ ਵੇਕਾਰੀਆ ਸ਼ਾਮਲ ਸਨ। ਇਹ ਸਨਮਾਨ ਮਿਲਣ 'ਤੇ ਨਿਊ ਯਾਰਕ ਵਿੱਚ ਭਾਰਤ ਕੌਂਸਲੇਟ ਜਨਰਲ ਨੇ ਆਪਣੇ ਐਕਸ ਖਾਤੇ 'ਤੇ ਇਹ ਸਨਮਾਨ ਜਿੱਤਣ ਲਈ ਚੰਦਰਿਕਾ ਨੂੰ ਵਧਾਈਆਂ ਦਿੱਤੀਆਂ ਹਨ। ਜ਼ਿਕਰਯੋਗ ਹੈ ਕਿ ਚੰਦਰਿਕਾ ਪੈਪਸੀਕੋ ਦੀ ਸਾਬਕਾ ਸੀਈਓ ਇੰਦਰਾ ਨੂਈ ਦੀ ਭੈਣ ਹੈ। ਉਨ੍ਹਾਂ ਆਪਣੀ ਪੋਸਟ ਵਿੱਚ ਲਿਖਿਆ ਹੈ ਕਿ ਗਾਇਕਾ ਨੇ ਆਪਣੀ ਕਲਾ ਅਤੇ ਆਪਣੇ ਸਾਥੀਆਂ ਨਾਲ ਬਣਾਈ ਇਸ ਐਲਬਮ ਰਾਹੀਂ ਵੱਖ ਵੱਖ ਸੱਭਿਆਚਾਰਾਂ ਅਤੇ ਪ੍ਰੰਪਰਾਵਾਂ ਨੂੰ ਜੋੜਨ ਦੀ ਕੋਸ਼ਿਸ਼ ਕੀਤੀ ਹੈ। ਇਸ ਵਾਰ ਇਹ ਸ਼ੋਅ ਕਈ ਕਾਰਨਾਂ ਕਰ ਕੇ ਚਰਚਾ ਵਿੱਚ ਰਿਹਾ ਹੈ। ਇਸ ਦੌਰਾਨ ਪੁਲੀਸ ਨੇ ਕੇਨੀ ਵੈਸਟ ਅਤੇ ਉਸ ਦੀ ਪਤਨੀ ਬਿਆਂਕਾ ਸੈਂਸੋਰੀ ਨੂੰ ਸ਼ੋਅ ਤੋਂ ਬਾਹਰ ਕੱਢ ਦਿੱਤਾ।

# Grammy 2025 : ਟ੍ਰਾਂਸਪੇਰੈਂਟ ਡਰੈੱਸ ਪਹਿਨਣ 'ਤੇ Bianca Censori ਖ਼ਿਲਾਫ਼ ਹੋਵੇਗੀ ਕਾਰਵਾਈ!

ਅਮਰੀਕਨ ਰੈਪਰ ਕਾਨਯੇ ਵੈਸਟ ਤੇ ਆਸਟ੍ਰੇਲੀਅਨ ਮਾਡਲ ਬਿਆਂਕਾ ਸੈਂਸੋਰੀ ਨੇ ਘਰਓਮਮੇ ਐਵਾਰਡਸ 2025 ਵਿੱਚ ਸਾਰੀ ਲਾਈਮਲਾਈਟ ਲੁੱਟ ਲਈ ਤੇ ਹੁਣ ਇੰਟਰਨੈੱਟ 'ਤੇ ਦੋਵਾਂ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਗੱਲਾਂ ਹੋ ਰਹੀਆਂ ਹਨ। ਬਿਆਂਕਾ ਨੇ ਰੈਡ ਕਾਰਪੇਟ 'ਤੇ ਅਜਿਹੀ ਟ੍ਰਾਂਸਪੇਰੈਂਟ ਡਰੈੱਸ ਪਹਿਨੀ ਜਿਸ ਨੂੰ ਦੇਖ ਕੇ ਹਰ ਕੋਈ ਹੈਰਾਨ ਹੋ ਗਿਆ।

ਕਪਲ ਨੂੰ ਈਵੈਂਟ 'ਚੋਂ ਮੌਕੇ 'ਤੇ ਹੀ ਸੁਰੱਖਿਆਕਰਮੀਆਂ ਦੁਆਰਾ ਬਾਹਰ ਕੱਢਿਆ ਗਿਆ ਸੀ। ਇਸ ਸਭ ਵਿਚਕਾਰ ਸੋਸ਼ਲ ਮੀਡੀਆ 'ਤੇ ਕਈ ਤਰ੍ਹਾਂ ਦੀਆਂ ਗੱਲਾਂ ਹੋ ਰਹੀਆਂ ਹਨ ਕਿ ਉਸ ਨੂੰ ਈਵੈਂਟ ਵਿੱਚ ਇਸ ਤਰ੍ਹਾਂ ਪਹੁੰਚਣ ਲਈ ਕੋਈ ਸਜ਼ਾਂ ਹੋਵੇਗੀ ਜਾਂ ਅਰੈਸਟ ਕੀਤਾ ਜਾਵੇਗਾ।



### ਅਰੈਸਟ ਹੋਵੇਗੀ ਬਿਆਂਕਾ

ਗ੍ਰੈਮੀ ਐਵਾਰਡਸ 2025 ਦੁਨੀਆ ਦਾ ਸਭ ਤੋਂ ਵੱਧ ਸਨਮਾਨਿਤ ਐਵਾਰਡ ਸਮਾਰੋਹ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਈਵੈਂਟ ਵਿੱਚ ਦੇਸ਼-ਦੁਨੀਆ ਤੋਂ ਲੋਕ ਪਹੁੰਚਦੇ ਹਨ। ਬਿਆਂਕਾ ਸੈਂਸੋਰੀ ਦਾ ਈਵੈਂਟ ਵਿੱਚ ਨਿਊ ਆਊਟਫਿਟ ਵਿੱਚ ਪਹੁੰਚਣਾ ਹੈਰਾਨ ਕਰਨ ਵਾਲੀ ਗੱਲ ਹੈ। ਲੋਕ ਸੋਚ ਰਹੇ ਹਨ ਕਿ ਮਾਡਲ ਨੂੰ ਇਸ ਹਰਕਤ ਦੀ ਭਰਪਾਈ ਕਾਨੂੰਨੀ ਮੁਸੀਬਤ ਵਿੱਚ ਪੈ ਕੇ ਕਰਨੀ ਹੋਵੇਗੀ। ਸੋਸ਼ਲ ਮੀਡੀਆ 'ਤੇ ਯੂਜ਼ਰਜ਼ ਸਵਾਲ ਪੁੱਛ ਰਹੇ ਹਨ ਕਿ LA ਦਾ ਕਾਨੂੰਨ ਇਸ 'ਤੇ ਕੋਈ ਐਕਸ਼ਨ ਲੈ ਸਕਦਾ ਹੈ।

### ਲਾਸ ਏਂਜਲਸ ਦਾ ਕਾਨੂੰਨ

ਲਾਸ ਏਂਜਲਸ ਕਾਨੂੰਨ ਵਿੱਚ ਸਾਫ਼ ਹੈ। ਜੇ ਕੋਈ ਬਿਨਾਂ ਕੱਪੜਿਆਂ ਦੇ ਪਬਲਿਕ ਸਪੇਸ ਵਿੱਚ ਘੁੰਮਦੇ ਹੋ ਤਾਂ ਉਸ ਨੂੰ ਜੁਰਮਾਨਾ ਜਾਂ ਜੇਲ੍ਹ ਹੋ ਸਕਦੀ ਹੈ। ਇਕ ਰਿਪੋਰਟ ਮੁਤਾਬਕ, ਜੇ ਕੋਈ ਕਿਸੇ ਈਵੈਂਟ ਵਿੱਚ ਜਿਸ ਦੀ ਜਾਣਕਾਰੀ ਸਰਕਾਰ ਨੂੰ ਪਹਿਲਾਂ ਹੁੰਦੀ ਹੈ, ਉਸ ਲਈ ਅਲੱਗ ਕਾਨੂੰਨ ਬਣਾਏ ਜਾਂਦੇ ਹਨ ਜੋ ਜੁਰਮਾਨਾ ਲੱਗਣ ਦੇ ਦਾਇਰੇ ਵਿੱਚ ਨਹੀਂ ਆਉਂਦੇ।

LA ਕਾਨੂੰਨ ਅਨੁਸਾਰ, ਬਿਆਂਕਾ ਨੂੰ ਆਪਣੀ ਲੁੱਕ ਲਈ ਕਾਨੂੰਨੀ ਕਾਰਵਾਈ ਵਿੱਚ ਸ਼ਾਮਲ ਹੋਣਾ ਪੈ ਸਕਦਾ ਹੈ ਕਿਉਂਕਿ ਕੈਲੀਫੋਰਨੀਆ ਸਜ਼ਾ 314 (1) ਅਸ਼ੋਭਨੀਜ ਪ੍ਰਦਰਸ਼ਨ ਦੀ ਵਿਆਖਿਆ ਕਰਦਾ ਹੈ। ਇਸ ਤਹਿਤ ਜੇ ਕੋਈ ਵਿਅਕਤੀ ਆਪਣੇ ਸਰੀਰ ਦੇ ਪ੍ਰਾਈਵੇਟ ਪਾਰਟਸ ਨੂੰ ਕਿਸੇ ਸਾਹਮਣੇ ਉਜਾਗਰ ਕਰਦਾ ਹੈ। ਜਿਸ ਨਾਲ ਸਾਹਮਣੇ ਵਾਲਾ ਵਿਅਕਤੀ ਅਸਹਿਜ ਜਾਂ ਦੁਖੀ ਹੁੰਦਾ ਹੈ, ਇਹ ਅਪਰਾਧ ਹੈ। ਜਿਸ ਲਈ ਛੇ ਮਹੀਨਿਆਂ ਦੀ ਜੇਲ੍ਹ ਹੁੰਦੀ ਹੈ ਤੇ 1,000 ਡਾਲਰ ਦਾ ਜੁਰਮਾਨਾ ਲੱਗਦਾ ਹੈ। ਦੂਜਾ ਅਪਰਾਧ ਵੀ ਅਪਰਾਧ ਦੀ ਸ਼੍ਰੇਣੀ ਵਿੱਚ ਆਉਂਦਾ ਹੈ ਜਿਸ ਲਈ ਸਮਾਂ ਸੀਮਾ ਸਰਕਾਰ ਤੈਅ ਕਰਦੀ ਹੈ। ਹੁਣ ਇਹ ਸਮਾਂ ਦੱਸੇਗਾ ਕਿ ਉੱਥੇ ਦੀ ਸਰਕਾਰ ਬਿਆਂਕਾ 'ਤੇ ਐਕਸ਼ਨ ਲਵੇਗੀ।

# ਅਮਰੀਕਾ 'ਚ ਛੁੱਟੀਆਂ ਦਾ ਆਨੰਦ ਮਾਣ ਰਹੀ ਹੈ ਜ਼ਰੀਨ ਖਾਨ

ਮੁੰਬਈ: ਬੌਲੀਵੁੱਡ ਅਦਾਕਾਰਾ ਜ਼ਰੀਨ ਖਾਨ ਹਾਲ ਹੀ 'ਚ ਛੁੱਟੀਆਂ ਮਨਾਉਣ ਲਈ ਅਮਰੀਕਾ ਰਵਾਨਾ ਹੋਈ ਹੈ। ਇਸ ਦੌਰਾਨ ਫ਼ਿਲਮ 'ਵੀਰ' ਦੀ ਅਦਾਕਾਰਾ ਨੇ ਔਸਟਿਨ ਵਿੱਚ ਮਾਊਂਟ ਬੋਨੈੱਲ ਦਾ ਦੌਰਾ ਕੀਤਾ ਤੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਪੋਸਟ ਪਾ ਕੇ ਇੱਥੋਂ ਦੇ ਦਿਲਕਸ਼ ਨਜ਼ਾਰੇ ਦੀਆਂ ਕੁਝ ਤਸਵੀਰਾਂ ਵੀ ਸਾਂਝੀਆਂ ਕੀਤੀਆਂ। ਇਸ ਪੋਸਟ ਨਾਲ ਲਿਖੀ ਕੈਪਸ਼ਨ ਵਿੱਚ ਅਦਾਕਾਰਾ ਨੇ ਔਸਟਿਨ ਦੀ ਸ਼ਲਾਘਾ ਕਰਦਿਆਂ ਲਿਖਿਆ ਕਿ ਮਾਊਂਟ ਬੋਨੈੱਲ ਕੁਦਰਤੀ ਸੁਹੱਪਣ ਦਾ ਵੱਖਰਾ ਨਜ਼ਾਰਾ ਪੇਸ਼ ਕਰਦਾ ਹੈ। ਅਦਾਕਾਰਾ ਦੀ ਇਸ ਪੋਸਟ 'ਤੇ ਉਸ ਦੇ ਪ੍ਰਸ਼ੰਸਕਾਂ ਨੇ ਕਈ ਤਾਰੀਫ਼ਾਂ ਭਰੀਆਂ ਟਿੱਪਣੀਆਂ ਕੀਤੀਆਂ ਹਨ। ਇਸੇ ਦੌਰਾਨ ਕੋਲਕਾਤਾ ਹਾਈ ਕੋਰਟ ਨੇ ਜ਼ਰੀਨ ਖ਼ਾਨ ਖ਼ਿਲਾਫ਼ ਸਾਲ 2018 ਦੇ ਕਾਲੀ ਪੂਜਾ ਸਮਾਗਮ ਵਿੱਚ ਨਾ ਪੁੱਜਣ ਦੇ ਮਾਮਲੇ 'ਚ ਦਰਜ ਕੇਸ ਨੂੰ ਖ਼ਾਰਜ ਕਰ ਦਿੱਤਾ ਹੈ। ਉਸ ਨੇ ਇਸ ਸਮਾਗਮ 'ਚ ਸ਼ਮੂਲੀਅਤ ਲਈ ਇਕਰਾਰਨਾਮਾ ਕੀਤਾ ਸੀ ਪਰ ਉਹ ਇਸ 'ਚ ਸ਼ਾਮਲ ਨਹੀਂ ਸੀ ਹੋਈ। ਅਦਾਕਾਰਾ ਜ਼ਰੀਨ ਖਾਨ ਹੁਣ ਆਪਣੇ ਅਗਲੇ ਪ੍ਰਾਜੈਕਟ ਤਹਿਤ ਅਦਾਕਾਰ ਵਿਕਰਮ ਨਾਲ ਇਤਿਹਾਸਕ ਫਿਲਮ 'ਕਾਰੀਕਲਨ' ਵਿੱਚ ਨਜ਼ਰ ਆਵੇਗੀ।



# ਲੀਡਰਸ਼ਿਪ ਤੋਂ ਲਾਵਾਰਿਸ ਕਨੇਡਾ ਦੀ ਟੈਰਿਫ ਰਾਜਨੀਤੀ !



ਅਮਰੀਕਨ ਰਾਸ਼ਟਰਪਤੀ ਟਰੰਪ ਨੇ ਚੋਣ ਜਿੱਤਦੇ ਸਾਰ ਹੀ ਨਵੰਬਰ, 2024 ਵਿੱਚ ਐਲਾਨ ਕਰ ਦਿੱਤਾ ਸੀ ਕਿ ਉਹ ਕਨੇਡਾ, ਮੈਕਸੀਕੋ ਤੇ ਚੀਨ ਤੋਂ ਆਉਣ ਵਾਲ਼ੀਆਂ ਵਸਤਾਂ 'ਤੇ 25% ਟੈਰਿਫ (ਟੈਕਸ) ਲਗਾ ਦੇਵੇਗਾ। ਜਿਸ ਲਈ ਹੁਣ ਉਹ ਸਹੁੰ ਚੁੱਕਣ ਤੋਂ ਬਾਅਦ ਵੀ ਬਜਿੱਦ ਹੈ। ਇਸਦੇ ਆਰਥਿਕ ਤੇ ਰਾਜਨਤਿਕ ਸਿੱਟੇ ਕੀ ਨਿਕਲਣਗੇ, ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਦਕਾ। ਟਰੰਪ ਇੱਕ ਅਜਿਹਾ ਲੀਡਰ ਹੈ, ਜੋ ਰਾਜਨਤੀ ਪੱਖ ਤੋਂ ਘੱਟ ਅਤੇ ਆਰਥਿਕਤਾ ਦੇ ਪੱਖ ਤੋਂ ਵੱਧ ਸੋਚਦਾ ਹੈ। ਉਹ ਗਲਤ ਹੋਵੇ ਜਾਂ ਸਹੀ, ਪਰ ਜੋ ਸੋਚਦਾ, ਕਰਨ ਦੀ ਕੋਸ਼ਿਸ਼ ਜਰੂਰ ਕਰਦਾ ਹੈ। ਕਨੇਡਾ ਅਤੇ ਮੈਕਸੀਕੋ 'ਤੇ ਉਸਦਾ ਟੈਰਿਫ ਲਾਉਣ ਦਾ ਤਰਕ ਹੈ ਕਿ ਮੈਕਸੀਕੋ ਤੇ ਕਨੇਡਾ ਆਪਣੇ ਬਾਰਡਰਾਂ ਦੀ ਸੁਰੱਖਿਆ ਨਹੀਂ ਕਰਦੇ, ਇਸ ਕਰਕੇ ਇਨ੍ਹਾਂ ਦੋਨਾਂ ਦੇਸ਼ਾਂ ਰਾਹੀਂ ਜਿੱਥੇ ਹਰ ਸਾਲ ਲੱਖਾਂ ਲੋਕ ਗੈਰ-ਕਨੂੰਨੀ ਢੰਗ ਨਾਲ਼ ਅਮਰੀਕਾ ਵਿੱਚ ਦਾਖਿਲ ਹੁੰਦੇ ਹਨ, ਜਿਨ੍ਹਾਂ ਵਿੱਚ ਦੁਨੀਆਂ ਭਰ ਦੇ ਅਪਰਾਧੀ ਤੇ ਅੱਤਵਾਦੀ ਵੀ ਸ਼ਾਮਿਲ ਹੁੰਦੇ ਹਨ। ਉਥੇ ਇਨ੍ਹਾਂ ਦੋਨਾਂ ਦੇਸ਼ਾਂ ਦੇ ਬਾਰਡਰਾਂ ਰਾਹੀਂ ਮਣਾਂ ਮੂੰਹੀ ਗੈਰ-ਕਨੂੰਨੀ ਡਰੱਗ ਨਾਰਥ ਅਮਰੀਕਾ ਵਿੱਚ ਆ ਰਹੀ ਹੈ, ਜਿਸ ਨਾਲ਼ ਲੱਖਾਂ ਲੋਕ ਹਰੇਕ ਸਾਲ ਓਵਰਡੋਜ਼ ਨਾਲ਼ ਮਰਦੇ ਹਨ ਅਤੇ ਕਰਾਈਮ ਬਹੁਤ ਵੱਧ ਰਿਹਾ ਹੈ।

ਟਰੰਪ ਦਾ ਤਰਕ ਬੇਸ਼ੱਕ ਠੀਕ ਹੈ, ਪਰ ਬਾਰਡਰਾਂ ਦੀ ਸੁਰੱਖਿਆ ਸਭ ਦੀ ਸਾਂਝੀ ਜ਼ਿੰਮੇਵਾਰੀ ਹੈ। ਅਮਰੀਕਾ ਤੋਂ ਵੀ ਬਥੇਰੇ ਗੈਰ-ਕਨੂੰਨੀ ਇੰਮੀਗਰੈਂਟ ਅਤੇ ਗੈਰ-ਕਨੂੰਨੀ ਡਰੱਗ ਕਨੇਡਾ ਆਉਂਦੀ ਹੈ। ਪਰ ਕਨੇਡਾ ਤੇ ਮੈਕਸੀਕੋ ਦੀਆਂ ਸਰਕਾਰਾਂ ਇਸ ਪ੍ਰਤੀ ਸੁਹਿਰਦ ਨਹੀਂ, ਜਿਤਨਾ ਟਰੰਪ ਜ਼ੋਸ਼ ਨਾਲ਼ ਕੰਮ ਕਰ ਰਿਹਾ ਹੈ। ਬਾਕੀ ਅਜੇ ਇਹ ਵੀ ਪਤਾ ਨਹੀਂ ਕਿ ਟਰੰਪ ਨੇ ਸੱਚਮੁੱਚ ਹੀ ਇਨ੍ਹਾਂ ਦੋ ਮੁੱਦਿਆਂ ਕਰਕੇ ਹੀ 'ਟੈਰਿਫ ਵਾਰ' ਸ਼ੁਰੂ ਕੀਤੀ ਹੋਈ ਹੈ ਜਾਂ ਇਸ ਪਿੱਛੇ ਕੋਈ ਹੋਰ ਸਾਜ਼ਿਸ਼ ਹੈ? ਜਿਵੇਂ ਟਰੰਪ ਕਈ ਵਾਰ ਕਨੇਡਾ ਨੂੰ ਅਮਰੀਕਾ ਦੀ 51ਵੀਂ ਸਟੇਟ ਬਣਾਉਣ ਦੇ ਸੁਪਨੇ ਵੀ ਦੇਖ ਰਿਹਾ ਹੈ।

ਟਰੰਪ ਦੇ ਰਾਸ਼ਟਰਪਤੀ ਚੁਣੇ ਜਾਣ ਤੋਂ ਬਾਅਦ ਚਾਹੀਦਾ ਤਾਂ ਇਹ ਸੀ ਕਿ ਟਰੂਡੋ ਸਾਹਿਬ ਪਾਰਲੀਮੈਂਟ ਦਾ ਸਪੈਸ਼ਲ ਸੈਸ਼ਨ ਸੱਦ ਕੇ ਸਾਰੀਆਂ ਪਾਰਟੀਆਂ ਦੀ ਸਲਾਹ ਨਾਲ਼ ਕੋਈ ਸਾਂਝੀ ਰਣਨੀਤੀ ਅਪਨਾਉਂਦੇ। ਪਰ ਟਰੂਡੋ ਤੇ ਜਗਮੀਤ ਆਪਣੀ ਸਿਆਸੀ ਖੇਡ ਵਿੱਚ ਬਿਜ਼ੀ ਸਨ। ਇਸ ਮਸਲੇ 'ਤੇ ਕੁਝ ਕਰਨ ਦੀ ਥਾਂ ਇਸ ਡਰੋਂ ਪਾਰਲੀਮੈਂਟ ਹੀ 3 ਮਹੀਨੇ ਲਈ ਸਸਪੈਂਡ ਕਰ ਦਿੱਤੀ ਕਿ ਕਿਤੇ 28 ਜਨਵਰੀ, 2025 ਨੂੰ ਸ਼ੁਰੂ ਹੋਣ ਵਾਲ਼ੇ ਸੈਸ਼ਨ ਵਿੱਚ ਉਨ੍ਹਾਂ ਖਿਲਾਫ ਭੇ-ਭਰੋਸਗੀ ਮਤਾ ਪਾਸ ਨਾ ਹੋ ਜਾਵੇ? ਹੁਣ ਵੀ ਕਨੇਡਾ ਦੇ ਹਿੱਤ ਵਿੱਚ ਇਹੀ ਹੈ ਕਿ ਪਾਰਲੀਮੈਂਟ ਦੇ ਸਪੈਸ਼ਲ ਸੈਸ਼ਨ ਵਿੱਚ ਸਾਰੀਆਂ ਪਾਰਟੀਆਂ ਕਨੇਡਾ ਦਾ ਸਟੈਂਡ ਸਪੱਸ਼ਟ ਕਰਨ।

ਪਰ ਸਿਆਸੀ ਲੋਕ ਮਸਲੇ ਸੁਲਝਾਉਣ ਦੀ ਥਾਂ ਉਲਝਾਉਣ ਵਿੱਚ ਹੀ ਭਲਾ ਸਮਝਦੇ ਹਨ। ਜਿਵੇਂ ਹੁਣ ਲੋਕਾਂ ਵਿੱਚ ਇੱਕ ਨਵੀਂ ਕਿਸਮ ਦਾ ਰਾਸ਼ਟਰਵਾਦ ਭਰਿਆ ਜਾ ਰਿਹਾ ਹੈ ਕਿ ਅਮਰੀਕਨ ਸਟੋਰਾਂ ਦਾ ਬਾਈਕਾਟ ਕਰੋ। ਗੱਲ ਸਮਝ ਨੀ ਆਈ ਕਿ ਅਜਿਹੇ ਅਮਰੀਕਨ ਸਟੋਰਾਂ ਵਿੱਚ ਲੱਖਾਂ ਕਨੇਡੀਅਨ ਆਮ ਲੋਕ ਕੰਮ ਕਰਦੇ ਹਨ, ਕੀ ਸਾਡੇ ਕੋਲ਼ ਉਨ੍ਹਾਂ ਬੇਰੁਜ਼ਗਾਰ ਹੋਣ ਵਾਲ਼ੇ ਕਾਮਿਆਂ ਨੂੰ ਸਾਂਭਣ ਲਈ ਕੋਈ ਪਲੈਨ ਹੈ? ਕਨੇਡਾ ਕੋਲ਼ ਰੋਜ਼ਮਰਾ ਦੀਆਂ ਵਸਤਾਂ ਵਿੱਚੋਂ ਬਹੁਤ ਘੱਟ ਦੀ ਪ੍ਰੋਡਕਸ਼ਨ ਕਨੇਡਾ 'ਚ ਹੁੰਦੀ ਹੈ, ਅਜਿਹੇ ਬਾਈਕਾਟਾਂ ਅਤੇ 'ਕਨੇਡਾ ਫਸਟ' ਦੇ ਖੋਖਲੇ ਨਾਹਰਿਆਂ ਨਾਲ਼ ਆਮ ਲੋਕਾਂ ਦੀ ਹੀ ਨੁਕਸਾਨ ਹੋਵੇਗਾ।

ਸਾਰਿਆਂ ਨਾਲ਼ ਸਲਾਹ ਕਰਕੇ ਕੋਈ ਸਾਂਝਾ ਫੈਸਲਾ ਕਰਕੇ ਅਮਰੀਕਾ ਨਾਲ਼ ਗੱਲ ਕਰਨ ਦੀ ਥਾਂ ਕੱਲ੍ਹ ਟਰੂਡੋ ਸਾਹਿਬ ਨੇ ਅਚਾਨਕ ਅਮਰੀਕਾ ਦੇ ਮੁਕਾਬਲੇ ਟੈਰਿਫ ਲਗਾਉਣ ਦਾ ਐਲਾਨ ਕਰ ਦਿੱਤਾ। ਜਦਕਿ ਚਾਹੀਦਾ ਤਾਂ ਇਹ ਸੀ ਕਿ ਜਿਸ ਮੁੱਦੇ ਦੇ ਅਧਾਰ 'ਤੇ ਟਰੰਪ ਟੈਰਿਫ ਲਗਾਉਣ ਦੀਆਂ ਧਮਕੀਆਂ ਦਿੰਦਾ ਹੈ, ਉਸ ਬਾਰੇ ਕਨੇਡਾ ਦੀ ਕੋਈ ਸਪੱਸ਼ਟ ਪਾਲਿਸੀ ਦੱਸੀ ਜਾਂਦੀ। ਹੈਰਾਨੀ ਹੈ ਕਿ ਬਾਰਡਰ ਰਾਹੀਂ ਆ-ਜਾ ਰਹੇ ਗੈਰ-ਕਨੂੰਨੀ ਨਸ਼ਿਆਂ ਅਤੇ ਗੈਰ-ਕਨੂੰਨੀ ਪ੍ਰਵਾਸੀ ਲੋਕਾਂ ਬਾਰੇ ਕਨੇਡਾ ਗੱਲ ਕਰਨ ਲਈ ਵੀ ਤਿਆਰ ਨਹੀਂ। ਜਦਕਿ ਅਮਰੀਕਾ-ਕਨੇਡਾ-ਮੈਕਸੀਕੋ ਵਿੱਚ ਹਰ ਸਾਲ ਸਵਾ ਲੱਖ ਤੋਂ ਡੇਢ ਲੱਖ ਵਿਅਕਤੀ ਡਰੱਗ ਓਵਰਡੋਜ਼ ਨਾਲ਼ ਮਰਦਾ ਹੈ। ਦੁਨੀਆਂ ਭਰ ਦੇ ਅਪਰਾਧੀ, ਅੱਤਵਾਦੀ, ਗੈਂਗਸਟਰ, ਨਸ਼ਾ ਤਸਕਰ ਅੱਜ ਕਨੇਡਾ-ਅਮਰੀਕਾ ਵਿੱਚ ਬੈਠੇ ਹਨ। ਸਮੇਂ ਦੀ ਮੰਗ ਇਹੀ ਹੈ ਕਿ 'ਯੋਰਪੀਅਨ ਯੂਨੀਅਨ' ਵਾਂਗ 'ਨਾਰਥ ਅਮਰੀਕਾ ਯੂਨੀਅਨ' ਬਣਾ ਕੇ ਜਿੱਥੇ ਆਰਥਿਕ ਤੌਰ 'ਤੇ ਇਕੱਠੇ ਹੋ ਕੇ ਚੱਲਿਆ ਜਾਵੇ, ਉਥੇ ਨਸ਼ਿਆਂ, ਮਨੁੱਖੀ ਤਸਕਰੀ, ਅਪਰਾਧ ਨੂੰ ਰੋਕਣ ਲਈ ਸਾਂਝੀ ਰਣਨੀਤੀ ਬਣਾਈ ਜਾਵੇ।

ਪਰ ਕਨੇਡਾ ਇਸ ਵਕਤ ਲੀਡਰਲੈਸ ਹੋ ਚੁੱਕਾ ਹੈ। ਕਨੇਡਾ ਵਿੱਚ ਈਸਟ ਤੇ ਵੈਸਟ ਦੀ ਡਿਵੀਜ਼ਨ ਇਸ ਹੱਦ ਤੱਕ ਵਧ ਚੁੱਕੀ ਹੈ ਕਿ ਪਿਛਲ਼ੇ 20-25 ਸਾਲਾਂ ਤੋਂ ਕੋਈ ਸਥਿਰ ਜਾਂ ਪੂਰਨ ਬਹੁ-ਮੱਤ ਵਾਲ਼ੀ ਸਰਕਾਰ ਨਹੀਂ ਬਣ ਰਹੀ। ਜਿਸ ਨਾਲ਼ ਸਿਆਸੀ ਅਸਥਿਰਤਾ ਦੇ ਮਾਹੌਲ ਵਿੱਚ ਹਰ ਕੋਈ ਆਪਣੇ ਦਾਅ 'ਤੇ ਹੈ। ਪਾਰਟੀਆਂ ਨੂੰ ਲੀਡਰ ਨਹੀਂ ਲੱਭਦੇ, ਜਿਸਦੇ ਨਤੀਜੇ ਵਜੋਂ ਮੌਕਾ-ਪ੍ਰਸਤ ਲੋਕ ਪੈਸੇ ਦੇ ਜ਼ੋਰ ਨਾਲ਼ ਸਿਆਸਤ ਵਿੱਚ ਆ ਰਹੇ ਹਨ। ਪਾਰਟੀਆਂ ਦਾ ਲੀਡਰ ਚੁਣਨ ਦਾ ਸਿਸਟਮ ਵੀ ਗਲਤ ਹੋਣ ਕਰਕੇ ਬਹੁਤ ਵਾਰ ਨਾ-ਅਹਿਲ ਜਾਂ ਨਾ-ਤਜੁਰਬੇਕਾਰ ਲੀਡਰ, ਨਕਲੀ ਆਨ-ਲਾਈਨ ਵੋਟਾਂ ਨਾਲ਼ ਮੋਹਰੀ ਬਣ ਜਾਂਦੇ ਹਨ। ਸਾਰੀਆਂ ਸਿਆਸੀ ਪਾਰਟੀਆਂ ਨੂੰ ਇਸ ਪਾਸੇ ਵੀ ਧਿਆਨ ਦੇਣ ਦੀ ਲੋੜ ਹੈ। ਜਿਵੇਂ ਹੁਣ ਲਿਬਰਲ ਲੀਡਰਸ਼ਿਪ ਲਈ ਹਰ ਜਣਾ-ਖਣਾ ਲੀਡਰਸ਼ਿਪ ਰੇਸ ਦਾ ਘੋੜਾ ਬਣੀ ਫਿਰਦਾ ਹੈ।

ਅੱਜ ਦੀ ਟਰੰਪ-ਟਰੂਡੋ ਫੋਨ ਰਾਹੀਂ ਹੋਈ ਗੱਲਬਾਤ ਤੋਂ ਬਾਅਦ ਟਰੂਡੋ ਨੇ 1.3 ਬਿਲੀਅਨ ਡਾਲਰ ਅਮਰੀਕਾ ਨਾਲ਼ ਲਗਦੇ ਬਾਰਡਰਾਂ 'ਤੇ ਸਕਿਉਰਿਟੀ ਲਈ ਖਰਚਣ ਅਤੇ 10000 ਸਕਿਉਰਿਟੀ ਫੋਰਸਾਂ ਲਗਾਉਣ ਦੀ ਸਹਿਮਤੀ ਦੇਣ ਨਾਲ਼ ਟੈਰਿਫ ਦਾ ਮਸਲਾ ਕੁਝ ਸਮੇਂ ਲਈ ਤਾਂ ਟਲ਼ ਗਿਆ ਹੈ। ਪਰ ਟੈਰਿਫ ਨਾ ਵੀ ਹੁੰਦਾ ਤਾਂ ਵੀ ਇਸਦੀ ਲੰਬੇ ਸਮੇਂ ਤੋਂ ਲੋੜ ਸੀ। ਹੁਣ ਵੀ ਇਸ 'ਤੇ ਰਾਜਨੀਤੀ ਕਰਨ ਦੀ ਥਾਂ ਸੁਹਿਰਦਤਾ ਨਾਲ਼ ਜਲਦੀ ਕੰਮ ਕਰਨਾ ਚਾਹੀਦਾ ਹੈ। ਨਸ਼ੇ ਤੇ ਮਨੁੱਖੀ ਤਸਕਰੀ ਅਮਰੀਕਾ ਵਲੋਂ ਵੀ ਕਨੇਡਾ 'ਚ ਬਥੇਰੀ ਹੁੰਦੀ ਹੈ, ਉਸ ਲਈ ਅਮਰੀਕਾ ਨੂੰ ਵੀ ਆਪਣੀਆਂ ਸਰਹੱਦਾਂ ਸੁਰੱਖਿਅਤ ਕਰਨ ਲਈ ਜ਼ੋਰ ਪਾਉਣਾ ਚਾਹੀਦਾ ਹੈ। ਕਨੇਡਾ ਨੂੰ ਵੀ ਅਮਰੀਕਾ ਵਾਂਗ ਅਪਰਾਧਕ ਪਿਛੋਕੜ ਵਾਲ਼ਿਆਂ ਨੂੰ ਡਿਪੋਰਟ ਕਰਨ ਲਈ ਪਲੈਨ ਬਣਾਉਣੇ ਚਾਹੀਦੇ ਹਨ, ਨਹੀਂ ਤਾਂ ਅਜਿਹੇ ਲੋਕ ਹੋਰ ਰਾਹ ਲੱਭ ਲੈਣਗੇ।

ਹਰਚਰਨ ਸਿੰਘ ਪ੍ਰਹਾਰ

# ਸੋਨੇ ਨਾਲੋਂ ਵੀ ਮਹਿੰਗੀ ਹੈ ਸਪਰਮ ਵਹੇਲ ਦੀ ਉਲਟੀ (ਐਂਬਰਗਰਿਸ)



ਐਂਬਰਗਰਿਸ ਮੋਮ ਵਰਗਾ ਇੱਕ ਠੋਸ ਗੂੜ੍ਹੇ ਭੂਰੇ ਰੰਗ ਪਦਾਰਥ ਹੁੰਦਾ ਹੈ ਜੋ ਸਪਰਮ ਵਹੇਲ ਪ੍ਰਜਾਤੀ ਦੀਆਂ ਕੁਝ ਕੁ ਵਹੇਲਾਂ (ਕਰੀਬ 2%) ਦੀ ਪਾਚਨ ਪ੍ਰਣਾਲੀ ਵਿੱਚ ਬਣਦਾ ਹੈ। ਇਸ ਦਾ ਭਾਰ ਕੁਝ ਕਿੱਲੋ ਤੋਂ ਲੈ ਕੇ ਦੋ ਕਵਿੰਟਲ ਤੱਕ ਵੀ ਹੋ ਸਕਦਾ ਹੈ ਕਿਉਂਕਿ ਸਪਰਮ ਵਹੇਲ ਬਹੁਤ ਹੀ ਵੱਡਾ ਜਾਨਵਰ (ਲੰਬਾਈ ਕਰੀਬ 55 ਫੁੱਟ) ਹੈ। ਬਹੁਤ ਹੀ ਕਿਸਮਤ ਵਾਲੇ ਲੋਕਾਂ ਨੂੰ ਇਹ ਸਮੁੰਦਰ ਵਿੱਚ ਤੈਰਦਾ ਜਾਂ ਸਮੁੰਦਰੀ ਤੱਟਾਂ 'ਤੇ ਪਿਆ ਮਿਲਦਾ ਹੈ। ਸ਼ੁਰੂ ਵਿੱਚ ਇਹ ਬਦਬੂਦਾਰ ਹੁੰਦਾ ਹੈ ਪਰ ਮਹੀਨਿਆਂ ਜਾਂ ਸਾਲਾਂ ਬੱਧੀ ਸਮੁੰਦਰ ਵਿੱਚ ਤੈਰਦੇ ਰਹਿਣ ਤੋਂ ਬਾਅਦ ਲੂਣੇ ਪਾਣੀ ਨਾਲ ਰਿਐਕਸ਼ਨ ਹੋਣ 'ਤੇ ਇਸ ਦੀ ਬਦਬੂ ਖਤਮ ਹੋ ਜਾਂਦੀ ਹੈ। ਇਸ ਵਿੱਚ ਐਂਬਰੋਕਸਾਈਡ ਅਤੇ ਐਂਬਰੀਨੋਲ ਨਾਮਕ ਕੈਮੀਕਲ ਬਣ ਜਾਂਦੇ ਹਨ ਤੇ ਇਹ ਇੱਕ ਅਲੌਕਿਕ ਕਿਸਮ ਦੀ ਖੁਸ਼ਬੂ ਦੇਣ ਲੱਗ ਪੈਂਦਾ ਹੈ। ਜਿੰਨੀ ਦੇਰ ਜਿਆਦਾ ਇਹ ਸਮੁੰਦਰ ਵਿੱਚ ਰਹਿੰਦਾ ਹੈ, ਉਨੀ ਹੀ ਇਸ ਦੀ ਖੁਸ਼ਬੂ ਵਧੀਆ ਹੋ ਜਾਂਦੀ ਹੈ। ਸੰਸਾਰ ਦੀਆਂ ਚੋਟੀ ਦੀਆਂ ਕਾਸਮੈਟਿਕ ਕੰਪਨੀਆਂ ਇਸ ਨੂੰ ਅਤਿ ਮਹਿੰਗੇ ਪ੍ਰਫਿਊਮ ਬਣਾਉਣ ਲਈ ਬੇਸ ਵਜੋਂ ਵਰਤਦੀਆਂ ਹਨ ਕਿਉਂਕਿ ਇਸ ਨਾਲ ਤਿਆਰ ਕੀਤਾ ਗਿਆ ਪ੍ਰਫਿਊਮ ਬਹੁਤ ਸਮੇਂ ਤੱਕ ਟਿਕਿਆ ਰਹਿੰਦਾ ਹੈ। ਭਾਰਤ ਵਿੱਚ ਇਸ ਦੇ ਵਪਾਰ 'ਤੇ ਪਾਬੰਦੀ ਹੈ ਤੇ ਕਾਲੇ ਬਜ਼ਾਰ ਵਿੱਚ ਇੱਕ ਕਿੱਲੋ ਐਂਬਰਗਰਿਸ ਦੀ ਕੀਮਤ ਇੱਕ ਕਰੋੜ ਨਾਲੋਂ ਵੀ ਵੱਧ ਹੈ।

ਐਂਬਰਗਰਿਸ ਸ਼ਿਕਾਰ ਦਾ ਮਾਸ ਹਜ਼ਮ ਕਰਨ ਲਈ ਸਪਰਮ ਵਹੇਲ ਦੇ ਪਿੱਤੇ ਦੁਆਰਾ ਅੰਤੜੀਆਂ ਵਿੱਚ ਛੱਡੇ ਗਏ ਰਸਾਂ ਤੋਂ ਬਣਦਾ ਹੈ। ਸਪਰਮ ਵਹੇਲ ਬਹੁਤ ਹੀ ਮਾਹਰ ਸ਼ਿਕਾਰੀ ਜਾਨਵਰ ਹੈ ਤੇ ਆਪਣੇ ਵੱਡੇ ਅਕਾਰ ਕਾਰਨ ਇਹ ਵੱਡੀ ਮਾਤਰਾ ਵਿੱਚ ਸਮੁੰਦਰੀ ਜੀਵਾਂ ਦਾ ਸ਼ਿਕਾਰ ਕਰਦੀ ਹੈ। ਵਿਸ਼ਾਲਕਾਈ ਆਕਟੋਪਸ ਇਸ ਦਾ ਮਨਭਾਉਂਦਾ ਸ਼ਿਕਾਰ ਹੈ। ਵਿਗਿਆਨੀਆਂ ਦਾ ਮੰਨਣਾਂ ਹੈ ਕਿ ਸ਼ਿਕਾਰ ਦੀਆਂ ਹੱਡੀਆਂ ਅਤੇ ਹੋਰ ਤਿੱਖੇ ਅੰਗਾਂ ਤੋਂ ਵਹੇਲ ਦੀਆਂ ਅੰਤੜੀਆਂ ਨੂੰ ਬਚਾਉਣ ਖਾਤਰ ਪਿੱਤੇ ਵਾਲੋਂ ਛੱਡੇ ਗਏ ਰਸ ਇਨ੍ਹਾਂ ਦੁਆਲੇ ਜੰਮ ਜਾਂਦੇ ਹਨ ਤਾਂ ਜੋ ਇਹ ਅਸਾਨੀ ਨਾਲ ਸਰੀਰ ਤੋਂ ਬਾਹਰ ਨਿਕਲ ਜਾਣ। ਆਮ ਤੌਰ 'ਤੇ ਐਂਬਰਗਰਿਸ ਮਲ ਮੂਤਰ ਦੇ ਨਾਲ ਹੀ ਪਾਚਨ ਪ੍ਰਣਾਲੀ ਵਿੱਚੋਂ ਬਾਹਰ ਨਿਕਲ ਜਾਂਦਾ ਹੈ, ਪਰ ਕਈ ਵਾਰ ਇਹ ਗੋਲਾ ਜਿਆਦਾ ਵੱਡਾ ਹੋ ਜਾਵੇ ਤਾਂ ਵਹੇਲ ਇਸ ਨੂੰ ਮੂੰਹ ਰਾਹੀਂ ਬਾਹਰ ਸੁੱਟ ਦਿੰਦੀ ਹੈ। ਸਪਰਮ ਵਹੇਲ ਦੇ ਪੇਟ ਵਿੱਚ ਐਂਬਰਗਰਿਸ ਬਣਨ ਲਈ 5 ਤੋਂ 10 ਸਾਲ ਲੱਗਦੇ ਹਨ ਜਿਸ ਕਾਰਨ ਕਈ ਵਾਰ ਸਾਲਾਂ ਬਾਅਦ ਇੱਕ ਦੋ ਹੀ ਐਂਬਰਗਰਿਸ ਮਿਲਦੇ ਹਨ। ਇਸ ਨੂੰ ਮਰਦਾਨਾ ਸ਼ਕਤੀ ਵਧਾਉਣ ਵਾਲਾ ਸਮਝਿਆ ਜਾਂਦਾ ਹੈ ਜਿਸ ਕਾਰਨ ਪ੍ਰਚੀਨ ਕਾਲ ਤੋਂ ਰਾਜਿਆਂ, ਮਹਾਰਾਜਿਆਂ ਅਤੇ ਧਨਾਡਾਂ ਵੱਲੋਂ ਇਸ ਨੂੰ ਵੱਖ ਵੱਖ ਤਰੀਕਿਆਂ ਨਾਲ ਵਰਤੋਂ ਵਿੱਚ ਲਿਆਂਦਾ ਜਾਂਦਾ ਰਿਹਾ ਹੈ। ਇੰਗਲੈਂਡ ਦੇ ਸ਼ਾਹੀ ਮਹਿਲਾਂ ਵਿੱਚ ਇਸ ਨੂੰ ਅੰਡਿਆਂ ਨਾਲ ਪਕਾ ਕੇ ਇੱਕ ਖਾਸ ਡਿੱਸ਼ ਤਿਆਰ ਕੀਤੀ ਜਾਂਦੀ ਸੀ ਜੋ ਰਾਜੇ ਚਾਰਲਸ ਦੂਸਰੇ (ਰਾਜ ਕਾਲ 1649 ਤੋਂ 1685 ਈਸਵੀ) ਨੂੰ ਬਹੁਤ ਪਸੰਦ ਸੀ ਪਰ ਜਿਆਦਾਤਰ ਯੂਰਪੀਨ ਰਾਜੇ ਇਸ ਨੂੰ ਸ਼ਰਾਬ ਨਾਲ ਮਿਲਾ ਕੇ ਪੀਂਦੇ ਸਨ। ਮਿਸਰ ਵਿੱਚ ਇਸ ਦੀ ਵਰਤੋਂ ਅਗਰਬੱਤੀ, ਕੌਫੀ, ਚੌਕਲੇਟ ਅਤੇ ਸਿਗਰਟਾਂ ਨੂੰ ਖੁਸ਼ਬੂਦਾਰ ਬਣਾਉਣ ਲਈ ਕੀਤੀ ਜਾਂਦੀ ਸੀ। ਜਦੋਂ ਯੂਰਪ ਵਿੱਚ ਬਲੈਕ ਡੈੱਥ ਨਾਮਕ ਪਲੇਗ (1346 ਤੋਂ 1353 ਈਸਵੀ, ਜਿਸ ਕਾਰਨ ਯੂਰਪ ਦੀ ਕਰੀਬ ਅੱਧੀ ਅਬਾਦੀ ਖਤਮ ਹੋ ਗਈ ਸੀ) ਫੈਲਿਆ ਸੀ ਤਾਂ ਇਹ ਮੰਨਿਆਂ ਜਾਂਦਾ ਸੀ ਕਿ ਜੇ ਐਂਬਰਗਰਿਸ ਨੂੰ ਜ਼ੇਬ ਵਿੱਚ ਰੱਖਿਆ ਜਾਵੇ ਤਾਂ ਇਸ ਮਹਾਂਮਾਰੀ ਤੋਂ ਬਚਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਇਸ ਨੂੰ ਚੇਚਕ, ਕੋਹੜ, ਟੀ.ਬੀ. ਅਤੇ ਦਮਾਂ ਆਦਿ ਗੰਭੀਰ ਬਿਮਾਰੀਆਂ ਦੀਆਂ ਦਵਾਈਆਂ ਵਿੱਚ ਵੀ ਵਰਤਿਆ ਜਾਂਦਾ ਸੀ।

ਇਸ ਵੇਲੇ ਐਂਬਰਗਰਿਸ ਦੇ ਵਪਾਰ 'ਤੇ ਆਸਟਰੇਲੀਆ, ਅਮਰੀਕਾ ਅਤੇ ਭਾਰਤ ਆਦਿ ਦੇਸ਼ਾਂ ਵਿੱਚ ਪਬੰਦੀ ਹੈ ਪਰ ਇੰਗਲੈਂਡ, ਫਰਾਂਸ, ਸਵਿਟਜ਼ਰਲੈਂਡ ਅਤੇ ਮਾਲਦੀਵਸ ਆਦਿ ਦੇਸ਼ਾਂ ਵਿੱਚ ਖੁਲ੍ਹ ਹੈ। ਇਸ 'ਤੇ ਪਬੰਦੀ ਲਗਾਉਣ ਦਾ ਮੁੱਖ ਕਾਰਨ ਇਹ ਹੈ ਕਿ 18ਵੀਂ ਅਤੇ 19ਵੀਂ ਸਦੀ ਵਿੱਚ ਚਰਬੀ, ਹੱਡੀਆਂ, ਮਾਸ ਅਤੇ ਐਂਬਰਗਰਿਸ ਪ੍ਰਾਪਤ ਕਰਨ ਲਈ ਸਪਰਮ ਵਹੇਲ ਸਮੇਤ ਵਹੇਲ ਮੱਛੀਆਂ ਦਾ ਸ਼ਿਕਾਰ ਐਨਾ ਵਧ ਗਿਆ ਸੀ ਕਿ ਇੱਕ ਸਾਲ ਵਿੱਚ 50000 ਤੱਕ ਵਹੇਲਾਂ ਮਾਰ ਦਿੱਤੀਆਂ ਜਾਂਦੀਆਂ ਸਨ। ਇਸ ਕਾਰਨ ਵਹੇਲਾਂ ਦੀ ਪ੍ਰਜਾਤੀ ਦੇ ਲੁਪਤ ਹੋਣ ਦਾ ਖਤਰਾ ਪੈਦਾ ਹੋ ਗਿਆ ਸੀ। ਇਸ ਖਤਰੇ ਨੂੰ ਭਾਂਪ ਕੇ ਫਿਕਰਮੰਦ ਦੇਸ਼ਾਂ ਨੇ 1982 ਵਿੱਚ ਇੰਟਰਨੈਸ਼ਨਲ ਵਹੇਲਿੰਗ ਕਮਿਸ਼ਨ ਦੀ ਸਥਾਪਨਾ ਕੀਤੀ ਤੇ ਇੱਕ ਨਿਸ਼ਚਿਤ ਮਾਤਰਾ ਤੋਂ ਵੱਧ ਵਹੇਲਾਂ ਦੇ ਸ਼ਿਕਾਰ 'ਤੇ ਪਾਬੰਦੀ ਲਗਾ ਦਿੱਤੀ ਗਈ। ਪਰ ਅਧੁਨਿਕ ਕਾਸਮੈਟਿਕ ਇੰਡਸਟਰੀ ਨੇ ਇਸ ਦਾ ਹੱਲ ਲੱਭ ਲਿਆ ਹੈ ਤੇ ਹੁਣ ਐਂਬਰਗਰਿਸ ਦੀ ਜਗ੍ਹਾ ਪ੍ਰੋਫਿਊਮ ਵਿੱਚ ਸਿੰਥੈਟਿਕ ਐਂਬਰੋਕਸਾਈਡ ਦੀ ਵਰਤੋਂ ਕੀਤੀ ਜਾ ਰਹੀ ਹੈ। ਐਂਬਰਗਰਿਸ ਸਭ ਤੋਂ ਜਿਆਦਾ ਦੱਖਣੀ ਅਫਰੀਕਾ, ਬਰਾਜ਼ੀਲ, ਮੈਡਗਾਸਕਰ, ਵੈਸਟ ਇੰਡੀਜ਼, ਮਾਲਦੀਵਜ਼, ਚੀਨ, ਜਪਾਨ, ਭਾਰਤ, ਆਸਟਰੇਲੀਆ, ਨਿਊਜ਼ੀਲੈਂਡ, ਬਹਾਮਾਸ ਅਤੇ ਮੱਲਾਕਾ ਟਾਪੂਆਂ ਦੇ ਸਮੁੰਦਰੀ ਤੱਟਾਂ 'ਤੇ ਮਿਲਦਾ ਹੈ। 2021 ਵਿੱਚ ਬਹਾਮਾਸ ਦੇ ਇੱਕ ਮਛੇਰੇ ਨੂੰ 127 ਕਿੱਲੋ ਦਾ ਐਂਬਰਗਰਿਸ ਮਿਲਿਆ ਸੀ ਜਿਸ ਦੀ ਕੀਮਤ 15 ਲੱਖ ਅਮਰੀਕਨ ਡਾਲਰ (ਤਕਰੀਬਨ 13 ਕਰੋੜ ਰੁਪਏ) ਮਿਥੀ ਗਈ ਸੀ।

ਬਲਰਾਜ ਸਿੰਘ ਸਿੱਧੂ ਏ.ਆਈ.ਜੀ.
(ਰਿਟਾ.) ਪੰਡੋਰੀ ਸਿੱਧਵਾਂ
9501100062

# ਗ਼ੁੱਸਾ, ਮਾਨਸਿਕ ਤੇ ਸਰੀਰਕ ਰੋਗਾਂ ਦਾ ਵੱਡਾ ਕਾਰਨ



ਆਮ ਤੌਰ ਤੇ ਅਸੀਂ ਦੂਜਿਆਂ ਨਾਲ ਗ਼ੁੱਸੇ ਹੁੰਦੇ ਹਾਂ ਤੇ ਕਈ ਵਾਰ ਆਪਣੇ ਆਪ ਨਾਲ ਵੀ ਹੁੰਦੇ ਹਾਂ। ਗ਼ੁੱਸਾ ਜਦੋਂ ਵੀ ਆਉਂਦਾ ਹੈ, ਉਸਦਾ ਇੱਕ ਹੀ ਕਾਰਨ ਹੁੰਦਾ ਹੈ ਕਿ ਅਸੀਂ ਦੂਜੇ ਤੋਂ ਕੁਝ ਆਸ ਕਰਦੇ ਸੀ ਤੇ ਉਹ ਪੂਰੀ ਨਹੀਂ ਹੋਈ। ਕਾਮਨਾਵਾਂ ਜਾਂ ਇਛਾਵਾਂ ਹੀ ਗ਼ੁੱਸੇ ਤੇ ਦੁੱਖ ਦਾ ਕਾਰਨ ਹਨ।

ਬੇਸ਼ਕ ਦੂਜੇ ਨੂੰ ਮਾੜਾ ਬੋਲ ਕੇ ਅਸੀਂ ਗ਼ੁੱਸਾ ਕੱਢ ਦੇਈਏ ਜਾਂ ਅੰਦਰ ਦਬਾਅ ਲਈਏ, ਸਾਡਾ ਹੀ ਨੁਕਸਾਨ ਕਰਦਾ ਹੈ। ਬੁੱਧ ਦੇ ਇਹ ਬਚਨ ਇਹੀ ਦੱਸਦੇ ਹਨ ਕਿ ਗ਼ੁੱਸਾ ਦਬਾਉਣਾ ਜ਼ਹਿਰ ਪੀਣ ਸਮਾਨ ਹੈ ਤੇ ਅਜਿਹਾ ਸੋਚਣਾ ਹੈ ਕਿ ਜ਼ਹਿਰ ਅਸੀਂ ਪੀਈਏ ਤੇ ਮਰ ਕੋਈ ਹੋਰ ਜਾਏ, ਅਜਿਹਾ ਸੰਭਵ ਨਹੀਂ। ਬਹੁਤੇ ਮਾਨਸਿਕ ਤੇ ਸਰੀਰਕ ਰੋਗ ਗ਼ੁੱਸੇ ਨੂੰ ਦਬਾਉਣ ਤੇ ਗਲਤ ਢੰਗ ਨਾਲ ਪ੍ਰਗਟ ਕਰਨ ਕਰਕੇ ਹੁੰਦੇ ਹਨ। ਇੱਛਾ ਰਹਿਤ ਹੋਣਾ ਹੀ ਗ਼ੁੱਸੇ ਤੋਂ ਛੁਟਕਾਰੇ ਦਾ ਸਾਧਨ ਹੈ। ਪਰ ਇੱਛਾਵਾਂ ਨੂੰ ਦਬਾਉਣਾ, ਇੱਛਾਵਾਂ ਨੂੰ ਪੂਰੀਆਂ ਕਰਨ ਲਈ ਦੌੜ ਭੱਜ ਕਰਨ ਤੋਂ ਵੀ ਜ਼ਿਆਦਾ ਖ਼ਤਰਨਾਕ ਹੈ।

ਗਾਲ਼ਾਂ ਕੱਢ ਕੇ, ਗੁੱਸੇ ਵਿੱਚ ਲਾਲ ਪੀਲ਼ਾ ਹੋ ਕੇ, ਲੜਾਈ ਤੇ ਤੋੜ ਭੰਨ ਕਰਕੇ, ਚੀਕ ਚਿਹਾੜਾ ਪਾ ਕੇ, ਉੱਚੀ ਉੱਚੀ ਬੋਲ ਕੇ, ਰੋ ਕੇ, ਗੁੱਸਾ ਬਾਹਰ ਕੱਢ ਦੇਣਾ, ਗ਼ੁੱਸਾ ਦਬਾਉਣ ਨਾਲ਼ੋਂ ਕਿਤੇ ਚੰਗਾ ਹੈ, ਪਰ ਇਸ ਨਾਲ਼ੋਂ ਸਾਨੂੰ ਗ਼ੁੱਸਾ ਕੱਢਣ ਦਾ ਆਰਟ ਸਿੱਖਣਾ ਚਾਹੀਦਾ ਹੈ। ਜੇ ਗ਼ੁੱਸੇ ਨੂੰ ਅੰਦਰ ਰੱਖੋਗੇ ਤਾਂ ਇਹ ਮਾਨਸਿਕ ਰੋਗ ਪੈਦਾ ਕਰੇਗਾ।

ਗੁੱਸੇ ਨੂੰ ਕੰਟਰੋਲ ਕਰਨ, ਦਬਾਉਣ, ਮੈਨੇਜ ਕਰਨ ਦੇ ਪੱਛਮ ਦੇ ਸਾਰੇ ਤਰੀਕੇ ਫੇਲ੍ਹ ਹੋ ਚੁੱਕੇ ਹਨ। ਇਸ ਨਾਲ਼ ਡਿਪਰੈਸ਼ਨ, ਚਿੰਤਾ, ਕੈਂਸਰ, ਬਲੱਡ ਪ੍ਰੈਸ਼ਰ, ਸ਼ੂਗਰ ਆਦਿ ਰੋਗ ਦਿਨੋ-ਦਿਨ ਦੁਨੀਆਂ ਭਰ ਵਿੱਚ ਵਧ ਰਹੇ ਹਨ। ਗ਼ੁੱਸਾ ਇੱਕ ਬਹੁਤ ਵੱਡੀ ਤਾਕਤ ਵੀ ਹੈ, ਜੇ ਇਸਨੂੰ ਕਿਸੇ ਚੰਗੇ ਕਾਰਜ ਵਿੱਚ ਬਦਲਿਆ ਜਾ ਸਕੇ ਤਾਂ ਮਨੁੱਖ ਦੀ ਕਾਇਆ ਕਲਪੀ ਹੋ ਸਕਦੀ ਹੈ। ਮਨ ਦੀ ਸਾਧਨਾ ਹੀ ਇਸਦਾ ਇੱਕੋ ਇੱਕ ਦਵਾਈਆਂ ਤੇ ਨਸ਼ਿਆਂ ਰਹਿਤ ਇਲਾਜ ਹੈ।






## ਜਰਖੜ ਖੇਡਾਂ ਦੇ 39 ਵਰ੍ਹੇ –

# ਇਸ ਵਰ੍ਹੇ ਇਤਿਹਾਸਕ ਪੈੜਾ ਪਾਉਣਗੀਆਂ ਮਾਡਰਨ ਪੇਂਡੂ ਮਿੰਨੀ ਉਲੰਪਿਕ ਜਰਖੜ ਖੇਡਾਂ

## ਜਰਖੜ ਖੇਡਾਂ ਹੋਣਗੀਆਂ 7– 8 ਅਤੇ 9 ਫਰਵਰੀ 2025 ਨੂੰ

ਜਰਖੜ ਖੇਡਾਂ 'ਤੇ ਵਿਸ਼ੇਸ਼ ਰਿਪੋਰਟ

ਅੰਤਰਰਾਸ਼ਟਰੀ ਪੱਧਰ ਤੇ ਨਾਮਣਾ ਖੱਟ ਚੁੱਕੀਆਂ ਜਰਖੜ ਖੇਡਾਂ ਆਪਣੇ 39 ਵਰ੍ਹੇ ਪੂਰੇ ਕਰ ਚੁੱਕੀਆਂ ਹਨ। ਇਸ ਵਰੇ 37ਵੀਆਂ ਇਨਫੀਲਡ ਮੋਟਰ ਸਾਇਕਲ, ਕੋਕਾ ਕੋਲਾ, ਏਵਨ ਸਾਈਕਲ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ ਇਸ ਵਰ੍ਹੇ 7–8–9 ਫਰਵਰੀ 2025 ਨੂੰ 6 ਕਰੋੜ ਦੀ ਲਾਗਤ ਨਾਲ ਮਾਤਾ ਸਾਹਿਬ ਕੌਰ ਸਪੋਰਟਸ ਕੰਪਲੈਕਸ ਜਰਖੜ ਵਿੱਚ ਹੋ ਰਹੀਆਂ ਹਨ।

ਖੇਡਾਂ ਪ੍ਰਤੀ ਸੁਹਿਰਦ ਲੋਕਾਂ, ਸਪਾਂਸਰ ਅਤੇ ਪ੍ਰਵਾਸੀ ਖੇਡ ਪ੍ਰਮੋਟਰਾਂ ਨੂੰ ਇਹ ਲੇਖ ਲਿਖਣ ਤੋਂ ਪਹਿਲਾ ਇੱਕ ਬੇਨਤੀ ਕਰਾਂਗਾ ਕਿ ਜੇਕਰ ਉਹ ਵਾਕਿਆ ਹੀ ਪੰਜਾਬ ਦੀਆਂ ਖੇਡਾਂ ਪ੍ਰਤੀ ਚਿੰਤਤ ਹਨ ,ਤਾਂ ਜਰਖੜ ਖੇਡ ਸਟੇਡੀਅਮ ਦਾ ਇੱਕ ਵਾਰ ਗੇੜਾ ਜ਼ਰੂਰ ਮਾਰ ਕੇ ਆਉਣ। ਪਿੰਡ ਜਰਖੜ ਲੁਧਿਆਣਾ ਤੋਂ 12 ਕਿਲੋਮੀਟਰ ਦੂਰ ਮਲੇਰਕੋਟਲਾ ਰੋਡ ਨੇੜੇ ਆਲਮਗੀਰ ਸਾਹਿਬ ਨੇੜੇ ਗੁਰੂ ਗੋਬਿੰਦ ਸਿੰਘ ਮਾਰਗ ਤੇ ਸਥਿਤ ਹੈ। 2000 ਕੁ ਹਜ਼ਾਰ ਦੀ ਅਬਾਦੀ ਵਾਲੇ ਇਸ ਪਿੰਡ ਨੇ ਖੇਡਾਂ ਦੇ ਖੇਤਰ ਵਿੱਚ ਆਪਣੀ ਪਹਿਚਾਣ ਪੂਰੀ ਦੁਨੀਆ ਵਿੱਚ ਬਣਾ ਲਈ ਹੈ। ਖੇਡਾਂ ਤੋਂ ਇਲਾਵਾ ਵਿਰਾਸਤ ਨਾਲ ਸੰਬੰਧਿਤ ਇੱਕ ਅਜੂਬਾ "ਜੰਨਤ ਏ ਜਰਖੜ " ਦਾ ਨਜ਼ਾਰਾ ਵੀ ਵੇਖਣ ਵਾਲਾ ਹੈ।

ਗੱਲ ਕਰੀਏ ਜਰਖੜ ਖੇਡਾਂ ਦੀ ਕਿ 1986 'ਚ 1200 ਰੁਪਏ ਦੇ ਬਜਟ ਨਾਲ ਅਤੇ ਨਿੱਕੇ ਜਿਹੇ ਗਰਾਊਂਡ 'ਚ ਹੋਈ ਖੇਡਾਂ ਦੀ ਸ਼ੁਰੂਆਤ ਨੇ ਅੱਜ ਪੰਜਾਬ ਦਾ ਹੀ ਨਹੀਂ ਸਗੋਂ ਮੁਲਕ ਦਾ ਇੱਕ ਅਜਿਹਾ ਨਿਵੇਕਲਾ ਸਟੇਡੀਅਮ ਜੋ ਮਾਤਾ ਸਾਹਿਬ ਕੌਰ ਦੇ ਨਾਮ ਤੇ ਹੈ, ਆਪਣੀ ਨਵੀਂ ਬਣਤਰ ਨਾਲ ਪੰਜਾਬ ਦੇ ਪੇਂਡੂ ਖੇਡ ਮੇਲਿਆ ਦਾ ਇੱਕ ਅਜੂਬਾ ਬਣ ਗਿਆ ਹੈ।

ਜਰਖੜ ਖੇਡਾਂ ਦੀ ਸਭ ਤੋਂ ਵੱਡੀ ਖਾਸੀਅਤ ਹੈ ਕਿ ਇਨ੍ਹਾਂ ਖੇਡਾਂ 'ਚ ਉਲੰਪਿਕ ਪੱਧਰ ਅਤੇ ਸਕੂਲੀ ਖੇਡਾਂ ਨੂੰ ਹੀ ਉਤਸ਼ਾਹਿਤ ਕੀਤਾ ਜਾਂਦਾ ਹੈ। ਸਟੇਡੀਅਮ ਵਿਚ ਇੱਕੋਂ ਸਮੇਂ ਬੈਠਿਆਂ ਦਾ 8 ਖੇਡਾਂ ਆਨੰਦ ਮਾਣਿਆ ਜਾ ਸਕਦਾ ਹੈ। ਇਨ੍ਹਾਂ ਖੇਡਾਂ ਵਿੱਚ ਆਮ ਤੌਰ 'ਤੇ ਕਬੱਡੀ ,ਹਾਕੀ, ਫੁੱਟਬਾਲ,ਹੈਂਡਬਾਲ, ਬਾਸਕਟਬਾਲ, ਵਾਲੀਬਾਲ ਸ਼ੂਟਿੰਗ, ਕੁਸ਼ਤੀਆਂ, ਸਾਈਕਲਿੰਗ, ਰੱਸਾਕਸ਼ੀ,ਅਥਲੈਟਿਕਸ ਆਦਿ ਖੇਡਾਂ ਦੇ ਮੁਕਾਬਲੇ ਹੁੰਦੇ ਹਨ। ਇਸੇ ਕਰਕੇ ਇਨ੍ਹਾਂ ਖੇਡਾਂ ਨੂੰ ਪੰਜਾਬ ਦੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਖੇਡਾਂ ਵਜੋਂ ਪਹਿਚਾਣ ਮਿਲੀ ਹੈ।

ਸਾਲ 2003 ਮਾਰਚ ਤੋਂ ਜਰਖੜ ਸਟੇਡੀਅਮ ਬਣਨਾ ਸ਼ੁਰੂ ਹੋਇਆ, ਅੱਜ ਇਸ ਵਿੱਚ ਐਸਟਰੋਟਰਫ ਹਾਕੀ ਮੈਦਾਨ, ਗਰਾਸ ਹਾਕੀ, ਦੋ ਵਾਲੀਬਾਲ ਕੋਰਟ, ਹੈਂਡਬਾਲ ਅਤੇ ਬਾਸਕਟਬਾਲ ਕੋਰਟ, ਕਬੱਡੀ ਅਤੇ ਕੁਸ਼ਤੀਆਂ ਦੇ ਵਧੀਆ ਮੈਦਾਨ ਬਣੇ ਹੋਏ ਹਨ। ਤਿੰਨ ਪ੍ਰਮੁੱਖ ਵੱਡੀਆਂ ਸਟੇਜਾਂ, ਸਟੇਡੀਅਮ ਵਿੱਚ ਤਿੰਨ ਦਰਜਨ ਦੇ ਕਰੀਬ ਕਮਰੇ, ਜਿੰਮ, ਫੋਟੋ ਗੈਲਰੀ, ਆਧੁਨਿਕ ਸਹੂਲਤਾਂ ਵਾਲਾ ਦਫਤਰ, ਸਟੂਡੀਓ ਰੂਮ ਆਦਿ ਬਣੇ ਹੋਏ ਹਨ। ਜਰਖੜ ਸਟੇਡੀਅਮ ਪੰਜਾਬ ਦਾ ਪਹਿਲਾ ਇੱਕੋ ਇੱਕ ਸਟੇਡੀਅਮ ਹੈ, ਜਿੱਥੇ ਫਲੱਡ ਲਾਈਟਾਂ ਦੀ ਸਹੂਲਤ ਵੀ ਉਪਲਬਧ ਹੈ ਤੇ ਇਸ ਤੋਂ ਇਲਾਵਾ ਸਟੇਡੀਅਮ ਵਿੱਚ ਬਣੀ ਫੋਟੋ ਗੈਲਰੀ ਵਿੱਚ ਪੁਰਾਣੀਆਂ ਖੇਡਾਂ ਦੀਆਂ ਯਾਦਗਾਰਾਂ ਧਿਆਨ ਚੰਦ ਤੋਂ ਲੈ ਕੇ ਨਾਮੀ ਖਿਡਾਰੀਆਂ ਦੀਆਂ ਤਸਵੀਰਾਂ ਜਰਖੜ ਖੇਡਾਂ ਨਾਲ ਸਬੰਧਤ ਵੱਡੀਆਂ ਤਸਵੀਰਾਂ ਸਟੇਡੀਅਮ ਦੀ ਸ਼ਾਨ ਨੂੰ ਵਧਾ ਰਹੀਆਂ ਹਨ। ਇਸ ਤੋਂ ਇਲਾਵਾ 7 ਉੱਘੀਆਂ ਖੇਡ ਸਖਸ਼ੀਅਤਾਂ ਜਿੰਨ੍ਹਾਂ ਵਿੱਚ ਫਲਾਇੰਗ ਸਿੱਖ ਮਿਲਖਾ ਸਿੰਘ, ਹਾਕੀ ਦਾ ਜਾਦੂਗਰ ਧਿਆਨ ਚੰਦ, ਉਲੰਪੀਅਨ ਸੁਰਜੀਤ ਸਿੰਘ ਰੰਧਾਵਾ, ਉਲੰਪੀਅਨ ਪ੍ਰਿਥੀਪਾਲ ਸਿੰਘ, ਪਹਿਲੇ ਸਿੱਖ ਜਿਨ੍ਹਾਂ ਨੇ ਚਾਰ ਉਲੰਪਿਕਾਂ ਖੇਡਣ ਦਾ ਮਾਣ ਹਾਸਲ ਕੀਤਾ ਉਲੰਪੀਅਨ ਊਧਮ ਸਿੰਘ, ਖੇਡ ਪ੍ਰਮੋਟਰ ਅਮਰਜੀਤ ਸਿੰਘ ਗਰੇਵਾਲ ਗੁੱਜਰਵਾਲ, ਕਬੱਡੀ ਖਿਡਾਰੀ ਸਵ: ਮਾਣਕ ਜੋਧਾ ਦੇ ਆਦਮਕੱਦ ਬੁੱਤ ਸਥਾਪਿਤ ਕੀਤੇ ਗਏ ਹਨ। ਇਸਤੋਂ ਇਲਾਵਾ ਸੈਵਨ–ਏ ਸਾਈਡ ਨੀਲੇ ਰੰਗ ਦੀ ਐਸਟਰੋਟਰਫ ਜੋ ਆਪਣੇ ਹੀਲੇ ਵਸੀਲੇ ਨਾਲ ਲਗਵਾਈ ਹੈ, ਸਟੇਡੀਅਮ ਦੀ ਸ਼ੋਭਾ ਨੂੰ ਵਧਾ ਰਹੀ ਹੈ।




ਸਾਲ 2006 ਵਿੱਚ ਅਪ੍ਰੈਲ ਦੇ ਵਿੱਚ ਜਰਖੜ ਵਿਖੇ ਹਾਕੀ ਅਕੈਡਮੀ ਦੀ ਸਥਾਪਨਾ ਹੋਈ, ਜਰਖੜ ਅਕੈਡਮੀ 'ਚ ਇਸ ਵੇਲੇ 80 ਦੇ ਕਰੀਬ ਖਿਡਾਰੀ ਹਾਕੀ ਦੀ ਟ੍ਰੇਨਿੰਗ ਲੈ ਰਹੇ ਹਨ। ਸਾਰੇ ਹੀ ਖਿਡਾਰੀ ਗਰੀਬ ਘਰਾਂ ਨਾਲ ਸਬੰਧਤ ਹਨ। ਪਿਛਲੇ 1 ਦਹਾਕੇ 'ਚ 300 ਦੇ ਕਰੀਬ ਸਕੂਲ ਨੈਸ਼ਨਲ ਤੇ 60 ਤੋਂ ਵੱਧ ਕੌਮੀ ਪੱਧਰ ਦੇ ਮੁਕਾਬਲੇ ਖੇਡ ਚੁਕੇ ਹਨ। ਹੁਣ ਤੱਕ ਵੱਖ–ਵੱਖ ਵਿਭਾਗਾਂ 'ਚ 40 ਦੇ ਕਰੀਬ ਖਿਡਾਰੀਆਂ ਨੂੰ ਸਰਕਾਰੀ ਵਿਭਾਗਾਂ ਵਿੱਚ ਨੌਕਰੀ ਮਿਲ ਚੁੱਕੀ ਹੈ। ਉੱਤਰ ਭਾਰਤ ਦੇ ਸਾਰੇ ਪ੍ਰਮੁੱਖ ਟੂਰਨਾਮੈਂਟਾਂ 'ਚ ਜਰਖੜ ਅਕਾਦਮੀ ਦੇ ਖਿਡਾਰੀ ਆਪਣੀ ਪਹਿਚਾਣ ਨੂੰ ਦਰਸਾ ਰਹੇ ਹਨ।

ਜਰਖੜ ਖੇਡਾਂ, ਸਟੇਡੀਅਮ ਤੇ ਅਕਾਦਮੀ ਨੂੰ ਇਸ ਮੁਕਾਮ 'ਤੇ ਪਹੁੰਚਦਿਆਂ ਬਹੁਤ ਵੱਡੀਆਂ ਆਫਤਾਂ ਵੀ ਆਈਆਂ ਤੇ ਹਰ ਰੋਜ਼ ਕੋਈ ਨਵੀਂ ਤੋਂ ਨਵੀਂ ਸਮੱਸਿਆ ਆਉਂਦੀ ਹੈ ਪਰ ਪ੍ਰਮਾਤਮਾ ਦੀ ਮਿਹਰ ਸਦਕਾ ਅੱਜ ਜਰਖੜ ਖੇਡਾਂ ਬੁਲੰਦੀਆਂ ਵੱਲ ਵਧ ਰਹੀਆਂ ਹਨ। ਪੰਜਾਬ ਦੇ ਨਾਮੀ ਗਾਇਕ ਹਰਭਜਨ ਮਾਨ, ਜੈਜੀ ਬੀ,ਦਿਲਜੀਤ ਦੀ ਦੋਸਾਂਝ, ਮਨਮੋਹਣ ਵਾਰਿਸ, ਦੇਬੀ ਮਖਸੂਸਪੁਰੀ, ਹਰਜੀਤ ਹਰਮਨ, ਕੰਵਰ ਗਰੇਵਾਲ ਨੇ ਜਰਖੜ ਸਟੇਡੀਅਮ ਤੋਂ ਪ੍ਰਭਾਵਿਤ ਹੋ ਕੇ ਵੱਖ–ਵੱਖ ਸਮੇਂ ਦੌਰਾਨ ਮੁਫਤ ਅਖਾੜੇ ਵੀ ਲਗਾਏ। ਇਹਨਾਂ ਸਾਰਿਆਂ ਦੇ ਯੋਗਦਾਨ ਸਦਕਾ ਜਰਖੜ ਖੇਡ ਅਕਾਦਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ ਆਪਣੀ ਦਿਨ ਰਾਤ ਦੀ ਮਿਹਨਤ ਨਾਲ ਸਟੇਡੀਅਮ ਨੂੰ ਪੂਰੇ ਵਿਸ਼ਵ 'ਚ ਰੁਸ਼ਨਾਉਣ ਦਾ ਜ਼ੋਰ ਲਗਾ ਰਹੇ ਹਨ। ਜਿਸਦੀ ਮਿਸਾਲ ਜਰਖੜ ਪਿੰਡ ਦੇ ਸਟੇਡੀਅਮ 'ਚ ਪਹੁੰਚਦਿਆਂ ਹੀ ਪਤਾ ਚਲਦਾ ਹੈ।

ਇਸ ਵਰ੍ਹੇ ਦੀਆਂ ਜਰਖੜ ਖੇਡਾਂ ਜੋ 7–8–9 ਫਰਵਰੀ 2025 ਨੂੰ ਹੋ ਰਹੀਆਂ ਹਨ। ਕਬੱਡੀ ਓਪਨ ਦਾ ਕੱਪ ਪੁਰਾਣੇ ਕਬੱਡੀ ਖਿਡਾਰੀ ਅਤੇ ਖੇਡਾਂ ਨੂੰ ਸਮਰਪਿਤ ਉੱਘੀ ਸ਼ਖਸੀਅਤ ਸਵਰਗੀ ਨਾਇਬ ਸਿੰਘ ਗਰੇਵਾਲ ਯੋਧਾਂ ਦੀ ਯਾਦ ਨੂੰ ਸਮਰਪਿਤ ਹੋਵੇਗਾ। ਇਸਦੇ ਨਾਲ ਹੀ ਮਾਤਾ ਸਾਹਿਬ ਕੌਰ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ, ਵਿਧਾਇਕ ਜੀਵਨ ਸਿੰਘ ਸੰਗੋਵਾਲ, ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਪ੍ਰਧਾਨ ਐਡਵੋਕੇਟ ਹਰਕਮਲ ਸਿੰਘ, ਕਬੱਡੀ ਪ੍ਰਮੋਟਰ ਮੋਹਣਾ ਜੋਧਾਂ ਸਿਆਟਲ, ਦਲਜੀਤ ਸਿੰਘ ਜਰਖੜ ਕੈਨੇਡਾ, ਜਗਦੀਪ ਸਿੰਘ ਕਾਹਲੋਂ, ਬਲਵੀਰ ਸਿੰਘ ਹੀਰ, ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰਾ, ਸਾਬੀ ਕੂਨਰ ਕੈਨੇਡਾ , ਪਰਮਜੀਤ ਸਿੰਘ ਨੀਟੂ, ਸ਼ਿੰਗਾਰਾ ਸਿੰਘ ਜਰਖੜ, ਗੁਰਸਤਿੰਦਰ ਸਿੰਘ ਪਰਗਟ, , ਪ੍ਰੋ ਰਜਿੰਦਰ ਸਿੰਘ, ਹਰਦੇਵ ਸਿੰਘ ਦੁਲੇਅ ਆਦਿ ਹੋਰ ਨੇੜਲੇ ਸਾਥੀ ਅਤੇ ਪੂਰੀ ਟੀਮ ਵੱਲੋਂ ਖੇਡਾਂ ਦੀ ਕਾਮਯਾਬੀ ਲਈ ਤਨ ਮਨ ਧਨ ਨਾਲ ਆਪਣਾ ਸਹਿਯੋਗ ਦਿੱਤਾ ਜਾ ਰਿਹਾ ਹੈ।

ਇਸ ਵਾਰ ਇਹਨਾਂ ਖੇਡਾਂ ਵਿੱਚ ਹਾਕੀ (ਮਰਦ ਤੇ ਇਸਤਰੀਆਂ )ਹਾਕੀ ਅੰਡਰ 15 ਸਾਲ ਮੁੰਡੇ , ਕੁਸ਼ਤੀਆਂ , ਰੱਸਾਕਸੀ ਸਕੂਲੀ ਪੱਧਰ ,ਵਾਲੀਵਾਲ ,ਫੁਟਬਾਲ ਖੇਡਾਂ ਦੇ ਮੁਕਾਬਲੇ ਹੋਣਗੇ ।

### ਜਰਖੜ ਖੇਡਾਂ ਤੇ ਹੋਵੇਗਾ 6 ਸਖਸ਼ੀਅਤਾਂ ਦਾ ਵਿਸ਼ੇਸ਼ ਸਨਮਾਨ

ਖੇਡਾਂ ਦਾ ਉਦਘਾਟਨੀ ਸਮਾਰੋਹ ਬੇਹੱਦ ਲਾਜਵਾਬ ਹੋਵੇਗਾ ਖੇਡਾਂ ਦੇ ਫਾਈਨਲ ਸਮਾਰੋਹ ਤੇ 9 ਫਰਵਰੀ ਨੂੰ ਜਿੱਥੇ ਵੱਖ–ਵੱਖ ਖੇਡਾਂ ਦੇ ਫਾਈਨਲ ਮੁਕਾਬਲੇ ਮੁੱਖ ਖਿੱਚ ਦਾ ਕੇਂਦਰ ਹੋਣਗੇ ਉੱਥੇ ਉੱਘੇ ਲੋਕ ਗਾਇਕਾ ਦਾ ਖੁੱਲਾ ਅਖਾੜਾ ਵੀ ਦਰਸ਼ਕਾਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਹੋਵੇਗਾ । ਜਿਸ ਵਿੱਚ ਲੋਕ ਗਾਇਕ ਜੈਜੀ ਬੀ, ਗਿੱਲ ਹਰਦੀਪ, ਨਿਰਮਲ ਸਿੱਧੂ ਯੂਕੇ ,ਕਮਲ ਗਰੇਵਾਲ, ਹਰਫ਼ ਚੀਮਾ,ਨੀਟੂ ਸਟਰਾਂ ਵਾਲਾ ਆਦ ਹੋਰ ਨਰਮੀ ਗਾਇਕ ਦਰਸ਼ਕਾਂ ਦਾ ਮਨੋਰੰਜਨ ਕਰਨਗੇ। ਇਸ ਮੌਕੇ ਤੇ ਉੱਘੀਆ 6 ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ ਹੋਵੇਗਾ। ਜਿਸ ਵਿੱਚ ਪੱਤਰਕਾਰ ਸਵਰਨ ਟਹਿਣਾ ,ਜ਼ਿਲਾ ਸਿੱਖਿਆ ਅਫਸਰ ਸ੍ਰੀਮਤੀ ਰਵਿੰਦਰ ਕੌਰ ਲੋਕ ਗਾਇਕ ਜਸਵੰਤ ਸੰਦੀਲਾ , ਹਾਕੀ ਉਲੰਪੀਅਨ ਬਲਵਿੰਦਰ ਸਿੰਘ ਸੰਮੀ, ਖੇਡ ਲੇਖਕ ਨਵਦੀਪ ਸਿੰਘ ਗਿੱਲ, ਕਬੱਡੀ ਸਟਾਰ ਤਾਰਾ ਸਿੰਘ ਘਣਗਸ ਨੂੰ ਵੱਖ–ਵੱਖ ਐਵਾਰਡਾਂ ਨਾਲ ਸਨਮਾਨਿਤ ਕੀਤਾ ਜਾਵੇਗਾ। ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ 2025 ਦੇ ਇਸ ਵਰ੍ਹੇ ਇਤਿਹਾਸ ਦਾ ਇੱਕ ਹੋਰ ਨਵਾਂ ਪੰਨਾ ਜੜਨ ਗਈਆਂ। ਜੋ ਕਿ ਖਿਡਾਰੀਆਂ ਅਤੇ ਦਰਸ਼ਕਾਂ ਲਈ ਇੱਕ ਪ੍ਰੇਰਨਾ ਸਰੋਤ ਹੋਣਗੀਆਂ। ਗੁਰੂ ਭਲੀ ਕਰੇ, ਰੱਬ ਰਾਖਾ।

ਯਾਦਵਿੰਦਰ ਸਿੰਘ ਤੂਰ, ਖੇਡ ਲੇਖਕ




# World Champion ਬਣਦਿਆਂ ਹੀ ਭਾਰਤੀ ਧੀਆਂ ਹੋਈਆਂ ਮਾਲੋ–ਮਾਲ




2023 ਵਿਚ ਦੱਖਣੀ ਅਫਰੀਕਾ 'ਚ ਹੋਏ ਪਹਿਲੇ ਅੰਡਰ–19 ਮਹਿਲਾ ਟੀ20 ਵਿਸ਼ਵ ਕੱਪ ਵਿਚ ਇੰਗਲੈਂਡ ਨੂੰ ਹਰਾ ਕੇ ਖਿਤਾਬ ਜਿੱਤਣ ਵਾਲੀ ਭਾਰਤੀ ਟੀਮ ਨੇ ਦੋ ਸਾਲ ਬਾਅਦ ਵੀ ਖਿਤਾਬ ਨੂੰ ਬਰਕਰਾਰ ਰੱਖਿਆ। ਭਾਰਤੀ ਟੀਮ ਨੇ ਮਲੇਸ਼ੀਆ ਦੀ ਰਾਜਧਾਨੀ ਕੁਆਲਾਲੰਪੁਰ ਵਿਚ ਖੇਡੇ ਗਏ ਫਾਈਨਲ ਮੈਚ ਵਿਚ ਦੱਖਣੀ ਅਫਰੀਕਾ ਨੂੰ ਹਰਾ ਕੇ ਲਗਾਤਾਰ ਦੂਜੀ ਵਾਰ ਮਹਿਲਾ ਅੰਡਰ–19 ਟੀ–20 ਵਿਸ਼ਵ ਕੱਪ ਦਾ ਖਿਤਾਬ ਆਪਣੇ ਨਾਂ ਕੀਤਾ।

### ਵਿਸ਼ਵ ਚੈਂਪੀਅਨ ਟੀਮ ਇੰਡੀਆ 'ਤੇ ਵਰ੍ਹਿਆ ਪੈਸਿਆਂ ਦਾ ਮੀਂਹ

ਦਰਅਸਲ ਨਿਕੀ ਪ੍ਰਸਾਦ ਦੀ ਅਗਵਾਈ ਵਾਲੀ ਟੀਮ ਨੇ ਟੂਰਨਾਮੈਂਟ ਵਿਚ ਪਹਿਲਾਂ ਵੈਸਟਇੰਡੀਜ਼ ਨੂੰ ਹਰਾ ਕੇ ਆਪਣੀ ਮੁਹਿੰਮ ਦੀ ਸ਼ੁਰੂਆਤ ਜਿੱਤ ਨਾਲ ਕੀਤੀ ਅਤੇ ਟੀਮ ਨੇ ਟੂਰਨਾਮੈਂਟ ਦਾ ਅੰਤ ਵੀ ਜਿੱਤ ਨਾਲ ਕੀਤਾ। ਟੀਮ ਇੰਡੀਆ ਪੂਰੇ ਟੂਰਨਾਮੈਂਟ ਦੌਰਾਨ ਇਕ ਚੈਂਪੀਅਨ ਟੀਮ ਵਾਂਗ ਖੇਡੀ ਅਤੇ ਕੋਈ ਵੀ ਟੀਮ ਉਸ ਨੂੰ ਹਰਾਉਣ ਦੇ ਸਮਰੱਥ ਨਹੀਂ ਜਾਪਦੀ ਸੀ। ਹੁਣ ਅੰਡਰ–19 ਮਹਿਲਾ ਟੀ–20 ਵਿਸ਼ਵ ਕੱਪ ਜਿੱਤਣ ਵਾਲੀਆਂ ਭਾਰਤੀ ਧੀਆਂ ਨੂੰ ਬੀਸੀਸੀਆਈ ਤੋਂ ਇਨਾਮ ਮਿਲਿਆ ਹੈ। ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀਸੀਸੀਆਈ) ਨੇ ਨਿਕੀ ਪ੍ਰਸਾਦ ਦੀ ਅਗਵਾਈ ਵਾਲੀ ਭਾਰਤੀ ਟੀਮ ਦੀ ਜਿੱਤ 'ਤੇ ਖੁਸ਼ੀ ਪ੍ਰਗਟ ਕੀਤੀ ਅਤੇ ਉਸ ਲਈ ਇਨਾਮ ਦਾ ਐਲਾਨ ਕੀਤਾ।

ਬੀਸੀਸੀਆਈ ਨੇ ਇਹ ਜਾਣਕਾਰੀ ਐਕਸ 'ਤੇ ਦਿੱਤੀ ਤੇ ਖਿਤਾਬ ਜਿੱਤਣ 'ਤੇ ਟੀਮ ਇੰਡੀਆ ਨੂੰ 5 ਕਰੋੜ ਰੁਪਏ ਦਾ ਇਨਾਮ ਦੇਣ ਦਾ ਐਲਾਨ ਕੀਤਾ। ਇਨਾਮ ਟੀਮ ਦੇ ਸਾਰੇ 15 ਖਿਡਾਰੀਆਂ, ਮੁੱਖ ਕੋਚ ਨੁਸ਼ੀਨ ਅਲ ਖਾਦੀਰ ਅਤੇ ਬਾਕੀ ਸਹਾਇਕ ਸਟਾਫ ਵਿਚ ਵੰਡਿਆ ਜਾਵੇਗਾ। ਨੁਸ਼ੀਨ ਦੀ ਕੋਚਿੰਗ ਹੇਠ ਭਾਰਤ ਨੇ 2023 ਵਿਚ ਇਸੇ ਟੂਰਨਾਮੈਂਟ ਦੇ ਪਹਿਲੇ ਐਡੀਸ਼ਨ ਦਾ ਖਿਤਾਬ ਵੀ ਜਿੱਤਿਆ ਸੀ।

### ਬੀਸੀਸੀਆਈ ਪ੍ਰਧਾਨ ਰੋਜਰ ਬਿੰਨੀ ਨੇ ਵਿਸ਼ਵ ਚੈਂਪੀਅਨ ਧੀਆਂ ਨੂੰ ਦਿੱਤੀ ਵਧਾਈ

ਬੀਸੀਸੀਆਈ ਦੇ ਪ੍ਰਧਾਨ ਰੋਜਰ ਬਿੰਨੀ ਨੇ ਕਿਹਾ ਕਿ ਸਾਡੀਆਂ ਕੁੜੀਆਂ ਨੂੰ U19 ਮਹਿਲਾ ਵਿਸ਼ਵ ਕੱਪ ਬਰਕਰਾਰ ਰੱਖਣ ਲਈ ਵਧਾਈਆਂ। ਇਹ ਮਿਸਾਲੀ ਮੁਹਿੰਮ ਰਹੀ ਹੈ ਜਿਸ ਵਿਚ ਉਹ ਪੂਰੇ ਸਮੇਂ ਦੌਰਾਨ ਅਜੇਤੂ ਰੀਆਂ। ਅਸੀਂ ਕੱਲ੍ਹ ਰਾਤ ਨਮਨ ਐਵਾਰਡਾਂ ਵਿਚ ਉਨ੍ਹਾਂ ਦੇ ਪ੍ਰਦਰਸ਼ਨ ਬਾਰੇ ਗੱਲ ਕੀਤੀ ਸੀ ਤੇ ਅੱਜ ਉਨ੍ਹਾਂ ਨੇ ਸਾਨੂੰ ਸਾਰਿਆਂ ਨੂੰ ਮਾਣ ਦਿਵਾਇਆ ਹੈ। ਇਹ ਟਰਾਫੀ ਭਾਰਤ ਵਿੱਚ ਮਹਿਲਾ ਕ੍ਰਿਕਟ ਦੇ ਵਿਕਾਸ ਨੂੰ ਦਰਸਾਉਂਦੀ ਹੈ ਅਤੇ ਮੈਂ ਇਸ ਟੂਰਨਾਮੈਂਟ ਵਿੱਚ ਹਰੇਕ ਮੈਂਬਰ ਨੂੰ ਚਮਕਦਿਆਂ ਦੇਖ ਕੇ ਬਹੁਤ ਖੁਸ਼ ਹਾਂ। ਮੈਂ ਇੱਕ ਵਾਰ ਫਿਰ ਪੂਰੀ ਟੀਮ, ਕੋਚਾਂ ਅਤੇ ਸਹਾਇਕ ਸਟਾਫ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦੇਣਾ ਚਾਹੁੰਦੀ ਹਾਂ।

# ਪੰਜਾਬ ਦੀ ਵੇਟਲਿਫਟਰ ਮਹਿਕ ਨੇ ਤਿੰਨ ਕੌਮੀ ਰਿਕਾਰਡ ਤੋੜੇ




ਦੇਹਰਾਦੂਨ : ਪੰਜਾਬ ਦੀ ਵੇਟਲਿਫਟਰ ਮਹਿਕ ਸ਼ਰਮਾ ਨੇ ਅੱਜ ਇੱਥੇ 38ਵੀਆਂ ਕੌਮੀ ਖੇਡਾਂ ਵਿੱਚ ਤਿੰਨ ਕੌਮੀ ਰਿਕਾਰਡ ਤੋੜਦਿਆਂ ਸੋਨ ਤਗ਼ਮਾ ਜਿੱਤਿਆ। ਮਹਿਲਾ 87+ ਕਿਲੋ ਵਰਗ ਦੇ ਮੁਕਾਬਲੇ ਵਿੱਚ ਮਹਿਕ ਨੇ ਸਨੈਚ 'ਚ 106 ਕਿਲੋ ਭਾਰ ਚੁੱਕਦਿਆਂ ਆਪਣਾ ਹੀ 105 ਕਿਲੋ ਦਾ ਪਿਛਲਾ ਰਿਕਾਰਡ ਤੋੜ ਦਿੱਤਾ। ਇਸੇ ਤਰ੍ਹਾਂ ਉਸ ਨੇ ਆਪਣੀ ਆਖਰੀ ਕਲੀਨ–ਐਂਡ–ਜਰਕ ਕੋਸ਼ਿਸ਼ ਵਿੱਚ 141 ਕਿਲੋ ਭਾਰ ਚੁੱਕ ਕੇ ਆਪਣੇ 140 ਕਿਲੋ ਦੇ ਕੌਮੀ ਰਿਕਾਰਡ ਨੂੰ ਬਿਹਤਰ ਕੀਤਾ। ਉਸ ਨੇ ਕੁੱਲ 247 ਕਿਲੋ ਭਾਰ ਚੁੱਕਿਆ ਅਤੇ ਇਹ ਵੀ ਕੌਮੀ ਰਿਕਾਰਡ ਹੈ। ਪਿਛਲਾ 244 ਕਿਲੋ ਦਾ ਰਿਕਾਰਡ ਵੀ ਉਸੇ ਦੇ ਨਾਮ ਸੀ। ਇਸ ਤੋਂ ਇਲਾਵਾ ਪੁਰਸ਼ 109+ ਕਿਲੋ ਵਰਗ ਦੇ ਸਨੈਚ ਵਿੱਚ ਤਾਮਿਲ ਨਾਡੂ ਦੇ ਐੱਸ ਰੁਦਰਮਾਇਣ ਨੇ ਵੀ 175 ਕਿਲੋ ਭਾਰ ਚੁੱਕ ਕੇ ਕੌਮੀ ਰਿਕਾਰਡ ਤੋੜਿਆ। ਪਿਛਲਾ 172 ਕਿਲੋ ਦਾ ਰਿਕਾਰਡ ਰੇਲਵੇਜ਼ ਦੇ ਗੁਰਦੀਪ ਸਿੰਘ ਦੇ ਨਾਮ ਸੀ। ਹਾਲਾਂਕਿ ਰੁਦਰਮਾਇਣ ਕਲੀਨ ਐਂਡ ਜਰਕ ਵਿੱਚ ਲੈਅ ਬਰਕਰਾਰ ਨਹੀਂ ਰੱਖ ਸਕਿਆ ਅਤੇ ਕੁੱਲ 355 ਕਿਲੋ ਭਾਰ ਚੁੱਕ ਕੇ ਉਸ ਨੇ ਚਾਂਦੀ ਦਾ ਤਗ਼ਮਾ ਜਿੱਤਿਆ। ਸਰਵਿਸਿਜ਼ ਦੇ ਲਵਪ੍ਰੀਤ ਸਿੰਘ ਨੇ 367 ਕਿਲੋ ਨਾਲ ਸੋਨ ਤਗ਼ਮਾ ਆਪਣੇ ਨਾਮ ਕੀਤਾ।







